I N T E R N A T I O N A L
# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.30 / No.52
27 December, 2024
੧੩ ਪੋਹ ਨਾਨਕਸ਼ਾਹੀ ਸੰਮਤ ੫੫੬

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਕੈਨੇਡਾ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ
- ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ
- ਘਰਾਂ ਦੀ ਖਰੀਦੋ-ਫਰੋਖਤ
#102-9278, 120th Street
Surrey, BC V3V 4E8
Ph.: 604-589-1399
Fax : 604-589-1556
www.rohitapannulaw.com

## ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ





**11/12 POH 26/27 DECEMBER ੧੧/੧੨ ਪੋਹ - ੨੬/੨੭ ਦਸੰਬਰ**

ਸਾਹਿਬਜ਼ਾਦਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਪੇਸ਼ ਹੋਏ।



**13 POH 28 DECEMBER ੧੩ ਪੋਹ - ੨੮ ਦਸੰਬਰ**

ਸਾਹਿਬਜ਼ਾਦੇ ਜੋਰਾਵਰ ਸਿੰਘ ਜੀ, ਸਾਹਿਬਜ਼ਾਦੇ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ।



**14 POH 29 DECEMBER ੧੪ ਪੋਹ - ੨੯ ਦਸੰਬਰ**

ਸਾਹਿਬਜ਼ਾਦਾ ਜੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ।

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ਼ ਟੈਸਟ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
Lucky Sekhon, 604-614-5365
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ, ਸਾਕਾ ਸਰਹਿੰਦ ਮਨਾਇਆ ਜਾਵੇਗਾ ਅਤੇ ਸ: ਊਧਮ ਜੀ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ।
- ਚਾਰ ਅਖੰਡ ਸਾਹਿਬ ਅਰੰਭ ਹੋਣਗੇ।
  1. ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਸੰਗਤ ਵਲੋਂ ਸਾਹਿਬਜ਼ਾਦਿਆਂ ਦੀ ਯਾਦ ਵਿੱਚ
  2. ਭਾਈ ਗੁਰਨਿਰਵੈਰ ਸਿੰਘ ਅਤੇ ਭਾਈ ਦਿਲਬਾਗ਼ ਸਿੰਘ ਪਰਿਵਾਰ ਵਲੋਂ
  3. ਭਾਈ ਨਿਰੰਜਨ ਸਿੰਘ ਪਰਿਵਾਰ ਵਲੋਂ
  4. ਭਾਈ ਕਮਲਜੀਤ ਸਿੰਘ ਸਰਾ ਅਤੇ ਭਾਈ ਬਲਕਰਨ ਸਿੰਘ ਪਰਿਵਾਰ ਵਲੋਂ
- ਇਹ ਅਖੰਡਪਾਠ ਦਿਨ ਸ਼ੁੱਕਰਵਾਰ ਦਸੰਬਰ 27 ਨੂੰ 9:30 ਵਜੇ ਆਰੰਭ ਹੋਣਗੇ ਅਤੇ ਭੋਗ 29 ਦਸੰਬਰ ਦਿਨ ਐਤਵਾਰ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਅੰਤਮ ਸਸਕਾਰ 2:30 ਵਜੇ ਸਵ: ਬੀਬੀ ਭੁਪਿੰਦਰ ਕੌਰ ਗਰੇਵਾਲ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 4:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਸ਼ਨਿੱਚਰਵਾਰ 28 ਦਸੰਬਰ ਨੂੰ 9:30 ਵਜੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸੰਸਾਰ ਸਿੰਘ ਪਰਿਵਾਰ ਵਲੋਂ ਹੋਵੇਗੀ।
- ਅੰਤਮ ਸਸਕਾਰ ਸਵ: ਭਾਈ ਗੁਰਦੀਪ ਸਿੰਘ ਨੀਲ ਦਾ 10:00 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 12:00 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਐਤਵਾਰ ਦਸੰਬਰ 29 ਨੂੰ 10:00 ਵਜੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਸਤਵੀਰ ਕੌਰ ਅਟਵਾਲ ਪਰਿਵਾਰ ਵਲੋਂ ਆਪਣੇ ਪੋਤਰੇ ਦੇ ਜਨਮ ਦੀ ਖੁਸ਼ੀ ਵਿੱਚ ਹੋਵੇਗੀ।
- ਅੰਤਮ ਸੰਸਕਾਰ 11:00 ਵਜੇ ਸਵ: ਭਾਈ ਸਰਵਣ ਸਿੰਘ ਕੈਲਾ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 12:30 ਵਜੇ ਸ੍ਰੀ ਗੁਰੂ ਸਿੰਘ ਸਭਾ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਅੰਤਮ ਸੰਸਕਾਰ 3:00 ਵਜੇ ਸਵ: ਬੀਬੀ ਹਰਬੰਸ ਕੌਰ ਗਰੇਵਾਲ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 4:40 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- 3:30 ਵਜੇ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸਨਸਿੰਦਰ ਸਿੰਘ ਉਪਲ ਪਰਿਵਾਰ ਵਲੋਂ ਹੋਵੇਗੀ।
- ਦਸੰਬਰ 30 ਦਿਨ ਸੋਮਵਾਰ ਤਿੰਨ ਅਖੰਡਪਾਠ ਸਾਹਿਬ ਅਰੰਭ ਹੋਣਗੇ।
  1. ਨਗਰ ਮੁਦਕੀ ਦੀ ਸੰਗਤ ਵਲੋਂ ਮੁਦਕੀ ਦੀ ਜੰਗ ਦੇ ਸ਼ਹੀਦਾਂ ਦੀ ਯਾਦ ਵਿੱਚ
  2. ਭਾਈ ਕੁਲਦੀਪ ਸਿੰਘ ਐਕਸਾਵੇਟਿੰਗ ਦੇ ਸੇਵਾਦਾਰਾਂ ਵਲੋਂ
  3. ਟਿਪ-ਟੌਪ ਪੇਟਿੰਗ ਕੰਪਨੀ ਵਲੋਂ ਜਿਨ੍ਹਾਂ ਦੀ ਅਰੰਭਤਾ ਦਿਨ ਸੋਮਵਾਰ ਨੂੰ 9:30 ਵਜੇ ਹੋਵੇਗੀ ਅਤੇ ਭੋਗ 1 ਜਨਵਰੀ ਨੂੰ 9:30 ਵਜੇ ਪਾਏ ਜਾਣਗੇ। ਉਪਰੰਤ ਸਾਰਾ ਦਿਨ ਕੀਰਤਨ ਹੋਵੇਗਾ।
- 31 ਦਸੰਬਰ ਸ਼ਾਮ ਨੂੰ ਸਹਿਜਪਾਠ ਦੇ ਭੋਗ ਅਤੇ ਲੰਗਰਾਂ ਦੀ ਸੇਵਾ ਭਾਈ ਲਛਕਰ ਸਿੰਘ ਸੰਧੂ ਪਰਿਵਾਰ ਵਲੋਂ ਹੋਵੇਗੀ।

**ਰਾਗੀ ਜੱਥਾ :** ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਯਾਦਵਿੰਦਰ ਸਿੰਘ

**ਕਥਾਵਾਚਕ :** ਭਾਈ ਗੁਰਸ਼ਰਨ ਸਿੰਘ

**ਢਾਡੀ ਜਥਾ :** ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**


# ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਵਿਖੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ






ਰਿਚਮੰਡ (ਬਲਵੰਤ ਸਿੰਘ ਸੰਘੇੜਾ): ਬੀਤੇ ਐਤਵਾਰ ਨੂੰ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ, ਨੰਬਰ ਪੰਜ ਰੋਡ ,ਰਿਚਮੰਡ ਵਿਖੇ ਸਾਹਿਬਜਾਦਾ ਬਾਬਾ ਅਜੀਤ ਸਿੰਘ ਅਤੇ ਸਾਹਿਬਜਾਦਾ ਬਾਬਾ ਜੁਝਾਰ ਸਿੰਘ ਜੀ ਦਾ ਸ਼ਹੀਦੀ ਦਿਨ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਗੁਰੂ ਘਰ ਦੇ ਕੀਰਤਨੀ ਜਥੇ ਨੇ ਕੀਰਤਨ ਅਤੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਦਸੰਬਰ ਦਾ ਮਹੀਨਾਂ ਸਿੱਖ ਜਗਤ ਲਈ ਬਹੁਤ ਹੀ ਦੁੱਖ ਭਰੀਆਂ ਜਾਦਾਂ ਵਾਲਾ ਮਹੀਨਾਂ ਹੈ। ਦਸਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਹਿਬਜਾਦੇ ਅਤੇ ਮਾਤਾ ਗੁੱਜਰ ਕੌਰ ਜੀ ਇਸ ਮਹੀਨੇ ਸ਼ਹੀਦ ਕਰ ਦਿੱਤੇ ਗਏ।ਚਮਕੌਰ ਦੀ ਗੜ੍ਹੀ ਦੀਂ ਜੰਗ ਵਿਚ ਸਹਿਬਜਾਦਾ ਅਜੀਤ ਸਿੰਘ ਅਤੇ ਸਾਹਿਬਜਾਦਾ ਜੁਝਾਰ ਸਿੰਘ ਸ਼ਹੀਦ ਹੋ ਗਏ । ਚਮਕੌਰ ਦੀ ਗੜ੍ਹੀ ਦੀ ਜੰਗ ਦੁਨੀਆਂ ਦੀਆਂ ਬਹੁਤ ਹੀ ਮਹੱਤਵ ਪੂਰਨ ਜੰਗਾਂ ਵਿਚ ਗਿਣੀ ਜਾਂਦੀ ਹੈ।ਕੁਝ ਦੇਰ ਬਾਂਅਦ ਦਸੰਬਰ ਵਿਚ ਹੀ ਛੋਟੇ ਸਹਿਬਜਾਦੇ-ਬਾਬਾ ਜੁਝਾਰ ਸਿੰਘ ਅਤੇ ਬਾਬਾ ਫਤਿਹ ਸਿੰਘ -ਸਰਹੰਦ ਵਿਖੇ ਸ਼ਹੀਦੀ ਪ੍ਰਾਪਤ ਕਰ ਗਏ । ਇਹ ਬਹੁਤ ਹੀ ਦੁਖ ਵਾਲੀ ਗੱਲ ਹੈ ਕਿ ਜਿਹਨਾਂ ਪਹਾੜੀ ਰਾਜਿਆਂ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਜੀ ਨੇ ਗਵਾਲੀਆਂਰ ਦੇ ਕਿਲੇ ਦੀ ਜੇਲ੍ਹ ਵਿਚੋਂ ਰਿਹਾ ਕਰਾਇਆ ਸੀ ਉਹਨਾਂ ਦੀ ਔਲਾਦ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਦੁਸ਼ਮਣ ਬਣ ਗਈ ਅਤੇ ਗੁਰੂ ਜੀ ਦੇ ਖਿਲਾਫ ਔਰੰਗਜੇਬ ਦਾ ਸਾਥ ਦਿੱਤਾ। ਇਸੇ ਹੀ ਤਰ੍ਹਾਂ ਗੁਰੂ ਜੀ ਦੇ ਰਸੋਈਏ ਗੰਗੂ ਜਿਸ ਦੇ ਬਜੁਰਗਾਂ ਦੀ ਬੇਨਤੀ ਨੂੰ ਮੰਨਦੇ ਹੋਏ ਨੌਵੇਂ ਪਾਤਸ਼ਾਹ ਗੁਰੁ ਤੇਗ ਬਹਾਦਰ ਜੀ ਨੇ ਸ਼ਹੀਦੀ ਦਿਤੀ ਸੀ ਉਸ ਨੇ ਹੀ ਮਾਤਾ ਜੀ ਅਤੇ ਛੋਟੇ ਸਾਹਿਬਜਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨਾਲ ਦਗਾ ਕੀਤਾ।ਸਿੱਖ ਜਗਤ ਦੇ ਇਸ ਦੁੱਖ ਭਰੇ ਇਤਿਹਾਸ ਵਿਚ ਗੁਰੂ ਜੀ ਦੇ ਕੁੱਝ ਪ੍ਰੇਮੀਆਂ ਨੇ ਇਸ ਦੁੱਖ ਭਰੇ ਸਮੇਂ ਬਹੁਤ ਹੀ ਸ਼ਲਾਘਾ ਯੋਗ ਯੋਗਦਾਨ ਭੀ ਪਾਇਆ। ਇਹਨਾਂ ਵਿਚ ਮਲੇਰਕੋਟਲਾ ਦੇ ਨਵਾਬ ਸ਼ੇਰ ਖਾਂ , ਮੋਤੀ ਲਾਲ ਮਹਿਰਾ ਅਤੇ ਟੋਡਰ ਮੱਲ ਜੀ ਦੇ ਨਾਂਮ ਵਰਨਣ ਯੋਗ ਹਨ।ਇਹ ਸਭ ਸਾਡੇ ਧੰਨਵਾਦ ਦੇ ਪਾਤਰ ਹਨ। 22 ਦਸੰਬਰ, ਦਿਨ ਐਤਵਾਰ ਨੂੰ ਸੰਗਤਾਂ ਨੇ ਭਾਰੀ ਗਿਣਤੀ ਵਿਚ ਗੁਰੂ ਘਰ ਵਿਖੇ ਪਹੁੰਚ ਕੇ ਕੌਮ ਦੇ ਇਹਨਾਂ ਬਹੁਤ ਹੀ ਸਤਿਕਾਰ ਯੋਗ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਅੰਤ ਵਿਚ ਦਾਸ (ਬਲਵੰਤ ਸਿੰਘ ਸੰਘੇੜਾ ) ਨੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਗੁਰਦਵਾਰਾ ਸਾਹਿਬ ਦੇ ਕੀਰਤਨੀ ਜਥੇ, ਬੀਬੀਆਂ ਦਾ ਲੰਗਰ ਦੀ ਸੇਵਾ ਲਈ , ਸੇਵਾਦਾਰਾਂ ਅਤੇ ਸੰਗਤਾਂ ਦਾ ਧਨੰਵਾਦ ਕੀਤਾ। ਇਸ ਪਿਛੋਂ ਸਭ ਨੇ ਲੰਗਰ ਦਾ ਆਨੰਦ ਮਾਣਿਆ।

# ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦਾ ਦਿਹਾਂਤ



**ਨਵੀਂ ਦਿੱਲੀ, (ਪਰਮਜੀਤ ਸਿੰਘ):** ਦਿੱਲੀ ਦੇ ਏਮਜ਼ ਹਸਪਤਾਲ ਵਿੱਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ 92 ਸਾਲ ਦੀ ਉਮਰ ਵਿੱਚ ਆਪਣਾ ਆਖਰੀ ਸਾਹ ਲਿਆ। ਉਨ੍ਹਾਂ ਦੇ ਦਿਹਾਂਤ ਨਾਲ ਪੂਰੇ ਦੇਸ਼ ਵਿੱਚ ਸ਼ੋਕ ਦੀ ਲਹਿਰ ਦੌੜ ਗਈ। ਡਾ: ਮਨਮੋਹਨ ਸਿੰਘ 2004 ਤੋਂ 2014 ਤੱਕ ਭਾਰਤ ਦੇ ਪ੍ਰਧਾਨ ਮੰਤਰੀ ਰਹੇ।

ਡਾ: ਮਨਮੋਹਨ ਸਿੰਘ ਦਾ ਜਨਮ 26 ਸਤੰਬਰ 1932 ਨੂੰ ਪਾਕਿਸਤਾਨ ਦੇ ਗਾਹ ਪਿੰਡ ਵਿੱਚ ਹੋਇਆ ਸੀ। ਉਹ ਸਿੱਖ ਸਮਾਜ ਦੇ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਤੌਰ ਤੇ ਸੇਵਾ ਨਿਭਾਈ। ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਦੇਸ਼ ਨੂੰ ਆਰਥਿਕ ਮੰਦਭਾਗ ਤੋਂ ਬਾਹਰ ਕੱਢਣ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ। 1991 ਵਿੱਚ ਵਿੱਤ ਮੰਤਰੀ ਦੇ ਤੌਰ ਤੇ ਉਹਨਾਂ ਦੇ ਲਿਆਂਦੇ ਗਏ ਆਰਥਿਕ ਸੁਧਾਰਾਂ ਨੇ ਭਾਰਤੀ ਅਰਥਵਿਵਸਥਾ ਨੂੰ ਨਵੀਂ ਦਿਸ਼ਾ ਦਿੱਤੀ ਸੀ।

ਡਾ: ਮਨਮੋਹਨ ਸਿੰਘ ਨੂੰ 13 ਅਕਤੂਬਰ 2021 ਨੂੰ ਬੁਖਾਰ ਅਤੇ ਕਮਜ਼ੋਰੀ ਦੀ ਸ਼ਿਕਾਇਤ ਤੋਂ ਬਾਅਦ ਦਿੱਲੀ ਦੇ ਏਮਜ਼ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਉਹ ਬੁਖਾਰ ਤੋਂ ਤੰਦਰੁਸਤ ਹੋ ਗਏ ਸਨ, ਪਰ ਉਮਰ ਅਤੇ ਕਮਜ਼ੋਰੀ ਦੇ ਕਾਰਨ ਉਹ ਪੂਰੀ ਤਰ੍ਹਾਂ ਸਿਹਤਯਾਬ ਨਹੀਂ ਹੋ ਸਕੇ। ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਦੀ ਸਿਹਤ ਵਿੱਚ ਗੰਭੀਰ ਗਿਰਾਵਟ ਆ ਰਹੀ ਸੀ, ਜਿਸ ਕਾਰਨ ਉਨ੍ਹਾਂ ਦਾ ਇਲਾਜ ਜਾਰੀ ਸੀ।

ਡਾ: ਮਨਮੋਹਨ ਸਿੰਘ ਦੀ ਲੀਡਰਸ਼ਿਪ ਦੌਰਾਨ ਭਾਰਤ ਨੇ ਅਰਥਿਕ ਮੋਰਚੇ 'ਤੇ ਕਈ ਵੱਡੇ ਕੰਮ ਕੀਤੇ। ਉਹ ਸਾਧਗੀ, ਇਮਾਨਦਾਰੀ ਅਤੇ ਸੁਸ਼ਾਸਨ ਲਈ ਪ੍ਰਸਿੱਧ ਸਨ। ਉਨ੍ਹਾਂ ਨੇ ਵਿਸ਼ਵ ਪੱਧਰ 'ਤੇ ਭਾਰਤ ਨੂੰ ਇੱਕ ਮਜ਼ਬੂਤ ਅਰਥਵਿਵਸਥਾ ਦੇ ਰੂਪ ਵਿੱਚ ਸਥਾਪਿਤ ਕੀਤਾ।

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼

AKASH SABLOK & TARLOK SABLOK
ਸਬਲੋਕ ਐਂਡ ਸਬਲੋਕ 604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...

Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ

ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

# ਬੀ. ਸੀ. ਖਾਲਸਾ ਦਰਬਾਰ ਸੁਸਾਇਟੀ

7749 Prince Edward Street ,Vancouver ,B.C.V5X 0A3 604-325-2290 ,FAX :604-325-2260




## ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

# ਪ੍ਰਕਾਸ਼ ਪੁਰਬ

## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਹੋਣ ਜੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਮਾਗਮ ਹੇਠ ਲਿਖੇ ਅਨੁਸਾਰ ਹੋਣਗੇ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ : 3 ਜਨਵਰੀ, ਸ਼ੁੱਕਰਵਾਰ ਸਵੇਰੇ 8:00 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ : 5 ਜਨਵਰੀ ਐਤਵਾਰ ਸਵੇਰੇ 9:00 ਵਜੇ**

ਉਪਰੰਤ ਦੁਪਹਿਰ 1:00 ਵਜੇ ਤੱਕ ਗੁਰਮਤਿ ਦੀਵਾਨ ਸੱਜਣਗੇ । ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਉਪਰੋਕਤ ਸਮਾਗਮਾਂ ਵਿੱਚ ਹਾਜ਼ਰੀਆਂ ਭਰੋ ਜੀ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

- 31 ਦਸੰਬਰ 2024 ਸ਼ਾਮ 6 ਵਜੇ ਤੋਂ ਲੈ ਕੇ ਰਾਤ 12 ਵਜੇ ਤੱਕ ਦੀਵਾਨ ਸਜਣਗੇ।
- 1 ਜਨਵਰੀ 2025 ਨਵੇਂ ਸਾਲ ਦੇ ਦਿਨ ਸਵੇਰ ਤੋਂ ਲੈ ਕੇ ਸ਼ਾਮ ਤੱਕ ਸਾਰਾ ਦਿਨ ਦੀਵਾਨ ਸਜਣਗੇ।
- ਹਰ ਮੰਗਲਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਦੇ ਜਥੇ ਵਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ।
- ਗੁਰਦੁਆਰਾ ਸਾਹਿਬ ਵਿਖੇ ਪੰਜਾਬੀ ਦੀਆਂ ਕਲਾਸਾਂ ਤੇ ਕੀਰਤਨ ਸਿਖਲਾਈ ਦੀਆਂ ਕਲਾਸਾਂ ਚੱਲ ਰਹੀਆਂ ਹਨ ਜੀ।
- ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ 10 ਤੋਂ 12 ਵਜੇ ਤੱਕ ਅਤੇ ਸ਼ਾਮ 5:00 ਤੋਂ 7:30 ਵਜੇ ਤੱਕ ਦੀਵਾਨ ਸਜਦੇ ਹਨ। ਸੰਗਤਾਂ ਨੂੰ ਬੇਨਤੀ ਹੈ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਜੀ।

**ਪ੍ਰੋਗਰਾਮ ਬੁੱਕ ਕਰਵਾਉਣ ਲਈ ਜਾਂ ਕੋਈ ਹੋਰ ਜਾਣਕਾਰੀ ਲੈਣ ਲਈ ਸੰਪਰਕ ਕਰੋ**

**ਗਿਆਨੀ ਸੁਖਵੰਤ ਸਿੰਘ : 236-688-7264, 604-325-2290**

**ਮੁੱਖ ਸੇਵਾਦਾਰ : ਸ. ਅਮਰਜੀਤ ਸਿੰਘ, 604-808-6224,**

**ਸਕੱਤਰ : ਸ: ਇੰਦਰਮੋਹਨ ਸਿੰਘ 604-725-9828**

ੴ ਸਤਿਗੁਰ ਪ੍ਰਸਾਦਿ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ, ਘੱਲੇ ਆਵੇ ਨਾਨਕਾ ਸਦੇ ਉਠੀ ਜਾਇ।



ਸਰਦਾਰ ਬਾਲ ਸਿੰਘ ਜੱਜ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਪਿਤਾ ਜੀ

**ਸਰਦਾਰ ਬਾਲ ਸਿੰਘ ਜੱਜ**

ਜਿਨ੍ਹਾਂ ਦਾ ਪਿਛਲਾ ਪਿੰਡ ਪੰਡੋਰੀ ਕੱਦ ਜ਼ਿਲ੍ਹਾ ਹੁਸ਼ਿਆਰਪੁਰ
ਜੋ ਹੁਣ ਸਰੀ ਵਿਖੇ ਆਪਣੇ ਪਰਿਵਾਰ ਨਾਲ ਲੰਮੇ ਸਮੇਂ ਤੋਂ ਰਹਿ ਰਹੇ ਸਨ, ਮੰਗਲਵਾਰ
18 ਦਸੰਬਰ 2024 ਨੂੰ ਅਕਾਲ ਚਲਾਣਾ ਕਰ ਗਏ ਹਨ, ਉਨ੍ਹਾਂ ਦਾ

**ਅੰਤਿਮ ਸੰਸਕਾਰ**

28 ਦਸੰਬਰ ਦਿਨ ਸ਼ਨੀਵਾਰ ਨੂੰ ਦੁਪਹਿਰ 2:00 ਵਜੇ
ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ

**ਸਹਿਜਪਾਠ ਦੇ ਭੋਗ**


ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਵੈਨਕੂਵਰ
ਵਿਖੇ ਸ਼ਾਮ 4:00 ਵਜੇ ਪਾਏ ਜਾਣਗੇ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ

ਮਨਜੀਤ ਸਿੰਘ ਜੱਜ (ਪੁੱਤਰ) 604-375-6488 | ਰਣਜੀਤ ਸਿੰਘ ਸੋਹਲ (ਜਵਾਈ) 778-389-8732 | ਸੋਹਣ ਸਿੰਘ ਕੰਗ (ਜਵਾਈ) 604-720-2034


# ਸਿੱਖਿਆ ਨੀਤੀ ਵਿਰੁੱਧ ਰੋਸ ਪ੍ਰਦਰਸ਼ਨ ਦੌਰਾਨ ਵਾਪਰੇ ਹਾਦਸੇ ਵਿੱਚ ਟਰੈਕਟਰ ਸਵਾਰ ਮਲਕੀਤ ਸਿੰਘ ਗ੍ਰਿਫ਼ਤਾਰ, ਤਿੰਨ ਦੋਸ਼ ਲਗੇ

ਵੈਨਕੂਵਰ (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਵਿੱਚ ਸਿੱਖਿਆ ਨੀਤੀਆਂ ਵਿਰੁੱਧ ਮੁਜ਼ਾਹਰਿਆਂ ਦੌਰਾਨ ਵਾਪਰੇ ਇੱਕ ਗੰਭੀਰ ਹਾਦਸੇ ਵਿੱਚ 54 ਸਾਲ ਦੇ ਮਲਕੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।



ਆਰ.ਸੀ.ਐਮ.ਪੀ. ਮੁਤਾਬਕ, ਮਲਕੀਤ ਸਿੰਘ ਉੱਤੇ ਪੁਲਿਸ ਤੋਂ ਭੱਜਣ, ਖਤਰਨਾਕ ਤਰੀਕੇ ਨਾਲ ਡਰਾਈਵ ਕਰਨ ਅਤੇ ਪੁਲਿਸ ਅਧਿਕਾਰੀ 'ਤੇ ਹਥਿਆਰ ਨਾਲ ਹਮਲਾ ਕਰਨ ਦੇ ਦੋਸ਼ ਲਗਾਏ ਗਏ ਹਨ। ਇਹ ਮਾਮਲਾ ਚਿਲੀਵੈਕ ਤੋਂ ਵੈਨਕੂਵਰ ਤੱਕ ਜਾਂਦੇ ਕਾਫ਼ਲੇ ਦੌਰਾਨ ਵਾਪਰਿਆ, ਜਿੱਥੇ ਸੈਕਸ਼ੁਅਲ ਓਰੀਐਂਟੇਸ਼ਨ ਅਤੇ ਜੈਂਡਰ ਆਇਡੈਂਟਿਟੀ ਨੀਤੀਆਂ ਦੇ ਵਿਰੋਧ ਵਿੱਚ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਹੋ ਰਿਹਾ ਸੀ।

ਮਲਕੀਤ ਸਿੰਘ ਦਾ ਟਰੈਕਟਰ ਇਸ ਮੁਜ਼ਾਹਰੇ ਦੇ ਕਾਫ਼ਲੇ ਵਿੱਚ ਸ਼ਾਮਲ ਸੀ। 17 ਹਾਈਵੇਅ 'ਤੇ, ਮਲਕੀਤ ਸਿੰਘ ਦਾ ਟਰੈਕਟਰ ਅਤੇ ਬੀ.ਸੀ. ਹਾਈਵੇਅ ਪੈਟਰੋਲ ਦੀ ਗੱਡੀ ਦਰਮਿਆਨ ਟੱਕਰ ਹੋ ਗਈ। ਟੱਕਰ ਦੌਰਾਨ, ਮਲਕੀਤ ਸਿੰਘ ਗੰਭੀਰ ਜ਼ਖਮੀ ਹੋਏ, ਜਦਕਿ ਇੱਕ ਪੁਲਿਸ ਅਧਿਕਾਰੀ ਨੂੰ ਮਾਮੂਲੀ ਸੱਟਾਂ ਲੱਗੀਆਂ। ਇਹ ਦ੍ਰਿਸ਼ ਲੋਕਾਂ ਵੱਲੋਂ ਆਪਣੇ ਫੋਨ ਨਾਲ ਫ਼ਿਲਮਾਇਆ ਗਿਆ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ।

ਇੰਡੀਪੈਂਡੈਂਟ ਇਨਵੈਸਟਿਗੇਸ਼ਨ ਆਫ਼ਿਸ ਨੇ ਇਸ ਹਾਦਸੇ ਦੀ ਪੜਤਾਲ ਕੀਤੀ ਅਤੇ ਫਰਵਰੀ 2024 ਵਿੱਚ ਪੁਲਿਸ ਨੂੰ ਕਲੀਨ ਚਿੱਟ ਦਿੱਤੀ। ਹਾਲਾਂਕਿ, ਦਸੰਬਰ ਵਿੱਚ ਮਲਕੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਦੋਸ਼ ਲਗਾਏ ਗਏ। ਉਹਨੂੰ ਸਰੀ ਪ੍ਰੋਵਿੰਸ਼ੀਅਲ ਕੋਰਟ ਵਿੱਚ 16 ਜਨਵਰੀ ਨੂੰ ਪੇਸ਼ ਕੀਤਾ ਜਾਵੇਗਾ।

ਮੁਜ਼ਾਹਰੇ ਸੈਕਸ਼ੁਅਲ ਓਰੀਐਂਟੇਸ਼ਨ ਐਂਡ ਜੈਂਡਰ ਆਇਡੈਂਟਿਟੀ (SOGI 123) ਨੀਤੀਆਂ ਦੇ ਵਿਰੋਧ ਵਿੱਚ ਹੋ ਰਹੇ ਹਨ। SOGI 123 ਦੇ ਮੁਲਕ-ਪੱਧਰੀ ਵਰਤੋਂਕਰਾਂ ਦਾ ਮਕਸਦ ਸਕੂਲਾਂ ਵਿੱਚ ਬਰਾਬਰੀ ਅਤੇ ਸ਼ਾਮਿਲੀਅਤ ਨੂੰ ਯਕੀਨੀ ਬਣਾਉਣਾ ਹੈ। ਹਾਲਾਂਕਿ, ਬਹੁਤ ਸਾਰੇ ਲੋਕ, ਖਾਸ ਕਰਕੇ ਦੱਖਣ ਏਸ਼ੀਆਈ ਭਾਈਚਾਰੇ ਦੇ ਮੈਂਬਰ, ਇਸ ਨੀਤੀ ਨੂੰ ਗਲਤ ਕਹਿ ਰਹੇ ਹਨ ਅਤੇ ਇਸ ਨੂੰ ਬੱਚਿਆਂ ਲਈ ਮਾੜਾ ਦੱਸ ਰਹੇ ਹਨ। This report was written by Ekjot Singh as part of the Local Journalism Initiative.


HOMELAND MORTGAGE CORP.

ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।

- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੋਰਟਗੇਜ
- ਕੰਸਟਰਕਸ਼ਨ ਮੋਰਟਗੇਜ
- ਪ੍ਰਾਈਵੇਟ ਮੋਰਟਗੇਜ
- ਸੈਕੰਡ ਅਤੇ ਥਰਡ ਮੋਰਟਗੇਜ




Kuldip Panesar
Mortgage Consultant
Cell :604-308-6839

PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com



YOUR NEIGHBOURHOOD LAYER

RISHI LAW CORPORATION



NARINDER RISHI
Barrister, Solicitor & Notary Public

Criminal Law
» Assault Charges
» Drug Charges
» Theft/Fraud
» Uttering Threats
» Driving Offences

Divorces Probate

All kind of Notary Services

Real Estate
» Purchase/ Sale of Property
» Mortgage / Line of Credit

Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa

Services offered in Punjabi, Hindi & English

Vancouver 6625, Fraser Street 604-322-5515 Email : nkrishi@yahoo.com | Two Locations to serve you | Surrey 604-505-6454 (By appointments only)





NEWTON DENTURE CLINIC INC.

Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਘਰ ਨੂੰ ਅੱਗ ਲੱਗਣ ਕਾਰਨ ਬਜ਼ੁਰਗ ਦੀ ਮੌਤ, ਇਕ ਔਰਤ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ

ਔਟਵਾ (ਏਕਜੋਤ ਸਿੰਘ): ਸਕਾਰਬ੍ਰੋਅ ਵਿਖੇ ਬੁੱਧਵਾਰ ਵੱਡੇ ਤੜਕੇ ਇਕ ਘਰ ਨੂੰ ਅੱਗ ਲੱਗਣ ਕਾਰਨ 80 ਸਾਲ ਦੇ ਇਕ ਬਜ਼ੁਰਗ ਦੀ ਮੌਤ ਹੋ ਗਈ, ਜਦਕਿ 79 ਸਾਲ ਦੀ ਔਰਤ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਹਾਦਸੇ ਨੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਪੈਦਾ ਕਰ ਦਿੱਤੀ।

ਟੋਰਾਂਟੋ ਪੁਲਿਸ ਮੁਤਾਬਕ, ਐਮਰਜੈਂਸੀ ਸੇਵਾਵਾਂ ਨੂੰ ਸਵੇਰੇ ਬਰਚਮਾਊਂਟ ਰੋਡ ਅਤੇ ਹਾਈਵੇਅ 401 ਇਲਾਕੇ ਵਿੱਚ ਸਥਿਤ ਐਲਨਫਰਡ ਰੋਡ ਦੇ ਇਸ ਘਟਨਾ ਬਾਰੇ ਜਾਣਕਾਰੀ ਮਿਲੀ। ਫਾਇਰਫਾਈਟਰਸ ਤੁਰੰਤ ਘਟਨਾ ਸਥਾਨ ’ਤੇ ਪੁੱਜੇ ਅਤੇ ਅੱਗ ਬੁਝਾਉਣ ਦੇ ਯਤਨ ਕਰਨ ਲੱਗੇ। ਮਕਾਨ ਤੋਂ ਦੋ ਲੋਕਾਂ ਨੂੰ ਬਾਹਰ ਕੱਢਿਆ ਗਿਆ।

ਇਸ ਦੌਰਾਨ 80 ਸਾਲ ਦੇ ਬਜ਼ੁਰਗ ਦੀ ਮੌਕੇ ’ਤੇ ਹੀ ਮੌਤ ਹੋ ਗਈ। 79 ਸਾਲ ਦੀ ਔਰਤ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰੀ ਟੀਮ ਨੇ ਉਸ ਦੀ ਗੰਭੀਰ ਹਾਲਤ ਦੇ ਕਾਰਨ ਸਬੰਧਿਤ ਇਲਾਜ ਸ਼ੁਰੂ ਕੀਤਾ। ਇਸ ਹਾਦਸੇ ਦੌਰਾਨ ਇਕ ਫਾਇਰਫਾਈਟਰ ਨੂੰ ਵੀ ਫੇਫੜਿਆਂ ਵਿੱਚ ਸੰਘਣਾ ਧੂੰਆਂ ਜਾਣ ਕਰਕੇ ਮੌਕੇ ’ਤੇ ਹੀ ਪੈਰਾਮੈਡਿਕਸ ਵੱਲੋਂ ਇਲਾਜ ਮੁਹੱਈਆ ਕਰਵਾਉਣਾ ਪਿਆ।



ਜਾਣਕਾਰੀ ਮੁਤਾਬਕ, ਮਕਾਨ ਦੀ ਬੇਸਮੈਂਟ ਵਿੱਚ ਕਿਰਾਏ ’ਤੇ ਰਹਿੰਦੇ ਇਕ ਵਿਅਕਤੀ ਨੇ ਦੱਸਿਆ ਕਿ ਘਰ ਵਿੱਚ ਕੁੱਲ ਸੱਤ ਜਣੇ ਰਹਿੰਦੇ ਹਨ। ਇਹਨਾਂ ਵਿੱਚੋਂ ਕੁਝ ਪਰਿਵਾਰ ਦੇ ਮੈਂਬਰ ਉਪਰਲੇ ਮੰਜ਼ਿਲ ’ਤੇ ਰਹਿੰਦੇ ਸਨ। ਮਰਨ ਵਾਲਾ ਬਜ਼ੁਰਗ ਛੁੱਟੀਆਂ ਦੌਰਾਨ ਆਪਣੇ ਪਰਿਵਾਰ ਨਾਲ ਮਿਲਣ ਆਇਆ ਹੋਇਆ ਸੀ।

ਕਿਰਾਏਦਾਰ ਨੇ ਦੱਸਿਆ ਕਿ ਉਸ ਨੂੰ ਸਮੇਂ ਰਹਿੰਦੇ ਅੱਗ ਬਾਰੇ ਪਤਾ ਲੱਗ ਗਿਆ ਅਤੇ ਉਹ ਸੁਰੱਖਿਅਤ ਤਰੀਕੇ ਨਾਲ ਬਾਹਰ ਨਿਕਲਣ ਵਿੱਚ ਸਫ਼ਲ ਰਿਹਾ। ਟੋਰਾਂਟੋ ਫਾਇਰ ਸਰਵਿਸ ਇਸ ਸਮੇਂ ਅੱਗ ਲੱਗਣ ਦੇ ਕਾਰਨਾਂ ਦੀ ਪੜਤਾਲ ਕਰ ਰਹੀ ਹੈ। This report was written by Ekjot Singh as part of the Local Journalism Initiative.

# ਗ਼ਜ਼ਲ ਮੰਚ ਅਤੇ ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਸ਼ਾਇਰ ਜਸਵਿੰਦਰ ਦਾ ਜਨਮ ਦਿਨ ਮਨਾਇਆ

**ਸਰੀ, (ਹਰਦਮ ਮਾਨ):** ਗ਼ਜ਼ਲ ਮੰਚ ਸਰੀ ਅਤੇ ਵੈਨਕੂਵਰ ਵਿਚਾਰ ਮੰਚ ਦੇ ਲੇਖਕ ਮਿੱਤਰਾਂ ਨੇ ਬੀਤੇ ਦਿਨੀਂ 'ਭਾਰਤੀ ਸਾਹਿਤ ਅਕਾਦਮੀ' ਅਵਾਰਡ ਹਾਸਲ ਕਰਨ ਵਾਲੇ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ ਨਾ਼ਲ ਸਨਮਾਨੇ ਜਾ ਚੁੱਕੇ ਨਾਮਵਰ ਸ਼ਾਇਰ ਜਸਵਿੰਦਰ ਦਾ ਜਨਮ ਦਿਨ ਮਨਾਇਆ। ਜਸਵਿੰਦਰ ਪਿਛਲੇ ਦਸ ਸਾਲ ਤੋਂ ਸਰੀ (ਕੈਨੇਡਾ) ਵਿਚ ਰਹਿ ਚੁੱਕੇ ਹਨ ਅਤੇ ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਹਨ। ਉਨ੍ਹਾਂ ਦੇ ਤਿੰਨ ਗ਼ਜ਼ਲ ਸੰਗ੍ਰਹਿ ‘ਕਾਲੇ ਹਰਫ਼ਾਂ ਦੀ ਲੋਅ’, ‘ਕੱਕੀ ਰੇਤ ਦੇ ਵਰਕੇ’ ਅਤੇ ‘ਅਗਰਬੱਤੀ’ ਛਪ ਚੁੱਕੇ ਹਨ। ‘ਅਗਰਬੱਤੀ’ ਨੂੰ 2014 ਵਿਚ ‘ਭਾਰਤੀ ਸਾਹਿਤ ਅਕਾਦਮੀ’ ਅਵਾਰਡ ਮਿਲ ਚੁੱਕਿਆ ਹੈ।



ਜਸਵਿੰਦਰ ਨੂੰ ਜਨਮ ਦਿਨ ‘ਤੇ ਮੁਬਾਰਕਬਾਦ ਦਿੰਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਜਸਵਿੰਦਰ ਦੀ ਸ਼ਾਇਰੀ ਅਸਲ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਰੂਹ ਦੀ ਆਵਾਜ਼ ਅਤੇ ਆਮ ਆਦਮੀ ਦੀਆਂ ਸਮੱਸਿਆਵਾਂ, ਦੁੱਖ ਦਰਦ, ਵਲਵਲੇ, ਸਮਾਜਿਕ ਸਰੋਕਾਰ ਅਤੇ ਵਿਸ਼ਵ ਵਰਤਾਰੇ ਦੀ ਖੂਬਸੂਰਤ ਪੇਸ਼ਕਾਰੀ ਹੈ। ਸਰੀ, ਵੈਨਕੂਵਰ ਦੇ ਸਾਹਿਤਕਾਰਾਂ ਅਤੇ ਵਿਸ਼ੇਸ਼ ਕਰ ਕੇ ਸ਼ਾਇਰਾਂ ਨੂੰ ਇਹ ਵਡੇਰਾ ਮਾਣ ਹੈ ਕਿ ਪਿਛਲੇ ਇਕ ਦਹਾਕੇ ਤੋਂ ਉਹ ਸਾਡੇ ਨਾ਼ਲ ਵਿਚਰ ਰਹੇ ਹਨ। ਉਨ੍ਹਾਂ ਦੀ ਆਮਦ ਨਾ਼ਲ ਇਸ ਖੇਤਰ ਦੀਆਂ ਸਾਹਿਤਕ ਸਰਗਰਮੀਆਂ ਨੂੰ ਵਿਸ਼ੇਸ਼ ਅਤੇ ਉਸਾਰੂ ਹੁਲਾਰਾ ਮਿਲਿਆ ਹੈ।

ਮੋਹਨ ਗਿੱਲ, ਰਾਜਵੰਤ ਰਾਜ, ਹਰਦਮ ਮਾਨ, ਅੰਗਰੇਜ਼ ਬਰਾੜ ਅਤੇ ਪ੍ਰੀਤ ਮਨਪ੍ਰੀਤ ਨੇ ਜਸਵਿੰਦਰ ਨੂੰ ਜਨਮ ਦਿਨ ਦੀ ਵਧਾਈ ਦਿੰਦਿਆਂ ਕਿਹਾ ਕਿ ਜਸਵਿੰਦਰ ਦੀ ਸ਼ਾਇਰੀ ਜਿਸ ਤਰ੍ਹਾਂ ਧੁਰ ਅੰਦਰ ਰੂਹ ਤੀਕ ਸਰਸ਼ਾਰ ਕਰ ਜਾਂਦੀ ਹੈ, ਉਸੇ ਤਰ੍ਹਾਂ ਹੀ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਮਿਲਾਪੜਾਪਣ ਵੀ ਮੋਹ ਲੈਂਦਾ ਹੈ। ਜਸਵਿੰਦਰ ਨੇ ਦੋਹਾਂ ਮੰਚਾਂ ਦੇ ਲੇਖਕਾਂ ਵੱਲੋਂ ਜਨਮ ਦਿਨ ‘ਤੇ ਮਾਣ ਦੇਣ ਲਈ ਸਭ ਦਾ ਧੰਨਵਾਦ ਕੀਤਾ ਅਤੇ ਆਪਣੀ ਸ਼ਾਇਰੀ ਨਾਲ ਮਹਿਫ਼ਿਲ ਮਹਿਕਣ ਲਾ ਦਿੱਤਾ। ਆਪਣੈ ਇਕ ਸ਼ਿਅਰ ਰਾਹੀਂ ਉਸ ਨੇ ਕਿਹਾ–

**‘ਮੈਂ ਇਨ੍ਹਾਂ ਬੇਜਾਨ ਸਫ਼ਿਆਂ 'ਤੇ ਜੋ ਅੱਖਰ ਲਿਖ ਰਿਹਾ ਹਾਂ**
**ਅਪਣੇ ਜ਼ਿੰਦਾ ਹੋਣ ਦਾ ਪ੍ਰਮਾਣ ਪੱਤਰ ਲਿਖ ਰਿਹਾ ਹਾਂ’**




# ਕਬੱਡੀ ਫੈਡਰੇਸ਼ਨ ਆਫ ਓਨਟੈਰੀਓ ਕਬੱਡੀ ਦੀ ਨਵੀਂ ਕਮੇਟੀ ਨੇ ਕਾਰਜ ਭਾਗ ਸੰਭਾਲਿਆ




ਬਰੈਂਪਟਨ, (ਹਰਦਮ ਮਾਨ)- ਕਬੱਡੀ ਫੈਡਰੇਸ਼ਨ ਆਫ ਓਨਟੈਰੀਓ ਕਬੱਡੀ ਦੀ ਸਿਰਮੌਰ ਸੰਸਥਾ ਵਜੋਂ ਜਾਣੀ ਜਾਂਦੀ ਹੈ। ਦੁਨੀਆ ਭਰ ਵਿੱਚ ਕਬੱਡੀ ਦੀ ਤਰੱਕੀ ਵਿੱਚ ਇਸ ਸੰਸਥਾ ਦਾ ਅਹਿਮ ਯੋਗਦਾਨ ਰਿਹਾ ਹੈ। ਬੀਤੇ ਦਿਨੀਂ ਕਬੱਡੀ ਫੈਡਰੇਸ਼ਨ ਆਫ ਓਨਟੈਰੀਓ ਦੀ ਅਹਿਮ ਮੀਟਿੰਗ ਹੋਈ ਜਿਸ ਵਿਚ ਸਾਲ 2025 ਲਈ ਸਰਬਸੰਮਤੀ ਨਾਲ ਚੁਣੀ ਗਈ ਕਮੇਟੀ ਨੂੰ ਕਾਰਜ ਭਾਗ ਸੰਭਾਲਿਆ ਗਿਆ।

ਨਵੀਂ ਚੁਣੀ ਗਈ ਕਮੇਟੀ ਵਿੱਚ ਬੰਤ ਨਿੱਝਰ ਚੇਅਰਮੈਨ, ਜੱਸੀ ਸਰਾਏ ਪ੍ਰਧਾਨ, ਜਰਨੈਲ ਮੰਡ ਉਪ ਪ੍ਰਧਾਨ, ਤੀਰਥ ਦਿਓਲ ਸਕੱਤਰ, ਮਨਜੀਤ ਗਹੋਤਰਾ ਖ਼ਜ਼ਾਨਚੀ, ਮਲਕੀਤ ਸਿੰਘ ਦਿਓਲ ਨਿਰਦੇਸ਼ਕ ਅਤੇ ਹਰਜਿੰਦਰ ਸਿੰਘ ਸੰਘੇੜਾ ਨਿਰਦੇਸ਼ਕ ਚੁਣੇ ਗਏ। ਜ਼ਿਕਰਯੋਗ ਹੈ ਕਿ ਚੁਣੇ ਗਏ ਸਾਰੇ ਅਹੁਦੇਦਾਰਾਂ ਦਾ ਕਬੱਡੀ ਖੇਤਰ ਵਿੱਚ ਕਈ ਦਹਾਕਿਆਂ ਦਾ ਤਜਰਬਾ ਹੈ।

# ਰਾਜਬੀਰ ਰਾਜੂ ਕਬੱਡੀ ਕਲੱਬ ਸਰੀ ਨੇ ਮਨਾਇਆ ਸ਼ਾਨਦਾਰ ਸਾਲਾਨਾ ਸਮਾਗਮ

**ਸਰੀ, (ਹਰਦਮ ਮਾਨ):** ਰਾਜਬੀਰ ਰਾਜੂ ਕਬੱਡੀ ਕਲੱਬ ਸਰੀ ਵੱਲੋਂ ਬੀਤੇ ਦਿਨੀਂ ਆਪਣਾ ਸਾਲਾਨਾ ਸਮਾਗਮ ਗਰੈਂਡ ਤਾਜ ਬੈਂਕੁਇਟ ਹਾਲ ਸਰੀ ਵਿਖੇ ਕਰਵਾਇਆ ਗਿਆ ਜਿਸ ਵਿੱਚ ਕਬੱਡੀ ਖਿਡਾਰੀਆਂ, ਕਬੱਡੀ ਨੂੰ ਪ੍ਰੇਮ ਕਰਨ ਵਾਲਿਆਂ ਅਤੇ ਕਬੱਡੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਸਰੀ ਦੀਆਂ ਅਹਿਮ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ।

ਕਲੱਬ ਦੇ ਰੂਹੇ-ਰਵਾਂ ਵਿੱਕੀ ਜੌਹਲ ਨੇ ਇਸ ਸਮਾਗਮ ਦੇ ਸ਼ੁਰੂ ਵਿੱਚ ਸਭ ਨੂੰ ਜੀ ਆਇਆਂ ਕਿਹਾ ਅਤੇ ਕਲੱਬ ਵੱਲੋਂ ਕੀਤੀਆਂ ਜਾ ਰਹੀਆਂ ਸਰਗਰਮੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਮਾਗਮ ਵਿੱਚ ਸਰੀ ਨਿਊਟਨ ਦੇ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਵਿਸ਼ੇਸ਼ ਤੌਰ ‘ਤੇ ਪਹੁੰਚੇ। ਉਹਨਾਂ ਕਲੱਬ ਦੇ ਯਤਨਾਂ ਅਤੇ ਕਲੱਬ ਵੱਲੋਂ ਕੀਤੀਆਂ ਜਾ ਰਹੀਆਂ ਸਰਗਰਮੀਆਂ ਦੀ ਭਰਪੂਰ ਪ੍ਰਸੰਸਾ





ਕਰਦਿਆਂ ਕਿਹਾ ਕਿ ਇਸ ਕਲੱਬ ਨੇ ਸਰੀ ਤੇ ਇਸ ਖੇਤਰ ਦੇ ਨੌਜਵਾਨਾਂ ਨੂੰ ਵਿਸ਼ੇਸ਼ ਤੌਰ ‘ਤੇ ਕਬੱਡੀ ਖੇਡ ਵੱਲ ਪ੍ਰੇਰਿਤ ਕਰਨ ਵਿਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਕਲੱਬ ਦਾ ਬਹੁਤ ਸ਼ਲਾਘਾਯੋਗ ਯਤਨ ਤੇ ਬਹੁਤ ਹੀ ਵਧੀਆ ਉਪਰਾਲਾ ਹੈ। ਉਹਨਾਂ ਕਿਹਾ ਕਿ ਉਹ ਇਸ ਕਲੱਬ ਦੀਆਂ ਇਸ ਸਰਗਰਮੀਆਂ ਤੋਂ ਬਹੁਤ ਹੀ ਖੁਸ਼ ਹਨ। ਸ. ਧਾਲੀਵਾਲ ਨੇ ਇਹ ਵਾਅਦਾ ਵੀ ਕੀਤਾ ਕਿ ਉਹ ਹਮੇਸ਼ਾ ਇਸ ਕਲੱਬ ਨੂੰ ਸਹਿਯੋਗ ਦਿੰਦੇ ਰਹਿਣਗੇ।

ਇਸ ਮੌਕੇ ਕਲੱਬ ਦੇ ਮੈਂਬਰਾਂ ਅਤੇ ਹਾਜਰ ਸ਼ਖ਼ਸੀਅਤਾਂ ਨੇ ਮਨੋਰੰਜਨਕ ਪ੍ਰੋਗਰਾਮ ਦਾ ਵੀ ਆਨੰਦ ਮਾਣਿਆ। ਇਸ ਪ੍ਰੋਗਰਾਮ ਲਈ ਵਿੱਕੀ ਜੌਹਲ ਤੋਂ ਇਲਾਵਾ ਮਨਜੀਤ ਲਾਲੀ, ਨਿੱਕਾ ਜਵੰਦਾ, ਪਿੰਕਾ ਪੱਡਾ, ਦਲੇਰ ਪੱਡਾ, ਇੰਦਰਜੀਤ ਬੁੱਟਰ, ਸਤਨਾਮ ਪੰਨੂ, ਟੋਨੀ ਸੰਧੂ, ਸੰਨੀ ਦਿਓਲ, ਰਿਕੀ, ਓਂਕਾਰ ਅਤੇ ਲੱਖਾ ਸਿੱਧਵਾਂ ਨੇ ਆਪਣਾ ਵਿਸ਼ੇਸ਼ ਸਹਿਯੋਗ ਦਿੱਤਾ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਪ੍ਰਸਿੱਧ ਮੰਚ ਸੰਚਾਲਕ ਲੱਖਾ ਸਿੱਧਵਾਂ ਨੇ ਬਹੁਤ ਹੀ ਖੂਬਸੂਰਤ ਢੰਗ ਨਾਲ ਕੀਤਾ। ਇਸ ਮੌਕੇ ਕਲੱਬ ਦੇ ਸਾਰੇ ਖਿਡਾਰੀਆਂ ਅਤੇ ਸਮਾਗਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਨੂੰ ਕਲੱਬ ਵੱਲੋਂ ਯਾਦਗਾਰੀ ਮੋਮੈਂਟ ਪ੍ਰਦਾਨ ਕੀਤੇ ਗਏ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ,
ਵਿਆਹ, ਜਨਮਦਿਨ ਜਾਂ ਹੋਰ
ਕਿਸੇ ਵੀ ਖੁਸ਼ੀ ਮੌਕੇ ‘ਤੇ
ਪਰਿਵਾਰਕ ਸੱਭਿਆਚਾਰਕ
ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861



Keep Smiling
Denture Clinic
Keep Smiling Denture Clinic
Complete Denture · Implant Denture · Partial Denture
Care Home Mobile S[illegible] [illegible]ਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ
ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ
ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ,
ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ
ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ
ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ
ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist
SEMCD CERTIFIED CLINICIAN LOWER SUCTION DENTURE
Book Your Appointment
778-600-0811 | 778-600-0810
6834 King George Blvd Surrey BC | 2644 Cyril St Abbotsford BC

ਇੰਟਰਨੈਸ਼ਨਲ
# ਪੰਜਾਬੀ ਟ੍ਰਿਬਿਊਨ
International
Punjabi Tribune

• **Rachhpal Singh Gill**
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurvinder Singh Dhaliwal**
Vancouver,
604-825-1550

• **Gurlal Singh**
Journalist,

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

**Printed & Published in Canada by :**
**International Punjabi Tribune Inc.**

**604-584-5577** (Office)
**punjabitribune**
**iptribune@gmail.com**
**www.punjabitribune.ca**
**punjabitribune**

**NOTICE TO ADVERTISER**
International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

*"ਕੈਨੇਡਾ ਇਸ ਸਮੇਂ ਕਈ ਤਰ੍ਹਾਂ ਦੀਆਂ ਚੁਣੌਤੀਆਂ ਦੇ ਦੌਰ ਵਿਚੋਂ ਲੰਘ ਰਿਹਾ ਹੈ। ਇੱਕ ਪਾਸੇ ਜੌਬਾਂ ਨਹੀਂ ਮਿਲਦੀਆਂ। ਜਿਹੜੀਆਂ ਮਿਲਦੀਆਂ ਵੀ ਹਨ ਉੱਥੇ ਘੱਟ ਮਜ਼ਦੂਰੀ 'ਤੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਰਿਹਾਇਸ਼ ਲਈ ਘਰਾਂ ਦੇ ਕਿਰਾਏ ਵਧ ਗਏ ਹਨ। ਮੁੱਲ ਖਰੀਦਣ ਵਾਲਿਆਂ ਨੂੰ ਵੀ ਹੁਣ ਇਹ ਘਰ ਵਾਰਾ ਨਹੀਂ ਖਾਂਦੇ। ਕਿਹਾ ਜਾ ਰਿਹਾ ਹੈ ਕਿ ਬਾਹਰੋਂ ਆਏ ਪਰਵਾਸੀਆਂ ਦੀ ਗਿਣਤੀ ਵਧ ਗਈ ਹੈ, ਇਸ ਲਈ ਘਰਾਂ ਦੀ ਕਿੱਲਤ ਹੋ ਗਈ ਹੈ। ਪਰ ਇਹ ਪੂਰਾ ਸੱਚ ਨਹੀਂ ਹੈ। ਘਰਾਂ ਦੀ ਇਸ ਸਮੱਸਿਆ ਦਾ ਕਾਰਨ ਪਿਛਲੇ ਕੁਝ ਦਹਾਕਿਆਂ ਦੌਰਾਨ ਸਰਕਾਰ ਦਾ ਸੋਸ਼ਲ ਹਾਊਸਿੰਗ ਦੇ ਸੈਕਟਰ ਤੋਂ ਵੱਖ ਹੋ ਜਾਣਾ ਹੈ। ਕਾਲਜਾਂ, ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀ ਰਿਹਾਇਸ਼ ਲਈ ਹੋਸਟਲਾਂ ਦੀ ਘਾਟ ਹੈ, ਜਿਸ ਕਾਰਨ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਕੈਂਪਸ ਤੋਂ ਬਾਹਰ ਦੀ ਅਬਾਦੀ ਵਿੱਚ ਘਰ ਕਿਰਾਏ 'ਤੇ ਲੈਣੇ ਪੈ ਰਹੇ ਹਨ। ਸਸਤੀਆਂ ਵਿਆਜ ਦਰਾਂ ਦੇ ਲਾਲਚ ਵਿੱਚ ਮਹਿੰਗੇ ਭਾਅ ਖਰੀਦੇ ਘਰਾਂ ਦੇ ਮਾਲਕ ਹੁਣ ਕਸੂਤੀ ਸਥਿਤੀ ਵਿੱਚ ਫਸੇ ਹੋਏ ਹਨ। ਮਕਾਨਾਂ ਦੀਆਂ ਕੀਮਤਾਂ ਦੋ ਢਾਈ ਲੱਖ ਥੱਲੇ ਆ ਗਈਆਂ ਹਨ ਤੇ ਮੌਰਗੇਜ ਵਧ ਗਈ ਹੈ।"*

# ਚੁਣੌਤੀਆਂ ਭਰੇ ਦੌਰ ਵਿੱਚੋਂ ਲੰਘ ਰਿਹਾ ਕੈਨੇਡਾ

**ਲਿਖਤ: ਮਲਵਿੰਦਰ**
**ਸੰਪਰਕ : 97795 - 91344**




ਕੈਨੇਡਾ ਵਿੱਚ ਵੱਖ-ਵੱਖ ਸਟੇਟਸ ਅਧੀਨ ਆ ਰਹੇ ਪਰਵਾਸੀਆਂ ਲਈ ਕੈਨੇਡਾ ਸਰਕਾਰ ਨਿੱਤ ਕੋਈ ਅਜਿਹਾ ਫਰਮਾਨ ਯਾਰੀ ਕਰ ਰਹੀ ਹੈ ਜਿਹੜਾ ਮਾਈਗ੍ਰੈਂਟਸ ਅੰਦਰ ਸਹਿਮ ਪੈਦਾ ਕਰਦਾ ਹੈ। ਕੁਝ ਸੋਸ਼ਲ ਮੀਡੀਆ ਉੱਪਰ ਸਰਗਰਮ ਚੈਨਲਾਂ ਦੀ ਭਰਮਾਰ ਇਹਨਾਂ ਫਰਮਾਨਾਂ ਨੂੰ ਹਊਆ ਬਣਾ ਕੇ ਪੇਸ਼ ਕਰਦੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਸਟਡੀ ਵੀਜ਼ੇ ਤੋਂ ਇਲਾਵਾ ਟੂਰਿਸਟ ਅਤੇ ਵਿਜ਼ਟਰ ਵੀਜ਼ੇ ਉੱਪਰ ਆਏ ਲੋਕਾਂ ਨੇ ਇੱਥੇ ਦਲਾਲੀ ਕਰਦੇ ਕੁਝ ਲੋਕਾਂ ਨੂੰ ਵੱਡੀਆਂ ਰਕਮਾਂ ਦੇ ਕੇ ਵਰਕ ਪਰਮਿਟ ਲੈ ਕੇ ਇੱਥੇ ਪੱਕੇ ਹੋਣ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਹਨ। ਕੁਝ ਨੇ ਅਜਿਹੇ ਹੀ ਦਲਾਲਾਂ ਰਾਹੀਂ ਰਿਫਿਊਜੀ ਦਾ ਸਟੇਟਸ ਹਾਸਲ ਕਰਨ ਲਈ ਫਾਈਲਾਂ ਲਗਵਾ ਦਿੱਤੀਆਂ ਹਨ। ਇੰਝ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਨਾਲ ਹੋਰ ਕੈਟਾਗਰੀ ਅਧੀਨ ਇੱਥੇ ਵੱਡੀ ਗਿਣਤੀ ਵਿੱਚ ਲੋਕ ਪਹੁੰਚ ਗਏ ਹਨ। ਨਤੀਜਾ ਇਹ ਹੋਇਆ ਹੈ ਕਿ ਇਹਨਾਂ ਨਵਿਆਂ ਲੋਕਾਂ ਲਈ ਕੋਈ ਜੌਬ ਨਹੀਂ ਹੈ। ਘਰ ਦਾ ਕਿਰਾਇਆ, ਗਰੌਸਰੀ ਅਤੇ ਹੋਰ ਜ਼ਰੂਰੀ ਖਰਚਿਆਂ ਲਈ ਵੀ ਮੁਥਾਜ ਹੋ ਗਏ ਹਨ। ਪਿਛਲੇ ਡੇਢ ਦੋ ਸਾਲਾਂ ਦੌਰਾਨ ਇੱਥੇ ਪਹੁੰਚਿਆਂ ਦੀ ਸਥਿਤੀ ਵੀ ਇਹ ਹੈ। ਬਦਲ ਵਜੋਂ ਕੁਝ ਔਰਤਾਂ, ਲੜਕੀਆਂ ਨੇ ਘਰਾਂ ਵਿੱਚ ਬੱਚੇ ਸਾਂਭਣ, ਸਫਾਈ ਕਰਨ ਤੇ ਘਰ ਦੇ ਹੋਰ ਕੰਮ ਕਰਨ ਲਈ ਵੀ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ। ਘਰ ਦੀ ਸਫਾਈ ਕਰਨ ਆਈ ਸੋਹਣੀ ਸੁਨੱਖੀ ਜਵਾਨ ਕੁੜੀ ਨੇ ਦੱਸਿਆ ਕਿ ਉਸ ਨੂੰ ਇੱਥੇ ਆਇਆਂ ਡੇਢ ਸਾਲ ਹੋ ਗਿਆ ਹੈ। ਪਹਿਲਾਂ ਕੋਈ ਜੌਬ ਸੀ, ਹੁਣ ਉਹ ਵੀ ਖੁਸ ਗਈ ਹੈ। ਉਸ ਤਰਲਾ ਲਿਆ ਕਿ ਮੈਨੂੰ ਹੋਰ ਘਰਾਂ ਦਾ ਕੰਮ ਵੀ ਦੁਆ ਦੇਵੋ। ਇਹ ਪੁੱਛਣ 'ਤੇ ਕਿ ਕਿੰਨੇ ਕੁ ਲੋਕ ਇਹ ਜੌਬ ਕਰ ਰਹੇ ਹਨ ਤਾਂ ਉਸ ਕਿਹਾ ਕਿ ਬਹੁਤ। ਹਾਲਾਂ ਕਿ ਗਿਣਤੀ ਦਾ ਕੋਈ ਅੰਕੜਾ ਉਸ ਕੋਲ ਨਹੀਂ ਸੀ। ਗੱਲ ਜਦੋਂ ਅੰਕੜਿਆਂ ਤੋਂ ਬਾਹਰ ਚਲੀ ਜਾਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਥਿਤੀ ਵਿਸਫੋਟਕ ਹੈ। ਕੁਝ ਲੋਕ ਤਾਂ ਮਜਬੂਰੀ ਵੱਸ ਲੜਕੀਆਂ ਦੇ ਗਲਤ ਧੰਦੇ ਵਿੱਚ ਪੈਣ ਦੀਆਂ ਗੱਲਾਂ ਵੀ ਕਰਦੇ ਹਨ। ਪਰ ਮੇਰੇ ਕੋਲ ਅਜਿਹਾ ਕੋਈ ਸਬੂਤ ਜਾਂ ਭਰੋਸਾ ਨਹੀਂ ਹੈ।

ਮਹਿੰਗਾ ਹੋ ਗਿਆ ਕੈਨੇਡਾ: ਕੈਨੇਡਾ ਵਿੱਚ ਮੰਦਵਾੜੇ ਦਾ ਦੌਰ ਚੱਲ ਰਿਹਾ ਹੈ। ਇੱਕ ਪਾਸੇ ਜੌਬਾਂ ਨਹੀਂ ਮਿਲਦੀਆਂ। ਜਿਹੜੀਆਂ ਮਿਲਦੀਆਂ ਵੀ ਹਨ ਉੱਥੇ ਘੱਟ ਮਜ਼ਦੂਰੀ 'ਤੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਰਿਹਾਇਸ਼ ਲਈ ਘਰਾਂ ਦੇ ਕਿਰਾਏ ਵਧ ਗਏ ਹਨ। ਮੁੱਲ ਖਰੀਦਣ ਵਾਲਿਆਂ ਨੂੰ ਵੀ ਹੁਣ ਇਹ ਘਰ ਵਾਰਾ ਨਹੀਂ ਖਾਂਦੇ।

ਕਿਹਾ ਜਾ ਰਿਹਾ ਹੈ ਕਿ ਬਾਹਰੋਂ ਆਏ ਪਰਵਾਸੀਆਂ ਦੀ ਗਿਣਤੀ ਵਧ ਗਈ ਹੈ, ਇਸ ਲਈ ਘਰਾਂ ਦੀ ਕਿੱਲਤ ਹੋ ਗਈ ਹੈ। ਪਰ ਇਹ ਪੂਰਾ ਸੱਚ ਨਹੀਂ ਹੈ। ਘਰਾਂ ਦੀ ਇਸ ਸਮੱਸਿਆ ਦਾ ਕਾਰਨ ਪਿਛਲੇ ਕੁਝ ਦਹਾਕਿਆਂ ਦੌਰਾਨ ਸਰਕਾਰ ਦਾ ਸੋਸ਼ਲ ਹਾਊਸਿੰਗ ਦੇ ਸੈਕਟਰ ਤੋਂ ਵੱਖ ਹੋ ਜਾਣਾ ਹੈ। ਕਾਲਜਾਂ, ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀ ਰਿਹਾਇਸ਼ ਲਈ ਹੋਸਟਲਾਂ ਦੀ ਘਾਟ ਹੈ, ਜਿਸ ਕਾਰਨ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਕੈਂਪਸ ਤੋਂ ਬਾਹਰ ਦੀ ਅਬਾਦੀ ਵਿੱਚ ਘਰ ਕਿਰਾਏ 'ਤੇ ਲੈਣੇ ਪੈ ਰਹੇ ਹਨ। ਇੱਕ ਹੋਰ ਮਹੱਤਵਪੂਰਨ ਕਾਰਨ ਸਮਰੱਥ ਲੋਕਾਂ ਅਤੇ ਛੋਟੇ ਇਨਵੈਸਟਰਾਂ ਦਾ ਵੱਡੀ ਪੱਧਰ 'ਤੇ ਘਰਾਂ ਦੀ ਮੰਡੀ ਵਿੱਚ ਪੈਸਾ ਲਾਉਣਾ ਹੈ। ਕੁਝ ਸਾਲ ਪਹਿਲਾਂ ਬੈਂਕਾਂ ਨੇ ਬਿਆਜ ਦਰਾਂ ਘਟਾ ਕੇ ਡੇਢ ਫੀਸਦੀ ਤਕ ਥੱਲੇ ਲੈ ਆਦੀਆਂ ਸਨ। ਨਤੀਜਾ ਇਹ ਹੋਇਆ ਕਿ ਲੋਕਾਂ ਨੇ ਇੱਕ ਤੋਂ ਵੱਧ ਘਰ ਖਰੀਦਣੇ ਸ਼ੁਰੂ ਕਰ ਦਿੱਤੇ। ਘਰਾਂ ਦੀਆਂ ਕੀਮਤਾਂ ਦੋ ਤੋਂ ਚਾਰ ਲੱਖ ਡਾਲਰ ਤਕ ਵਧ ਗਈਆਂ। ਇੰਝ ਮੰਡੀ ਦੇ ਸਮੁੱਚੇ ਵਿਹਾਰ ਵਿੱਚ ਉਛਾਲ ਆ ਗਿਆ ਤੇ ਮਹਿੰਗਾਈ ਆਮ ਬੰਦੇ ਦੀ ਪਹੁੰਚ ਤੋਂ ਬਾਹਰ ਹੋ ਗਈ। ਸਸਤੀਆਂ ਬਿਆਜ ਦਰਾਂ ਦੇ ਲਾਲਚ ਵਿੱਚ ਮਹਿੰਗੇ ਭਾਅ ਖਰੀਦੇ ਘਰਾਂ ਦੇ ਮਾਲਕ ਹੁਣ ਕਸੂਤੀ ਸਥਿਤੀ ਵਿੱਚ ਫਸੇ ਹੋਏ ਹਨ। ਮਕਾਨਾਂ ਦੀਆਂ ਕੀਮਤਾਂ ਦੋ ਢਾਈ ਲੱਖ ਥੱਲੇ ਆ ਗਈਆਂ ਹਨ ਤੇ ਮੌਰਗੇਜ ਵਧ ਗਈ ਹੈ।

ਵਿਕਸਿਤ ਪੂਜੀਵਾਦ ਦੇ ਸਾਈਡ ਇਫੈਕਟ: ਅੱਜ ਤੋਂ ਦੋ-ਤਿੰਨ ਦਹਾਕੇ ਪਹਿਲਾਂ ਇੱਥੇ ਗੈਸ-ਸਟੇਸ਼ਨਾਂ 'ਤੇ ਬਹੁਤ ਸਾਰੇ ਪੰਜਾਬੀ ਪਾਈਪ ਫੜ ਕੇ ਕਾਰਾਂ ਦੀਆਂ ਟੈਂਕੀਆਂ ਭਰਦੇ ਆਮ ਨਜ਼ਰ ਆਉਂਦੇ ਸਨ। ਹੌਲੀ ਹੌਲੀ ਇਹਨਾਂ ਕਾਮਿਆਂ ਦੀ ਜਗ੍ਹਾ ਮਸ਼ੀਨਾਂ ਨੇ ਲੈ ਲਈ। ਹੁਣ ਗੈਸ ਸਟੇਸ਼ਨ 'ਤੇ ਕਾਰ ਰੁਕਦੀ ਹੈ। ਬੰਦਾ ਬਾਹਰ ਨਿਕਲਦਾ ਹੈ। ਆਪਣਾ ਕਾਰਡ ਸਕੈਨ ਕਰ ਪਾਈਪ ਫੜ ਤੇਲ ਪਾ ਕੇ ਚਲਦਾ ਬਣਦਾ ਹੈ। ਸਕਿਉਰਿਟੀ ਗਾਰਡ ਦੀ ਥਾਂ ਵੀ ਮਸ਼ੀਨਾਂ ਨੇ ਲੈ ਲਈ ਹੈ। ਵੇਅਰ ਹਾਊਸਾਂ ਵਿੱਚ ਕੰਮ ਕਰਦੀ ਲੇਬਰ ਦਾ ਹੱਕ ਵੀ ਰੋਬੋਟਾਂ ਨੇ ਖੋਹ ਲਿਆ ਹੈ। ਹੁਣ ਘਰਾਂ ਵਿੱਚ ਬੇਬੀ ਸਿੱਟਿੰਗ ਜਾਂ ਕੰਮ ਵਾਲੀ ਬਣ ਸਫਾਈ ਕਰਨ ਤੋਂ ਬਾਹਰ ਬਹੁਤਾ ਕੁਝ ਬਚਿਆ ਵੀ ਨਹੀਂ ਲਗਦਾ। ਅਜੇ ਤਾਂ ਨਕਲੀ ਬੁੱਧੀ ਨੇ ਆਪਣੇ ਜੌਹਰ ਵਿਖਾਉਣੇ ਹਨ।

ਅਸਿੱਖਿਅਤ ਲੇਬਰ ਲਈ ਹੋਰ ਵੀ ਬੁਰੇ ਦਿਨ ਆਉਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਕੈਨੇਡਾ ਹੌਲੀ-ਹੌਲੀ ਪਰਵਾਸੀਆਂ ਲਈ ਤਿੜਕਿਆ ਸੁਪਨਾ ਬਣਨ ਵੱਲ ਵਧ ਰਿਹਾ ਹੈ। ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਟਰੰਪ ਨੇ ਤਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੂੰ ਇਹ ਕਹਿ ਕੇ ਹੈਰਾਨ ਕਰ ਦਿੱਤਾ ਕਿ ਕੈਨੇਡਾ ਨੂੰ ਅਮਰੀਕਾ ਦੀ 52ਵੀਂ ਸਟੇਟ ਬਣਾ ਲੈਂਦੇ ਹਾਂ ਤੇ ਤੈਨੂੰ ਉਸਦਾ ਗਵਰਨਰ ਬਣਾ ਦਿੰਦੇ ਹਾਂ। ਭਾਵੇਂ ਕੈਨੇਡਾ ਨੇ ਇਸ ਨੂੰ ਮਜ਼ਾਕ ਵਾਂਗ ਲਿਆ ਹੈ ਪਰ ਟਰੰਪ ਨੇ ਆਪਣੀ ਅਗਲੀ ਪੋਸਟ ਵਿੱਚ ਫਿਰ ਟਰੂਡੋ ਨੂੰ ਗਵਰਨਰ ਕਿਹਾ ਹੈ। ਵਿਸ਼ਵ ਵਿਆਪੀ ਵਰਤਾਰੇ ਵਿੱਚ ਇਹ ਕਿਸੇ ਦੇਸ਼ ਦੇ ਪਤਨ ਦੀ ਸੂਹ ਦਿੰਦਾ ਹੈ।

ਦਰਅਸਲ ਇਸ ਨਿਘਾਰ ਲਈ ਪਿਛਲੇ ਵਰ੍ਹਿਆਂ ਦੌਰਾਨ ਕੈਨੇਡਾ ਸਰਕਾਰ ਵੱਲੋਂ ਅਪਣਾਈਆਂ ਗਈਆਂ ਬੇਲਗਾਮ ਨੀਤੀਆਂ ਹਨ। ਪਰਵਾਸੀਆਂ ਲਈ ਸਟਡੀ ਵੀਜ਼ਾ, ਵਰਕ ਪਰਮਿਟ ਅਤੇ ਪੱਕੀ ਇੰਮੀਗਰੇਸ਼ਨ ਨੂੰ ਪ੍ਰਸਾਦ ਵਾਂਗ ਵੰਡਣ ਕਾਰਨ ਨਿਰਾਸ਼ਾਜਨਕ ਹਾਲਾਤ ਪੈਦਾ ਹੋਏ ਹਨ। ਹੁਣ ਕੈਨੇਡਾ ਸਰਕਾਰ ਨੇ ਇੰਮੀਗ੍ਰੇਸ਼ਨ ਦੀਆਂ ਨੀਤੀਆਂ ਸਖਤ ਕਰ ਦਿੱਤੀਆਂ ਹਨ, ਜਿਸ ਕਾਰਨ ਬਾਹਰੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟ ਗਈ ਹੈ। ਐੱਲ. ਐੱਮ. ਆਈ. ਏ. ਦੇ ਨੁਕਸਦਾਰ ਸਿਸਟਮ ਕਾਰਨ ਵੱਡੇ ਪੱਧਰ 'ਤੇ ਘਪਲੇਬਾਜ਼ੀਆਂ ਹੋਈਆਂ ਹਨ। ਇੱਥੇ ਸਥਾਪਤ ਹੋ ਚੁੱਕੇ ਸਾਡੇ ਆਪਣੇ ਭਾਈਚਾਰੇ ਦੇ ਲੋਕਾਂ ਨੇ ਐੱਲ.ਐੱਮ.ਆਈ.ਏ ਨੂੰ ਵਪਾਰ ਬਣਾ ਕੇ ਲੱਖਾਂ ਡਾਲਰ ਕਮਾਏ ਹਨ। ਇਨ੍ਹਾਂ ਸੁਧਾਰਾਂ ਦੇ ਚਲਦਿਆਂ ਇੱਥੇ ਆਉਣ ਵਾਲੇ ਵਿਦਿਆਰਥੀਆਂ ਅਤੇ ਵਿਜ਼ਟਰਾਂ ਨੂੰ ਮੁਸ਼ਕਲਾਂ ਆਉਣਗੀਆਂ। ਪਰ ਵਧ ਰਹੀ ਮਹਿੰਗਾਈ, ਘਰਾਂ ਦੀ ਥੋੜ, ਜੌਬਾਂ ਦੀ ਘਾਟ ਅਤੇ ਲੇਬਰ ਕਰ ਰਹੇ ਪਰਵਾਸੀਆਂ ਦੇ ਸ਼ੋਸ਼ਣ ਨੂੰ ਰੋਕਣ ਲਈ ਇਹ ਜ਼ਰੂਰੀ ਸੀ।

ਕਈ ਚੋਰ ਮੋਰੀਆਂ ਲਈ ਰਾਹ ਖੋਲ੍ਹਦੀ ਵਿਜ਼ਟਰ ਵੀਜ਼ਾ ਨੀਤੀ ਕਾਰਨ ਵਿਦੇਸ਼ਾਂ ਤੋਂ ਕੈਨੇਡਾ ਪਹੁੰਚ ਕੇ ਸ਼ਰਨ ਲੈਣ ਦੀ ਅਰਜ਼ੀ ਪਾਉਣ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਜੇਕਰ ਅੰਕੜਿਆਂ ਦੇ ਹਵਾਲੇ ਨਾਲ ਗੱਲ ਕਰਨੀ ਹੋਵੇ ਤਾਂ ਚਾਲੂ ਸਾਲ ਦੌਰਾਨ ਹੀ ਸ਼ਰਨ ਮੰਗਣ ਵਾਲੇ ਭਾਰਤੀ ਨਾਗਰਿਕਾਂ ਦੀ ਗਿਣਤੀ, ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ, ਬੀਤੇ ਸਾਲ ਦੇ ਮੁਕਾਬਲੇ ਪੰਜ ਸੌ ਪ੍ਰਤੀਸ਼ਤ ਵਧ ਗਈ ਹੈ। ਇਹ ਅੰਕੜੇ ਦੱਸਦੇ ਹਨ ਕਿ ਇੱਥੇ ਜੌਬਾਂ ਦੀ ਕਿੱਲਤ ਕਿਉਂ ਹੈ ਤੇ ਉਚੇਰੀ ਪੜ੍ਹਾਈ ਕਰਨ ਆਈਆਂ ਕੁੜੀਆਂ ਨੂੰ ਘਰਾਂ ਵਿੱਚ ਕੰਮ ਕਰਨ ਲਈ ਕਿਉਂ ਮਜਬੂਰ ਹੋਣਾ ਪੈ ਰਿਹਾ ਹੈ।

ਇੱਥੇ ਸੈਕੰਡਰੀ ਤਕ ਦੀ ਪੜ੍ਹਾਈ ਮੁਫ਼ਤ ਹੈ। ਅੱਗੋਂ ਯੂਨੀਵਰਸਿਟੀ ਦੀ ਪੜ੍ਹਾਈ ਦੀ ਗੱਲ ਕਰੀਏ ਤਾਂ ਉਹ ਇੰਨੀ ਕੁ ਮਹਿੰਗੀ ਹੈ ਕਿ ਸਟਡੀ ਵੀਜ਼ੇ 'ਤੇ ਆਏ ਬੱਚਿਆਂ ਲਈ ਇਹ ਲਗਭਗ ਅਸੰਭਵ ਹੈ। ਇੱਥੇ ਦੇ ਪੱਕੇ ਵਸਨੀਕ ਤੇ ਸ਼ਿਟੀਜਨ ਬਣ ਚੁੱਕੇ ਲੋਕਾਂ ਦੇ ਬੱਚੇ ਵੀ ਅਧਵਾਟੇ ਪੜ੍ਹਾਈ ਛੱਡਣ ਲਈ ਮਜਬੂਰ ਹਨ। ਕੁੱਲ ਮਿਲਾ ਕੇ ਕਹਿ ਸਕਦੇ ਹਾਂ ਕਿ ਜਿਨ੍ਹਾਂ ਗੱਲਾਂ ਕਰਕੇ ਕੈਨੇਡਾ ਵਿਸ਼ਵ ਭਰ ਦੇ ਲੋਕਾਂ ਲਈ ਖਿੱਚ ਦਾ ਕਾਰਨ ਸੀ, ਉਹ ਖਿੱਚ ਬਣਾਈ ਰੱਖਣ ਲਈ ਸਰਕਾਰੀ ਨੀਤੀਆਂ ਖਾਸ ਕਰਕੇ ਇੰਮੀਗ੍ਰੇਸ਼ਨ ਨਾਲ ਸੰਬੰਧਾਂ ਨੀਤੀਆਂ ਦੇ ਕਮਜ਼ੋਰ ਪੱਖਾਂ ਬਾਰੇ ਮੁੜ ਸੋਚਣ ਦੀ ਲੋੜ ਹੈ। ਕੈਨੇਡਾ ਸਰਕਾਰ ਨੂੰ ਕੁਝ ਵੱਡੇ ਅਤੇ ਸਖ਼ਤ ਫੈਸਲੇ ਲੈਣੇ ਪੈਣਗੇ।

# ਹਰਸ਼ਦੀਪ ਸਿੰਘ ਦੇ ਕਤਲ ਤੋਂ ਬਾਅਦ ਐਡਮੰਟਨ ਸਿਟੀ ਨੇ ਖਾਲੀ ਕਰਵਾਈ ਬਿਲਡਿੰਗ

ਐਡਮਿਟਨ : ਕ੍ਰਿਸਮਸ ਤੋਂ ਦੋ ਦਿਨ ਪਹਿਲਾਂ ਐਡਮੰਟਨ ਵਿੱਚ ਇੱਕ ਅਪਾਰਟਮੈਂਟ ਬਿਲਡਿੰਗ ਦੇ ਵਸਨੀਕਾਂ ਨੂੰ ਆਪਣਾ ਘਰ ਛੱਡਣਾ ਪਿਆ। ਇਮਾਰਤ ਦੇ ਬਾਹਰ ਫੁੱਟਪਾਥ ਤੇ ਕੱਪੜੇ ਅਤੇ ਜੁੱਤੀਆਂ ਦੀਆਂ ਟੋਕਰੀਆਂ ਇਕੱਠੀਆਂ ਨਜ਼ਰ ਆਈਆਂ। ਇਸ ਘਟਨਾ ਨੇ ਸਥਾਨਕ ਲੋਕਾਂ ਵਿੱਚ ਭਾਰੀ ਚਰਚਾ ਪੈਦਾ ਕੀਤੀ।

ਇਹ ਫੈਸਲਾ ਐਡਮੰਟਨ ਸਿਟੀ ਵੱਲੋਂ ਸੋਮਵਾਰ ਨੂੰ "ਗੰਭੀਰ ਸੁਰੱਖਿਆ ਚਿੰਤਾਵਾਂ" ਦੇ ਹਵਾਲੇ ਨਾਲ ਇਕ ਐਮਰਜੈਂਸੀ ਆਦੇਸ਼ ਤਹਿਤ ਲਿਆ ਗਿਆ। ਇਮਾਰਤ ਵਿੱਚ ਰਹਿ ਰਹੇ 60 ਤੋਂ ਵੱਧ ਵਸਨੀਕਾਂ, ਜਿਸ ਵਿੱਚ ਲਗਭਗ 25 ਬੱਚੇ ਵੀ ਸ਼ਾਮਲ ਹਨ, ਨੂੰ ਜਲਦੀ ਨਾਲ ਆਪਣਾ ਸਮਾਨ ਸਮੇਟਣਾ ਪਿਆ। ਵਸਨੀਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਸਿਰਫ਼ 45 ਮਿੰਟ ਦਾ ਸਮਾਂ ਦਿੱਤਾ



ਗਿਆ ਸੀ। ਦੋ ਐਡਮੰਟਨ ਟਰਾਂਜ਼ਿਟ ਬੱਸਾਂ ਵਸਨੀਕਾਂ ਨੂੰ ਹੋਰ ਥਾਵਾਂ ਤਕ ਪਹੁੰਚਾਉਣ ਲਈ ਤਿਆਰ ਸਨ।

ਇਸ ਬਿਲਡਿੰਗ ਵਿੱਚ ਸੁਰੱਖਿਆ ਗਾਰਡ ਦੀ ਡਿਊਟੀ ਕਰ ਰਹੇ ਹਰਸ਼ਦੀਪ ਸਿੰਘ ਦਾ ਕੁਝ ਸਮੇਂ ਪਹਿਲਾਂ ਕਤਲ ਹੋ ਗਿਆ ਸੀ। 22 ਸਾਲਾਂ ਹਰਸ਼ਦੀਪ ਸਿੰਘ ਹਰਿਆਣਾ ਦੇ ਪਿੰਡ ਮਠੇਰੀ ਜੱਟਾਂ ਦਾ ਵਸਨੀਕ ਸੀ। ਉਹ 18 ਮਹੀਨੇ ਪਹਿਲਾਂ ਨੌਰਕੁਐਸਟ ਕਾਲਜ ਵਿੱਚ ਪੜ੍ਹਾਈ ਕਰਨ ਲਈ ਸਟੱਡੀ ਵੀਜ਼ੇ 'ਤੇ ਕੈਨੇਡਾ ਆਇਆ ਸੀ।

ਪੁਲਿਸ ਨੇ ਹਰਸ਼ਾਨਦੀਪ ਦੇ ਕਤਲ ਦੀ ਘਟਨਾ ਵਿੱਚ ਦੋ ਲੋਕਾਂ, 30 ਸਾਲਾਂ ਇਵਾਨ ਰੇਨ ਅਤੇ ਜੂਡਿਥ ਸੌਲਟੌਕਸ, ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਉੱਤੇ ਪਹਿਲੇ ਦਰਜੇ ਦੇ ਕਤਲ ਦੇ ਦੋਸ਼ ਲਗਾਏ ਗਏ ਹਨ।

# ਹੌਂਡਾ ਅਤੇ ਨਿਸਾਨ ਆਟੋਮੇਕਰਜ਼ ਕੰਪਨੀਆਂ ਵਲੋਂ ਇਕੱਠੇ ਹੋਣ ਦਾ ਐਲਾਨ

ਜਾਪਾਨੀ ਆਟੋਮੇਕਰਜ਼ ਹੌਂਡਾ ਅਤੇ ਨਿਸਾਨ ਨੇ ਆਪਣੇ ਕਾਰੋਬਾਰ ਨੂੰ ਏਕੀਕ੍ਰਿਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਦੋਵਾਂ ਕੰਪਨੀਆਂ ਨੇ ਸੋਮਵਾਰ ਨੂੰ ਮੈਮੋਰੈਂਡਮ ਆਫ਼ ਅੰਡਰਸਟੈਂਡਿੰਗ 'ਤੇ ਦਸਤਖ਼ਤ ਕੀਤੇ ਹਨ ਅਤੇ ਇਸ ਵਿਚ ਸਹਿਮਤੀ ਜਤਾਈ ਹੈ ਕਿ ਮਿਤਸੁਬਿਸ਼ੀ ਮੋਟਰਜ਼ ਵੀ ਇਸ ਸਾਂਝੇ ਕਾਰੋਬਾਰ ਵਿੱਚ ਸ਼ਾਮਲ ਹੋਵੇਗੀ। ਇਹ ਕਾਰਵਾਈ ਜਾਪਾਨੀ ਆਟੋ ਉਦਯੋਗ ਵਿੱਚ ਇੱਕ ਵੱਡੀ ਬਦਲਾਵ ਦੀ ਸੰਕੇਤ ਹੈ, ਜੋ ਵੱਖ-ਵੱਖ ਕੰਪਨੀਆਂ ਦੀ ਇੱਕੱਠੀ ਹੋ ਕੇ ਦੁਨੀਆ ਭਰ ਵਿੱਚ ਭਾਰੀ ਮੁਕਾਬਲਾ ਕਰਨ ਦੀ ਯੋਜਨਾ ਰੱਖਦਾ ਹੈ।

ਹੌਂਡਾ ਦੇ ਪ੍ਰਧਾਨ ਤੋਸ਼ੀਹੀਰੋ ਮੀਬੇ ਨੇ ਕਿਹਾ ਕਿ ਹੌਂਡਾ ਅਤੇ ਨਿਸਾਨ ਆਪਣੇ ਸੰਚਾਲਨ ਨੂੰ ਏਕੀਕ੍ਰਿਤ ਕਰਨ ਲਈ ਸੰਯੁਕਤ ਹੋਲਡਿੰਗ ਕੰਪਨੀ ਦੀ ਸਥਾਪਨਾ ਕਰਨਗੇ, ਜਿਸ ਦੇ ਤਹਿਤ ਦੋਹਾਂ ਕੰਪਨੀਆਂ ਆਪਣੀ ਆਪਣੀ ਅਜ਼ਾਦੀ ਅਤੇ ਬ੍ਰਾਂਡਾਂ ਨੂੰ ਸੁਰੱਖਿਅਤ ਰੱਖਦੇ ਹੋਏ ਇਕੱਠੇ ਕੰਮ ਕਰਨਗੀਆਂ। ਮੀਬੇ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦਾ ਉਦੇਸ਼ ਜੂਨ ਤੱਕ ਰਸਮੀ ਸਮਝੌਤਾ ਕਰਨ ਅਤੇ ਅਗਸਤ 2026 ਤੱਕ ਟੋਕੀਓ ਸਟਾਕ ਐਕਸਚੇਂਜ 'ਤੇ ਇਸ ਹੋਲਡਿੰਗ ਕੰਪਨੀ ਨੂੰ ਸੂਚੀਬੱਧ ਕਰਨਾ ਹੈ।

ਇਹ ਯੋਜਨਾ ਆਟੋਮੋਬਾਈਲ ਉਦਯੋਗ ਦੇ ਵਧਦੇ ਹਿਸਿਆਂ ਅਤੇ ਚੀਨ ਵਿੱਚ ਹਾਈਬ੍ਰਿਡ ਅਤੇ ਇਲੈਕਟ੍ਰਿਕ




ਵਾਹਨਾਂ ਦੀਆਂ ਵਿਕਰੀਆਂ ਦੇ ਆਧਾਰ 'ਤੇ ਕੀਤੀ ਗਈ ਹੈ। ਜਾਪਾਨੀ ਆਟੋਮੋਬਾਈਲ ਨਿਰਮਾਤਾ ਟੈਸਲਾ ਅਤੇ ਚੀਨੀ ਕੰਪਨੀ ਬੀਵਾਈਡੀ ਤੋਂ ਪਿੱਛੇ ਰਹਿ ਗਏ ਹਨ। ਜਾਪਾਨ ਵਿੱਚ ਸਥਿਤ ਹੌਂਡਾ ਅਤੇ ਨਿਸਾਨ ਨੂੰ ਆਪਣੇ ਖਰਚਿਆਂ ਵਿੱਚ ਕਟੌਤੀ ਕਰਨ ਅਤੇ ਆਪਣੇ ਉਤਪਾਦਨ ਨੂੰ ਬਰਕਰਾਰ ਰੱਖਣ ਲਈ ਸਹਿਯੋਗ ਦੀ ਜਰੂਰਤ ਸੀ।

ਚੀਨ ਦੇ ਆਟੋ ਸੈਕਟਰ ਨੇ ਪਿਛਲੇ ਕੁਝ ਸਾਲਾਂ ਵਿੱਚ ਨਿਰਯਾਤ ਵਿੱਚ ਵਾਧਾ ਦੇਖਿਆ ਹੈ ਅਤੇ ਇੱਕ ਆਟੋ ਉਦਯੋਗ ਸਮੂਹ ਦਾ ਦਾਅਵਾ ਹੈ ਕਿ 2023 ਵਿੱਚ ਚੀਨ ਨੇ ਜਾਪਾਨ ਨੂੰ ਆਟੋ ਨਿਰਯਾਤ ਵਿੱਚ ਪਿੱਛੇ ਛੱਡ ਦਿੱਤਾ। ਇਸ ਘਟਨਾ ਤੋਂ ਬਾਅਦ, ਜਾਪਾਨੀ ਸਰਕਾਰ ਨੇ ਆਪਣੀ ਆਟੋ ਉਦਯੋਗੀ ਸੰਸਥਾਵਾਂ ਨੂੰ ਚੀਨ ਦੇ ਸੰਭਾਵਿਤ ਖਤਰੇ ਤੋਂ ਸਾਵਧਾਨ ਕੀਤਾ ਹੈ ਅਤੇ ਹੌਂਡਾ ਅਤੇ ਨਿਸਾਨ ਨੂੰ ਇਕੱਠੇ ਹੋਣ ਲਈ ਸੰਬੰਧਿਤ ਵਿਚਾਰ-ਵਟਾਂਦਰੇ ਦੀ ਬੇਨਤੀ ਕੀਤੀ ਸੀ।

ਹੌਂਡਾ, ਨਿਸਾਨ ਅਤੇ ਮਿਤਸੁਬਿਸ਼ੀ ਨੇ ਇੱਕੱਠੇ ਮਿਲ ਕੇ ਟੋਇਟਾ ਮੋਟਰਜ਼ ਕਾਰਪੋਰੇਸ਼ਨ ਨਾਲ ਮੁਕਾਬਲਾ ਕਰਨ ਦਾ ਇਰਾਦਾ ਰੱਖਿਆ ਹੈ। ਟੋਇਟਾ ਨੂੰ ਜਾਪਾਨ ਦੀ ਮਾਜ਼ਦਾ ਮੋਟਰ ਕਾਰਪੋਰੇਸ਼ਨ ਅਤੇ ਸੁਬਾਰੂ ਕਾਰਪੋਰੇਸ਼ਨ ਨਾਲ ਤਕਨਾਲੋਜੀ ਭਾਈਵਾਲੀ ਹੈ ਅਤੇ ਇਹ ਕੰਪਨੀ 2023 ਵਿੱਚ 11.5 ਮਿਲੀਅਨ ਵਾਹਨ ਤਿਆਰ ਕਰਨ ਵਿੱਚ ਸਫਲ ਰਹੀ ਸੀ। ਜਦਕਿ, ਹੌਂਡਾ ਅਤੇ ਨਿਸਾਨ ਦੇ ਮਿਲ ਕੇ ਤਕਰੀਬਨ 80 ਲੱਖ ਵਾਹਨ ਬਣਾਉਣ ਦੀ ਸੰਭਾਵਨਾ ਹੈ।

ਇਹ ਤਿੰਨ ਕੰਪਨੀਆਂ ਆਪਣੇ ਉਤਪਾਦਨ ਲਈ ਇਲੈਕਟ੍ਰਿਕ ਵਾਹਨਾਂ ਦੇ ਤਕਨਾਲੋਜੀ ਅਤੇ ਕੰਪੋਨੈਂਟ ਸਾਂਝੇ ਕਰਨ ਦੀ ਯੋਜਨਾ 'ਤੇ ਧਿਆਨ ਦੇ ਰਹੀਆਂ ਹਨ। ਜਿੱਥੇ ਨਿਸਾਨ ਨੂੰ ਬੈਟਰੀਆਂ ਅਤੇ ਇਲੈਕਟ੍ਰਿਕ ਵਾਹਨਾਂ ਦੀ ਬਣਾਵਟ ਵਿੱਚ ਸਾਲਾਂ ਦਾ ਤਜਰਬਾ ਹੈ, ਉੱਥੇ ਹੌਂਡਾ ਇਸ ਤਕਨਾਲੋਜੀ ਦੀ ਵਿਕਾਸ ਵਿੱਚ ਨਵੀਆਂ ਉਚਾਈਆਂ ਹਾਸਲ ਕਰਨ ਦੇ ਯਤਨ ਕਰ ਰਹੀ ਹੈ।

ਇਸ ਯੋਜਨਾ ਦੇ ਨਾਲ, ਇਹ ਕੰਪਨੀਆਂ ਆਪਣੀ ਮੌਜੂਦਾ ਸਥਿਤੀ ਵਿੱਚ ਈਵੀ ਅਤੇ ਹਾਈਬ੍ਰਿਡ ਵਾਹਨਾਂ ਦੀ ਵਿਕਰੀ ਵਿੱਚ ਵਾਧਾ ਕਰਨਗੀਆਂ। ਹੌਂਡਾ ਅਤੇ ਨਿਸਾਨ ਦੀ ਗਲੋਬਲ ਵਰਕ ਫੋਰਸ ਵਿੱਚ ਕਟੌਤੀ ਅਤੇ ਉਤਪਾਦਨ ਸਮਰੱਥਾ ਨੂੰ ਘਟਾ ਰਿਹਾ ਹੈ, ਜਿਸ ਨਾਲ ਉਹ ਜ਼ਿਆਦਾ ਕੁਸ਼ਲ ਅਤੇ ਪ੍ਰਤੀਯੋਗੀ ਬਣ ਸਕਣਗੇ।

ਇਹ ਸੰਯੁਕਤ ਯੋਜਨਾ ਜਾਪਾਨੀ ਆਟੋ ਉਦਯੋਗ ਲਈ ਇੱਕ ਨਵਾਂ ਮੋੜ ਹੋਵੇਗੀ, ਜੋ ਵੱਖ-ਵੱਖ ਮੁਕਾਬਲੇ ਅਤੇ ਮੌਜੂਦਾ ਤਕਨਾਲੋਜੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ।

TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI

ੴ ਸਤਿਗੁਰ ਪ੍ਰਸਾਦਿ

AKALI SINGH SIKH SOCIETY

ਦੇਗ ਤੇਗ ਫਤਹਿ 1890 - SKEENA STREET, VANCOUVER, B.C., CANADA Phone: (604) 254-2117 Fax: (604) 254-5309 ਪੰਥ ਕੀ ਜੀਤ

ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਤਹੀ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥

ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਆਪ ਸਭ ਨੂੰ ਲੱਖ ਲੱਖ ਮੁਬਾਰਕਾਂ

3 ਜਨਵਰੀ ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸਵੇਰੇ 10:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਜਿਸ ਦੇ ਭੋਗ ਐਤਵਾਰ 5 ਜਨਵਰੀ ਸਵੇਰੇ 10:00 ਵਜੇ ਪਾਏ ਜਾਣਗੇ, ਕੀਰਤਨ ਦੀਵਾਨ ਸਜਾਏ ਜਾਣਗੇ ਅਤੇ ਗੁਣੀ ਗਿਆਨੀ ਗੁਰੂ ਸਾਹਿਬ ਦੇ ਜੀਵਨ ਉੱਪਰ ਚਾਨਣਾ ਪਾਉਣਗੇ।

ਸਾਰੇ ਦਿਨ ਲੰਗਰ ਦੀ ਸੇਵਾ ਸੰਗਤਾਂ ਵਲੋਂ ਹੋਵੇਗੀ

ਸੰਗਤਾਂ ਦੇ ਦਾਸ, ਪ੍ਰਬੰਧਕ ਕਮੇਟੀ

ਅਕਾਲੀ ਸਿੰਘ ਸਿੱਖ ਸੁਸਾਇਟੀ, 1890 ਸਕੀਨਾ ਸਟਰੀਟ, ਵੈਨਕੂਵਰ

ਗੁਰਦੁਆਰਾ ਸਾਹਿਬ ਦਾ ਫੋਨ ਨੰਬਰ : 604-254-2117

ਲਿਖਤ : ਇੰਦਰਜੀਤ ਸਿੰਘ
ਈ-ਮੇਲ: inderjeet08@yahoo.com

# ਸਿੱਖ ਇਤਿਹਾਸ ਵਿੱਚ
# ਟੋਡਰ ਮੱਲ ਜੀ ਦੀ ਦੇਣ...



ਦੀਵਾਨ ਜਾਂ ਸੇਠ ਟੋਡਰ ਮੱਲ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਸਸਕਾਰ ਵਾਸਤੇ ਜ਼ਮੀਨ ਖਰੀਦਣ ਲਈ ਸੋਨੇ ਦੇ ਸਿੱਕੇ ਜਾਂ ਮੋਹਰਾਂ ਦੀ ਬਹੁਤ ਭਾਰੀ ਰਕਮ ਅਦਾ ਕਰਨ ਦਾ ਸਿਹਰਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਉਸ ਨੂੰ ਸਰਹਿੰਦ ਦੇ ਮੁਗ਼ਲ ਫ਼ੌਜਦਾਰ ਵਜ਼ੀਰ ਖ਼ਾਨ ਨੇ ਉਸ ਥਾਂ ਨੂੰ ਮੋਹਰਾਂ ਨਾਲ ਭਰਨ ਲਈ ਕਿਹਾ ਜੋ ਦੀਵਾਨ ਟੋਡਰ ਮੱਲ ਸਸਕਾਰ ਲਈ ਖਰੀਦਣਾ ਚਾਹੁੰਦਾ ਸੀ, ਜਿਸ ਲਈ ਸੋਨੇ ਦੇ ਸਿੱਕਿਆਂ ਨੂੰ ਇੱਕ ਕਤਾਰ ਵਿੱਚ ਚਿਣ ਕੇ ਰੱਖਿਆ ਗਿਆ ਸੀ। ਇਸ ਤਰ੍ਹਾਂ, ਇਹ ਹੁਣ ਤੱਕ ਵੇਚੀ ਜਾਂ ਖਰੀਦੀ ਗਈ ਸਭ ਤੋਂ ਮਹਿੰਗੀ ਜ਼ਮੀਨ ਹੈ।

ਕੁਝ ਸਾਲ ਪਹਿਲਾਂ ਇਤਿਹਾਸਕ ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਇੱਕ ਹਾਲ ਦਾ ਨਾਂ ਦੀਵਾਨ ਟੋਡਰ ਮੱਲ ਦੇ ਨਾਮ 'ਤੇ ਰੱਖਿਆ ਗਿਆ ਸੀ। ਜ਼ਿਕਰਯੋਗ ਹੈ ਕਿ ਮੱਧਕਾਲੀ ਇਤਿਹਾਸ ਵਿੱਚ ਟੋਡਰ ਮੱਲ ਨਾਂ ਦੇ ਕਈ ਵਿਅਕਤੀਆਂ ਦਾ ਜ਼ਿਕਰ ਆਉਂਦਾ ਹੈ ਜਿਸ ਤੋਂ ਜਾਪਦਾ ਹੈ ਕਿ ਇਹ ਉਸ ਸਮੇਂ ਇੱਕ ਪ੍ਰਸਿੱਧ ਨਾਮ ਸੀ।

ਰਾਜਾ ਟੋਡਰ ਮੱਲ (ਮੌਤ ਸੰਨ 1589) ਸ਼ਾਇਦ ਸਭ ਤੋਂ ਮਸ਼ਹੂਰ ਟੋਡਰ ਮੱਲ ਹੈ, ਜਿਸ ਲਈ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਹੈ। ਉਹ ਮੁਗ਼ਲ ਸ਼ਾਸਕ ਅਕਬਰ ਦੇ ਅਧੀਨ ਵਿੱਤ ਮੰਤਰੀ ਸੀ।

ਰਾਜਾ ਟੋਡਰ ਮੱਲ ਸ਼ਾਹਜਹਾਨੀ (ਮੌਤ ਸੰਨ 1666) ਇੱਕ ਅਧਿਕਾਰੀ ਸੀ। ਉਸ ਨੂੰ 1640 ਈਸਵੀ ਦੇ ਆਸ-ਪਾਸ ਰਾਏ ਦਾ ਖਿਤਾਬ ਮਿਲਿਆ ਅਤੇ ਦੀਵਾਨ (ਸ਼ਾਹੀ ਵਿੱਤ ਦਾ ਮੰਤਰੀ), ਅਮੀਨ (ਕਾਸ਼ਤ ਦਾ ਸੁਪਰਵਾਈਜ਼ਰ) ਅਤੇ ਸਰਹਿੰਦ ਸਰਕਾਰ ਦਾ ਫ਼ੌਜਦਾਰ (ਕਾਨੂੰਨ ਵਿਵਸਥਾ ਦਾ ਇੰਚਾਰਜ) ਨਿਯੁਕਤ ਕੀਤਾ ਗਿਆ। ਅਗਲੇ ਸਾਲਾਂ ਦੌਰਾਨ ਉਸ ਨੂੰ ਲੱਖੀ ਜੰਗਲ ਦੇ ਫ਼ੌਜਦਾਰ ਵਜੋਂ ਵਾਧੂ ਚਾਰਜ ਦਿੱਤਾ ਗਿਆ। ਅਗਲੇ ਸਾਲ ਖੇਤਰ ਦੇ ਵਿਕਾਸ ਤੋਂ ਖ਼ੁਸ਼ ਹੋ ਕੇ ਟੋਡਰ ਮੱਲ ਨੂੰ ਮੁਗ਼ਲ ਬਾਦਸ਼ਾਹ ਦੁਆਰਾ ਸਨਮਾਨ ਦਾ ਚੋਗਾ, ਇੱਕ ਘੋੜਾ ਅਤੇ ਇੱਕ ਹਾਥੀ ਦਿੱਤਾ ਗਿਆ। ਸੰਨ 1643 ਵਿੱਚ ਉਸ ਦੀਆਂ ਵਡਮੁੱਲੀ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਉਸ ਦਾ ਦਰਜਾ ਕਈ ਗੁਣਾ ਉੱਚਾ ਕੀਤਾ ਗਿਆ। ਹੌਲੀ-ਹੌਲੀ ਦੀਪਾਲਪੁਰ (ਹੁਣ ਜ਼ਿਲ੍ਹਾ ਓਕਾੜਾ, ਪੱਛਮੀ ਪੰਜਾਬ ਵਿੱਚ) ਅਤੇ ਪਰਗਨਾ ਜਲੰਧਰ ਤੇ ਸੁਲਤਾਨਪੁਰ ਦੇ ਪ੍ਰਬੰਧ ਦਾ ਚਾਰਜ ਇਸ ਵਿੱਚ ਜੋੜਿਆ ਗਿਆ। ਬਾਅਦ ਵਿੱਚ ਉਸ ਨੂੰ 2,000 ਘੋੜਿਆਂ ਦੇ ਨਾਲ 2,000 ਦੇ ਰੈਂਕ ਤੱਕ ਤਰੱਕੀ ਦਿੰਦਿਆਂ ਰਾਜਾ ਦੀ ਉਪਾਧੀ ਨਾਲ ਨਿਵਾਜਿਆ ਗਿਆ। ਇੱਕ ਬਹੁਤ ਹੀ ਸਫਲ ਜੀਵਨ ਤੋਂ ਬਾਅਦ, ਰਾਜਾ ਟੋਡਰ ਮੱਲ ਸ਼ਾਹਜਹਾਨੀ ਦੀ ਮੌਤ 1665-66 ਈ. ਵਿੱਚ ਹੋਈ।

ਪੰਡਿਤ ਟੋਡਰ ਮੱਲ ਜੈਨ (1719-66) ਜੈਪੁਰ ਤੋਂ ਜੈਨ ਧਰਮ ਦੇ ਦਿਗੰਬਰ ਤੇਰਾਪੰਥੀ ਸੰਪਰਦਾ ਦਾ ਵਿਦਵਾਨ ਅਤੇ ਆਗੂ ਸੀ। ਪੰਡਿਤ ਪਿਛੇਤਰ ਆਪਣੀ ਵਿਦਵਤਾ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਉਹ ਖੰਡੇਲਵਾਲ ਭਾਈਚਾਰੇ ਨਾਲ ਸਬੰਧਿਤ ਸੀ। ਬੁੱਧ ਵਿਲਾਸ (1770 ਈਸਵੀ ਵਿੱਚ ਪੂਰਾ ਹੋਇਆ) ਵਿੱਚ ਪੰਡਿਤ ਬਖਤਰਾਮ ਸ਼ਾਹ ਦੱਸਦਾ ਹੈ ਕਿ ਪੰਡਿਤ ਟੋਡਰ ਮੱਲ ਨੂੰ ਸ਼ਿਵਪਿੰਡੀ ਨੂੰ ਉਖਾੜਨ ਦੇ ਝੂਠੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਜੈਪੁਰ ਦੇ ਸ਼ਾਸਕ ਦੁਆਰਾ ਮੌਤ ਦੀ ਸਜ਼ਾ ਸੁਣਾਈ ਗਈ ਸੀ। 47 ਸਾਲ ਦੀ ਉਮਰ ਵਿੱਚ ਉਸ ਨੂੰ ਹਾਥੀ ਦੁਆਰਾ ਕੁਚਲ ਕੇ ਮਾਰ ਦਿੱਤਾ ਗਿਆ ਸੀ। ਇਹ ਸਾਲ 1766 ਅਤੇ ਜੈਪੁਰ ਦੇ ਰਾਜਾ ਮਾਧੋ ਸਿੰਘ ਦੇ ਰਾਜ ਨਾਲ ਮੇਲ ਖਾਂਦਾ ਹੈ।

ਟੋਡਰ ਮੱਲ (ਦੱਖਣੀ) ਨੂੰ ਸੰਨ 1698 ਈਸਵੀ ਵਿੱਚ ਕਰਨਾਟਕ ਦੇ ਫ਼ੌਜਦਾਰ ਸਆਦਤੁੱਲ੍ਹਾ ਖ਼ਾਨ ਦੇ ਅਧੀਨ ਸ਼ੇਰਿਸਤਾਦਾਰ (ਮੁੱਖ ਅਧਿਕਾਰੀ) ਬਣਾਇਆ ਗਿਆ ਸੀ। 1710 ਈਸਵੀ ਵਿੱਚ ਸਆਦਤੁੱਲ੍ਹਾ ਖ਼ਾਨ ਨੂੰ ਨਵਾਬ ਵਜੋਂ ਦੁਬਾਰਾ ਨਿਯੁਕਤ ਕੀਤਾ ਗਿਆ ਅਤੇ 1732 ਈਸਵੀ ਵਿੱਚ ਆਪਣੀ ਮੌਤ ਤੱਕ ਇਸ ਅਹੁਦੇ 'ਤੇ ਰਿਹਾ। (ਲਾਲਾ) ਟੋਡਰ ਮੱਲ ਨੇ ਕੂਟਨੀਤਕ ਅਤੇ ਮਾਲੀਆ ਮਾਮਲਿਆਂ ਵਿੱਚ ਖ਼ਾਨ ਦੇ ਪ੍ਰਤੀਨਿਧੀ ਵਜੋਂ ਕੰਮ ਕੀਤਾ। ਟੋਡਰ ਮੱਲ ਨੇ ਤਿਰੁਮਾਲਾ ਮੰਦਿਰ (ਆਂਧਰਾ ਪ੍ਰਦੇਸ਼ ਦਾ ਤਿਰੂਪਤੀ ਜ਼ਿਲ੍ਹਾ) ਦਾ ਦੌਰਾ ਕੀਤਾ ਅਤੇ ਮੁੱਖ ਦੇਵਤੇ ਦੇ ਸਾਹਮਣੇ ਆਪਣੇ ਆਪ, ਆਪਣੀ ਪਤਨੀ ਅਤੇ ਆਪਣੀ ਮਾਂ ਦੀਆਂ ਹੱਥ ਜੋੜ ਕੇ ਖੜ੍ਹਿਆਂ ਦੀਆਂ ਮੂਰਤੀਆਂ ਸਥਾਪਿਤ ਕੀਤੀਆਂ।

ਉਪਰੋਕਤ ਵਿੱਚੋਂ ਕੋਈ ਵੀ ਉਹ ਟੋਡਰ ਮੱਲ ਨਹੀਂ ਹੈ ਜਿਸ ਨੇ ਦਸੰਬਰ 1704/05 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੀ ਦਾਦੀ ਦਾ ਸਸਕਾਰ ਕਰਨ ਦਾ ਪ੍ਰਬੰਧ ਕੀਤਾ। ਪਰ ਅਠਾਰ੍ਹਵੀਂ ਸਦੀ ਦੇ ਦੋ ਬਿਰਤਾਂਤ ਇਸ ਟੋਡਰ ਮੱਲ ਦਾ ਹਵਾਲਾ ਦਿੰਦੇ ਹਨ।

ਭਾਈ ਦੁੱਨਾ ਸਿੰਘ ਹੰਡੂਰੀਆ ਦੁਆਰਾ ਲਿਖੀ ਕਥਾ ਗੁਰੂ ਜੀ ਕੇ ਸੁਤਨ ਕੀ (ਸੰਨ 1760-65), ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਰਥਾਤ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਦੀ ਸ਼ਹਾਦਤ ਦਾ ਅਠਾਰ੍ਹਵੀਂ ਸਦੀ ਦੇ ਅੱਧ ਦਾ ਇੱਕ ਕਾਵਿਕ ਬਿਰਤਾਂਤ ਹੈ। ਕਵੀ ਆਪਣੀ ਪਛਾਣ ਹੰਡੂਰ ਦੇ ਦੁੱਨਾ ਸਿੰਘ, ਤਰਖਾਣ ਸਿੰਘ ਵਜੋਂ ਕਰਦਾ ਹੈ। ਸਿਰਲੇਖ ਦਾ ਸ਼ਾਬਦਿਕ ਅਰਥ ਗੁਰੂ ਜੀ ਦੇ ਪੁੱਤਰਾਂ ਦੀ ਕਥਾ ਹੈ। ਅੰਦਰੂਨੀ ਸਬੂਤਾਂ ਦੇ ਆਧਾਰ 'ਤੇ ਇਹ ਕਵਿਤਾ 1760-65 ਦੌਰਾਨ ਰਚੀ ਗਈ ਸੀ ਅਤੇ ਇਸ ਵਿੱਚ 122 ਛੰਦ ਸਨ। ਕਵੀ ਭਾਈ ਦੁੱਨਾ ਸਿੰਘ, ਦਸੰਬਰ 1704/05 ਵਿੱਚ ਆਨੰਦਪੁਰ ਨੂੰ ਖਾਲੀ ਕਰਨ ਤੋਂ ਬਾਅਦ ਸਰਸਾ ਨਦੀ ਪਾਰ ਕਰਨ ਤੋਂ ਬਾਅਦ ਛੋਟੇ ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੀ ਦਾਦੀ ਦੇ ਨਾਲ ਸਨ।

ਕਵੀ ਅਨੁਸਾਰ, ਉਹ ਉਨ੍ਹਾਂ ਦੇ ਨਾਲ ਸਹੇੜੀ ਤੱਕ ਗਿਆ, ਜਿੱਥੇ ਦੋ ਮਸੰਦਾਂ ਦਰਬਾਰ ਅਤੇ ਧੁੰਮਾ, ਪਿੰਡ ਸਹੇੜੀ ਨੇ ਪਰਿਵਾਰ ਨੂੰ ਸੰਭਾਲਿਆ। ਕਥਾ ਅਨੁਸਾਰ ਟੋਡਰ ਮੱਲ ਨਾਮ ਦੇ ਇੱਕ ਸਿੱਖ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦੁਖਦਾਈ ਖ਼ਬਰ ਮਾਤਾ ਗੁਜਰੀ ਜੀ ਨੂੰ ਦਿੱਤੀ ਅਤੇ ਬਾਅਦ ਵਿੱਚ ਅਧਿਕਾਰੀਆਂ ਤੋਂ ਆਗਿਆ ਲੈਣ ਤੋਂ ਬਾਅਦ ਤਿੰਨਾਂ ਦਾ ਸਸਕਾਰ ਕਰ ਦਿੱਤਾ।

'ਗੁਰੂ ਕੀਆਂ ਸਾਖੀਆਂ' (ਸੰਨ 1790) ਦਾ ਲੇਖਕ ਲਿਖਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਰਾਏ ਕੱਲ੍ਹਾ ਦੀ ਮੇਜ਼ਬਾਨੀ ਵਿੱਚ ਰਾਏਕੋਟ ਵਿਖੇ ਸਨ ਤਾਂ ਭਾਈ ਦਇਆ ਸਿੰਘ ਨੇ ਆ ਕੇ ਦੱਸਿਆ ਕਿ ਛੋਟੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕਰ ਲਈ ਹੈ ਅਤੇ ਇਹ ਖ਼ਬਰ ਉਨ੍ਹਾਂ ਨੂੰ ਭਾਈ ਦੁੱਨਾ ਸਿੰਘ ਤਰਖਾਣ ਨੇ ਦਿੱਤੀ ਸੀ। ਫਿਰ ਰਾਏ ਕੱਲ੍ਹਾ ਹੋਰ ਵੇਰਵੇ ਲੈਣ ਲਈ ਆਪਣੇ ਦੂਤ ਨੂਰੇ ਮਾਹੀ ਨੂੰ ਸਰਹਿੰਦ ਭੇਜਦਾ ਹੈ। ਜਦੋਂ ਨੂਰਾ ਮਾਹੀ ਵਾਪਸ ਆਇਆ ਤਾਂ ਉਸ ਨੇ ਰਾਏ ਕੱਲ੍ਹਾ ਨੂੰ ਦੱਸਿਆ ਕਿ ਉਹ ਦੀਵਾਨ ਟੋਡਰ ਮੱਲ ਦੇ ਘਰ ਠਹਿਰਿਆ ਸੀ। ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੀ ਦਾਦੀ ਜੀ ਨੂੰ ਠੰਡੇ ਬੁਰਜ ਵਿੱਚ ਰੱਖਿਆ ਗਿਆ, ਚਾਰ ਦਿਨ ਤਸੀਹੇ ਦਿੱਤੇ ਗਏ ਅਤੇ ਪੰਜਵੇਂ ਦਿਨ ਸ਼ਹੀਦ ਕਰ ਦਿੱਤਾ ਗਿਆ। ਇਸ ਦੁਖਦਾਈ ਘਟਨਾ ਤੋਂ ਬਾਅਦ ਦੀਵਾਨ ਟੋਡਰ ਮੱਲ ਕਪੂਰ ਅਤੇ ਉਸ ਦੇ ਛੋਟੇ ਭਰਾ ਨੇ ਤਿੰਨਾਂ ਦੇਹਾਂ ਨੂੰ ਇਕੱਠਾ ਕੀਤਾ ਅਤੇ ਸਰਹਿੰਦ ਸ਼ਹਿਰ ਦੇ ਬਾਹਰ ਸਸਕਾਰ ਕੀਤਾ।

ਕਵੀ ਸੰਤੋਖ ਸਿੰਘ ਨੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਜੋਂ ਜਾਣੀ ਜਾਂਦੀ ਕਾਵਿ ਰਚਨਾ ਲਿਖੀ ਜੋ 1843 ਵਿੱਚ ਸੰਪੂਰਨ ਹੋਈ। ਗੁਰੂ ਕੀਆਂ ਸਾਖੀਆਂ ਵਰਗੇ ਕਵੀ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਰਾਏ ਕੱਲ੍ਹਾ ਦੇ ਨਿਵਾਸ ਸਥਾਨ ਰਾਏਕੋਟ ਵਿਖੇ ਸਨ ਅਤੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਨੂਰੇ ਮਾਹੀ ਨੂੰ ਸਰਹਿੰਦ ਭੇਜਿਆ। ਉਹ ਵਾਪਸ ਆ ਕੇ ਦੱਸਦਾ ਹੈ ਕਿ ਟੋਡਰ ਮੱਲ ਨਾਮ ਦਾ ਇੱਕ ਅਮੀਰ ਸਿੱਖ ਮੁਗ਼ਲਾਂ ਨੂੰ ਰਕਮ ਅਦਾ ਕਰ ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੀ ਦਾਦੀ ਨੂੰ ਰਿਹਾਅ ਕਰਵਾਉਣਾ ਚਾਹੁੰਦਾ ਸੀ। ਹਾਲਾਂਕਿ, ਘਟਨਾ ਸਥਾਨ 'ਤੇ ਪਹੁੰਚ ਕੇ ਉਸ ਨੂੰ ਪਤਾ ਲੱਗਿਆ ਕਿ ਸਾਹਿਬਜ਼ਾਦੇ ਪਹਿਲਾਂ ਹੀ ਸ਼ਹੀਦ ਹੋ ਚੁੱਕੇ ਹਨ। ਉਹ ਫਿਰ ਤਿੰਨਾਂ ਦੇਹਾਂ ਦਾ ਸਸਕਾਰ ਕਰਦਾ ਹੈ।

ਸੁਮੇਰ ਸਿੰਘ ਨੇ ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼ ਨੂੰ 1881 ਵਿੱਚ ਛੰਦ ਵਿੱਚ ਲਿਖਿਆ ਸੀ ਜੋ ਪਹਿਲੀ ਵਾਰ 1939 ਵਿੱਚ ਪ੍ਰਕਾਸ਼ਿਤ ਹੋਇਆ ਸੀ। ਲੇਖਕ ਟੋਡਰ ਮੱਲ ਕਪੂਰ ਨਾਂ ਦੇ ਇੱਕ ਸਿੱਖ ਖੱਤਰੀ ਦਾ ਹਵਾਲਾ ਦਿੰਦਾ ਹੈ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੀ ਦਾਦੀ ਦਾ ਸਸਕਾਰ ਅਧਿਕਾਰੀਆਂ ਨੂੰ ਇੱਕ ਰਕਮ ਦੇ ਕੇ ਕੀਤਾ ਸੀ। ਇਹ ਸਪੱਸ਼ਟ ਨਹੀਂ ਹੈ ਕਿ ਪੈਸੇ ਅਧਿਕਾਰੀਆਂ ਨੂੰ ਇਸ ਲਈ ਅਦਾ ਕੀਤੇ ਗਏ ਸਨ ਤਾਂ ਕਿ ਉਹ ਦੇਹਾਂ ਨੂੰ ਛੱਡ ਸਕਣ ਜਾਂ ਟੋਡਰ ਮੱਲ ਨੂੰ ਉਸ ਜ਼ਮੀਨ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਸੀ ਜਿਸ 'ਤੇ ਸਸਕਾਰ ਕੀਤਾ ਜਾ ਸਕਦਾ ਸੀ। ਇਹ ਪਹਿਲਾ ਸਰੋਤ ਜਾਪਦਾ ਹੈ ਜੋ ਦੱਸਦਾ ਹੈ ਕਿ ਟੋਡਰ ਮੱਲ ਨੂੰ ਅਧਿਕਾਰੀਆਂ ਨੂੰ ਪੈਸੇ ਦੇਣੇ ਪਏ ਸਨ।

ਵੀਹਵੀਂ ਸਦੀ ਦੇ ਆਧੁਨਿਕ ਇਤਿਹਾਸਕਾਰਾਂ (ਸਿੱਖਾਂ ਸਮੇਤ) ਨੇ ਗੁਰੂ ਕਾਲ ਦਾ ਇਤਿਹਾਸ ਲਿਖਣ ਸਮੇਂ ਕਵੀ ਸੰਤੋਖ ਸਿੰਘ ਨੂੰ ਨਜ਼ਰਅੰਦਾਜ਼ ਕੀਤਾ ਜਾਪਦਾ ਹੈ। ਜੌਹਨ ਮੈਲਕਮ (1812), ਜੇ.ਡੀ. ਕਨਿੰਘਮ (1853), ਅਤੇ ਸੱਯਦ ਮੁਹੰਮਦ ਲਤੀਫ਼ (1891) ਨੂੰ ਸ਼ੁਰੂਆਤੀ ਗ਼ੈਰ-ਸਿੱਖ ਲੇਖਕਾਂ ਵਜੋਂ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਦਾ ਜ਼ਿਕਰ ਨਾ ਕਰਨ ਲਈ ਮੁਆਫ਼ ਕੀਤਾ ਜਾ ਸਕਦਾ ਹੈ।

ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਬਾਰੇ ਚੁੱਪ ਰਹਿਣ ਵਾਲੇ ਉੱਘੇ ਇਤਿਹਾਸਕਾਰਾਂ ਵਿੱਚ ਖਜ਼ਾਨ ਸਿੰਘ, ਗੋਪਾਲ ਸਿੰਘ, ਇੰਦੂਭੂਸ਼ਨ ਬੈਨਰਜੀ, ਗੋਕੁਲ ਚੰਦ ਨਾਰੰਗ, ਤੇਜਾ ਸਿੰਘ ਅਤੇ ਗੰਡਾ ਸਿੰਘ, ਖ਼ੁਸ਼ਵੰਤ ਸਿੰਘ, ਜੇ.ਐੱਸ. ਗਰੇਵਾਲ, ਸੁਰਜੀਤ ਸਿੰਘ ਗਾਂਧੀ ਸਮੇਤ ਕੁਝ ਹੋਰ ਸ਼ਾਮਲ ਹਨ। ਕਰਤਾਰ ਸਿੰਘ ਦੁਆਰਾ ਲਿਖੀ 'Life of Guru Gobind Singh' (1951) ਵਿੱਚ ਟੋਡਰ ਮੱਲ ਦਾ ਜ਼ਿਕਰ ਤਾਂ ਹੈ, ਪਰ ਇਹ ਕਿਤਾਬ ਵੀ ਸਾਹਿਬਜ਼ਾਦਿਆਂ ਦੇ ਸਸਕਾਰ ਬਾਰੇ ਚੁੱਪ ਹੈ।

1972 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਫੌਜਾ ਸਿੰਘ ਦੁਆਰਾ ਸੰਪਾਦਿਤ 'ਸ਼ਿਰਹਿੰਦ ਠਹਰੋਗਹ ਠਹਏ ਅਗੲਸ' ਨਾਮਕ ਕਿਤਾਬ ਪ੍ਰਕਾਸ਼ਿਤ ਕੀਤੀ। ਇਸ ਪੁਸਤਕ ਵਿੱਚ ਸਰਹਿੰਦ ਬਾਰੇ ਉੱਘੇ ਇਤਿਹਾਸਕਾਰਾਂ ਦੇ ਵਿਸਤਾਰ ਵਿੱਚ ਕੁਝ ਲੇਖ ਸਨ।

ਗੁਰਬਖਸ਼ ਸਿੰਘ ਨੇ ਇਸ ਵਿੱਚ ਸੇਠ ਟੋਡਰ ਮੱਲ ਦੇ ਨਾਮ ਹੇਠ ਟੋਡਰ ਮੱਲ ਸ਼ਾਹਜਹਾਨੀ ਦਾ ਭੁਲੇਖਾ ਖਾਧਾ ਹੈ। ਫੌਜਾ ਸਿੰਘ ਅਤੇ ਐਮ.ਐੱਸ. ਆਹਲੂਵਾਲੀਆ ਵੀ ਰਾਜਾ ਸੇਠ ਟੋਡਰ ਮੱਲ ਅਤੇ ਟੋਡਰ ਮੱਲ ਸ਼ਾਹਜਹਾਨੀ ਨੂੰ ਉਹੀ ਵਿਅਕਤੀ ਬਣਾਉਂਦੇ ਹਨ। ਪਾਠਕ ਸਰੋਤਾਂ ਵਿੱਚ ਇਹ ਸ਼ਾਇਦ ਪਹਿਲੀ ਵਾਰ ਸੀ (ਜਿੱਥੋਂ ਤੱਕ ਇਸ ਲੇਖ ਦੇ ਲੇਖਕ ਨੂੰ ਪਤਾ ਲੱਗ ਸਕਿਆ ਹੈ) ਕਿ ਚੌਧਰੀ ਅੱਟਾ ਦਾ ਨਾਮ ਸਸਕਾਰ ਲਈ ਜ਼ਮੀਨ ਵੇਚਣ ਵਾਲੇ ਵਿਅਕਤੀ ਵਜੋਂ ਸੀ। ਇਨ੍ਹਾਂ ਵਿੱਚੋਂ ਕੋਈ ਵੀ ਇਤਿਹਾਸਕਾਰ ਇਸ ਦਾ ਹਵਾਲਾ ਨਹੀਂ ਦਿੰਦਾ, ਪਰ ਵਜ਼ੀਰ ਖ਼ਾਨ ਨੂੰ ਸਰਹਿੰਦ ਸਰਕਾਰ ਲਈ ਫ਼ੌਜਦਾਰ, ਅਮੀਨ ਅਤੇ ਦੀਵਾਨ ਵਜੋਂ ਸਹੀ ਢੰਗ ਨਾਲ ਦਰਸਾਉਂਦਾ ਹੈ। ਇਸ ਪ੍ਰਚੱਲਿਤ ਪਰੰਪਰਾ ਦੇ ਉਲਟ ਜੋ ਵਜ਼ੀਰ ਖ਼ਾਨ ਸੂਬੇਦਾਰ ਜਾਂ ਗਵਰਨਰ ਸੀ, ਇਸ ਸਮੇਂ ਦੌਰਾਨ ਸਰਹਿੰਦ ਸੂਬਾ ਨਹੀਂ ਸੀ।

ਇਸ ਤੋਂ ਇਹ ਸਿੱਟਾ ਨਿਕਲਦਾ ਹੈ: ਗੁਰੂ ਕੀਆਂ ਸਾਖੀਆਂ ਦਾ ਹਵਾਲਾ ਦੁੱਨਾ ਸਿੰਘ ਤਰਖਾਣ ਦਾ ਹੈ ਜੋ 'ਕਥਾ ਗੁਰੂ ਜੀ ਕੇ ਸੁਤਨ ਕੀ' ਦਾ ਲੇਖਕ ਹੈ। ਦੋਵੇਂ ਸਰੋਤਾਂ ਵਿੱਚ ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੀ ਦਾਦੀ ਕਰੀਮ ਬਖਸ਼ ਮਾਸ਼ਕੀ ਦੇ ਘਰ ਅਤੇ ਫਿਰ ਸਹੇੜੀ ਵਿਖੇ ਰਹਿਣ ਦਾ ਜ਼ਿਕਰ ਕਰਦੇ ਹਨ, ਉਹ ਦੋ ਮਸੰਦਾਂ ਦੇ ਨਾਲ ਗਏ ਸਨ ਹਾਲਾਂਕਿ ਗੁਰੂ ਕੀਆਂ ਸਾਖੀਆਂ ਵਿੱਚ ਉਨ੍ਹਾਂ ਦੇ ਨਾਮ ਨਹੀਂ ਦੱਸੇ ਗਏ ਹਨ।

ਕਥਾ ਗੁਰੂ ਕੇ ਸੁਤਨ ਕੀ ਅਤੇ ਕਵੀ ਸੰਤੋਖ ਸਿੰਘ ਟੋਡਰ ਮੱਲ ਨੂੰ ਸਿੱਖ ਕਹਿੰਦੇ ਹਨ। ਬਾਅਦ ਵਿੱਚ ਕਿਹਾ ਗਿਆ ਹੈ ਕਿ ਉਹ ਇੱਕ ਅਮੀਰ ਸਿੱਖ ਹੈ। ਸਾਰੇ ਸਰੋਤ ਦੱਸਦੇ ਜਾਂ ਸੁਝਾਅ ਦਿੰਦੇ ਹਨ ਕਿ ਟੋਡਰ ਮੱਲ ਸਿੱਖ ਸੀ (ਖਾਲਸਾ ਨਹੀਂ)। ਜੇਕਰ ਉਹ ਜੈਨ ਨਹੀਂ ਸੀ ਤਾਂ ਇਸ ਹਮੇਸ਼ਾ ਲਈ ਚੱਲ ਰਹੀ ਬਹਿਸ ਨੂੰ ਹੱਲ ਕਰਨਾ ਚਾਹੀਦਾ ਹੈ।

ਗੁਰੂ ਕੀਆਂ ਸਾਖੀਆਂ ਨੇ ਟੋਡਰ ਮੱਲ ਨੂੰ ਦੀਵਾਨ ਟੋਡਰ ਮੱਲ ਕਪੂਰ ਕਹਿ ਕੇ ਸੰਬੋਧਨ ਕੀਤਾ। ਇਹ ਮੰਨਣਾ ਸਹੀ ਹੈ ਕਿ ਉਹ ਇੱਕ ਪ੍ਰਭਾਵਸ਼ਾਲੀ ਵਿਅਕਤੀ ਸੀ ਜੋ ਸਰਕਾਰੇ ਦਰਬਾਰੇ ਬਹੁਤ ਅੰਦਰੂਨੀ ਦਾਇਰਿਆਂ ਵਿੱਚ ਵਿਚਰਦਾ ਸੀ ਕਿਉਂਕਿ ਉਸ ਨੇ ਨਿਡਰ ਤੇ ਬੇਝਿਜਕ ਹੋ ਕੇ ਸਸਕਾਰ ਦਾ ਹੱਕ ਹਾਸਲ ਕੀਤਾ। ਉਸ ਨੂੰ 'ਰਾਜ ਦੇ ਬਾਗ਼ੀਆਂ' ਦਾ ਸਸਕਾਰ ਕਰਨ ਦੀ ਇਜਾਜ਼ਤ ਦਿੱਤੀ ਗਈ ਜਿਨ੍ਹਾਂ ਨੂੰ ਵਜ਼ੀਰ ਖ਼ਾਨ ਦੇ ਦਰਬਾਰ ਵਿੱਚ ਸ਼ਹੀਦ ਕੀਤਾ ਗਿਆ ਸੀ। ਭੱਟ ਵੰਸ਼ਾਵਲੀ ਦੇ ਵੇਰਵਿਆਂ ਨੂੰ ਰੱਖਣ ਵਿੱਚ ਮਾਹਿਰ ਹਨ। ਇਸ ਲਈ ਜਦੋਂ ਸਵਰੂਪ ਸਿੰਘ ਕੌਸ਼ਿਸ਼, ਟੋਡਰ ਮੱਲ ਨੂੰ ਕਪੂਰ (ਇੱਕ ਖੱਤਰੀ) ਵਜੋਂ ਬਿਆਨ ਕਰਦਾ ਹੈ ਤਾਂ ਇਸ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਗੁਰੂ ਕੀਆਂ ਸਾਖੀਆਂ ਨੇ ਟੋਡਰ ਮੱਲ ਨੂੰ ਦੀਵਾਨ ਕਿਹਾ ਹੈ। 'ਸ਼ਿਰਹਿਨਦ ਟਹਰੋਗਹ ਓਗੲਸ' ਸਹੀ ਦੱਸਦਾ ਹੈ ਕਿ ਵਜ਼ੀਰ ਖ਼ਾਨ ਸਰਹਿੰਦ ਸਰਕਾਰ ਦਾ ਫ਼ੌਜਦਾਰ, ਅਮੀਨ ਅਤੇ ਦੀਵਾਨ ਸੀ। ਇਸ ਲਈ ਟੋਡਰ ਮੱਲ, ਵਜ਼ੀਰ ਖ਼ਾਨ ਦੇ ਦਰਬਾਰ ਵਿੱਚ ਦੀਵਾਨ ਨਹੀਂ ਮੰਨਿਆ ਜਾ ਸਕਦਾ। ਇਹ ਸੁਝਾਅ ਦੇਣਾ ਇੱਕ ਧਾਰਨਾ ਹੋਵੇਗੀ ਕਿ ਉਹ ਟੋਡਰ ਮੱਲ ਸ਼ਾਹਜਹਾਨੀ ਦਾ ਪੋਤਾ ਜਾਂ ਵੰਸ਼ਜ ਹੋ ਸਕਦਾ ਹੈ ਅਤੇ ਉਸੇ ਦੇ ਨਾਮ 'ਤੇ ਉਸ ਦਾ ਨਾਮ ਰੱਖਿਆ ਗਿਆ ਹੋ ਸਕਦਾ ਹੈ ਅਤੇ ਸਥਾਨਕ ਲੋਕ ਉਸ ਦੇ ਪ੍ਰਸਿੱਧ ਦਾਦਾ ਜਾਂ ਪੂਰਵਜ ਕਾਰਨ ਦੀਵਾਨ ਪਿਛੇਤਰ ਦੀ ਵਰਤੋਂ ਉਨ੍ਹਾਂ ਦੇ ਨਾਮ ਨਾਲ ਕਰਦੇ ਹੋ ਸਕਦੇ ਹਨ।

ਵੀਹਵੀਂ ਸਦੀ ਦੇ ਸਰੋਤਾਂ ਵਿੱਚ ਹੀ ਉਸ ਨੂੰ ਸ਼ਾਹੂਕਾਰ ਕਿਹਾ ਗਿਆ ਸੀ। ਸਿੱਖ ਇਤਿਹਾਸ ਦੀ ਅਜਿਹੀ ਅਹਿਮ ਸ਼ਖ਼ਸੀਅਤ ਬਾਰੇ ਅਟਕਲਾਂ ਤੋਂ ਬਚਣਾ ਚਾਹੀਦਾ ਹੈ। ਇਹ ਮੰਨਣਾ ਠੀਕ ਹੈ ਕਿ ਸਾਡੇ ਕੋਲ ਟੋਡਰ ਮੱਲ ਬਾਰੇ ਸੀਮਤ ਜਾਣਕਾਰੀ ਹੈ। ਕਿਸੇ ਵੀ ਇਤਿਹਾਸਕ ਸ਼ਖ਼ਸੀਅਤ ਵਿੱਚ ਮਿਥਿਹਾਸ ਜੋੜ ਕੇ, ਅਸੀਂ ਉਸ ਦਾ ਅਤੇ ਵਿਆਪਕ ਭਾਈਚਾਰੇ ਦਾ ਬਹੁਤ ਵੱਡਾ ਨੁਕਸਾਨ ਕਰਦੇ ਹਾਂ ਕਿਉਂਕਿ ਅੰਤ ਵਿੱਚ ਉਨ੍ਹਾਂ ਦੀ ਹੋਂਦ ਦੀ ਪ੍ਰਮਾਣਿਕਤਾ ਬਾਰੇ ਸਵਾਲ ਉਠਾਏ ਜਾ ਸਕਦੇ ਹਨ।

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਗਿ. ਸੋਹਣ ਸਿੰਘ ਸੀਤਲ

ਲੜੀਵਾਰ ਕਿਸ਼ਤ - 45



**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

ਇਹ ਸਾਰਾ ਪ੍ਰਬੰਧ ਕਰਕੇ ਤੁਰਨ ਲੱਗੇ ਹਾਰਡਿੰਗ ਨੇ ਕੌਂਸਲ ਨੂੰ ਇਉਂ ਕਿਹਾ: ''ਸਫ਼ਲਤਾ ਤੇ ਅਸਫਲਤਾ ਤੁਹਾਡੇ ਆਪਣੇ ਹੱਥ ਵਿਚ ਹੈ। ਮੈਂ ਤੁਹਾਡੀ ਸਹਾਇਤਾ ਕਰਨ ਤੋਂ ਕਦੇ ਮੂੰਹ ਨਹੀਂ ਮੋੜਾਂਗਾ। ਪਰ ਜੇ ਤੁਸਾਂ ਇਹ ਵੇਲਾ ਹੱਥੋਂ ਗੁਆ ਲਿਆ, ਤਾਂ ਅੰਗਰੇਜ਼ਾਂ ਵੱਲੋਂ ਕੋਈ ਮਦਦ ਵੀ ਤੁਹਾਡੀ ਰਿਆਸਤ ਨੂੰ ਬਚਾ ਨਹੀਂ ਸਕੇਗੀ।''

ਹਾਰਡਿੰਗ ਤੇ ਗਫੋ ਪੰਜਾਬ ਨੂੰ ਛੱਡ ਕੇ ਚਲੇ ਗਏ। ਪਿੱਛੋਂ ਸਿੱਖ ਹਕੂਮਤ ਕਿਸ ਢੰਗ ਦੀ ਰਹਿ ਗਈ ਸੀ ਮੈਕਗ੍ਰੇਗਰ ਲਿਖਦਾ ਹੈ : ''ਲਾਹੌਰ ਦੀ ਸਿੱਖ ਹਕੂਮਤ ਅਸਲ ਅਰਥਾਂ ਵਿਚ ਮੁੱਕ ਚੁੱਕੀ ਹੈ। ਵਿਖਾਵੇ ਮਾਤਰ ਉਸ ਵਿਚ ਇਕ ਬਾਦਸ਼ਾਹ, ਇਕ ਵਜ਼ੀਰ (ਪ੍ਰਧਾਨ ਮੰਤਰੀ) ਤੇ ਇਕ ਫ਼ੌਜ ਹੈ, ਮਗਰ ਸਾਰੇ ਦੇ ਸਾਰੇ ਅੰਗਰੇਜ਼ੀ ਤਾਕਤ ਦੇ ਆਸਰੇ ਥੱਲੇ ਹਨ। ਬਾਦਸ਼ਾਹ ਜਾਂ ਮਹਾਰਾਜਾ ਦਲੀਪ ਸਿੰਘ ਇਕ ਕਠਪੁਤਲੀ ਹੈ, ਜਿਸ ਦੀ ਅਸਲ ਅਰਥਾਂ ਵਿਚ ਕੋਈ ਤਾਕਤ ਨਹੀਂ ਹੈ, ਤੇ ਜੋ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਅਧੀਨ ਹੈ। ਸਹੀ ਅਰਥਾਂ ਵਿਚ ਅੰਗਰੇਜ਼ ਇਸ ਵੇਲੇ ਪੰਜਾਬ ਦੇ ਹਾਕਮ ਹਨ।

**ਲਾਲ ਸਿੰਘ ਨੂੰ ਦੇਸ ਨਿਕਾਲਾ**

ਸਿੱਖਾਂ ਨਾਲ ਐਨੀ ਗ਼ੱਦਾਰੀ ਕਰਕੇ ਲਾਲ ਸਿੰਘ ਐਹੋ ਜੇਹੀ-ਨਾਮ ਧਰੀਕ -ਹਕੂਮਤ ਦਾ ਵਜ਼ੀਰ ਬਣਿਆਂ, ਪਰ ਇਹ ਖ਼ੁਸ਼ੀ ਵੀ ਉਹਨੂੰ ਬਹੁਤਾ ਚਿਰ ਭੋਗਣੀ ਨਸੀਬ ਨਾ ਹੋਈ। ਲਾਹੌਰ ਦਰਬਾਰ ਵੱਲੋਂ ਸ਼ੇਖ਼ ਇਮਾਮੁੱਦੀਨ ਕਸ਼ਮੀਰ ਦਾ ਗਵਰਨਰ ਸੀ। ਉਸਨੇ

ਪਿੱਛੇ ਲਿਖਿਆ ਜਾ ਚੁਕਾ ਹੈ, ਕਿ ਪੰਜਾਬ ਨੂੰ ਕੰਪਨੀ ਦੇ ਰਾਜ ਵਿਚ ਮਿਲਾ ਲੈਣਾ ਅੰਗਰੇਜ਼ਾਂ ਦੀ ਸ਼ਕਤੀ ਤੋਂ ਬਾਹਰ ਸੀ। ਹਾਂ, ਉਹਨਾਂ ਨੇ ਆਪਣੀ ਮੁਰਾਦ ਪੂਰੀ ਕਰਨ ਬਦਲੇ ਪੈਰ ਧਰਨ ਜੋਗਾ ਥਾਂ ਬਣਾ ਲਿਆ ਸੀ। ਪੰਜਾਬੋਂ ਤੇ ਕਬਜ਼ਾ ਕਰਨ ਦਾ ਫੁਰਨਾ ਅੰਗਰੇਜ਼ ਦੇ ਦਿਲ ਚੋਂ ਕਿਸੇ ਵੇਲੇ ਵੀ ਨਹੀਂ ਨਿਕਲਦਾ ਸੀ। ਮੈਕਗ੍ਰੇਗਰ ਲਿਖਦਾ ਹੈ : ''ਅੰਤ ਇਕ ਦਿਨ- ਛੇਤੀ ਜਾਂ ਚਿਰ ਪਾ ਕੇ ਸਾਨੂੰ ਅਵੱਸ਼ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣਾ ਪਵੇਗਾ। ਭਾਵੇਂ ਕਿੰਨਾ ਖ਼ਰਚ ਤੇ ਮਿਹਨਤ ਕਰਨੀ ਪਵੇ, ਆਖ਼ਰ ਇਹ ਇਲਾਕੇ ਸਰਕਾਰ ਅੰਗਰੇਜ਼ੀ ਦੇ ਅਧੀਨ ਚੰਗੇ ਉਪਜਾਊ ਹੋਣਗੇ।''

**ਹਾਰਡਿੰਗ ਦੀ ਦਿਲੀ ਖ਼ਾਹਸ਼**

ਲਾਰਡ ਹਾਰਡਿੰਗ ਦੀ ਇਹ ਪਰਬਲ ਇੱਛਿਆ ਸੀ, ਕਿ ਉਹ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਿਆ ਵੇਖੇ ਪਰ ਗਵਰਨਰ ਜੈਨਰਲ ਹੁੰਦਿਆਂ ਹੋਇਆਂ ਉਹਦੀ ਇਹ ਆਸ ਪੂਰੀ ਨਾ ਹੋਈ। ਇਸ ਗੱਲ ਦਾ ਸਬੂਤ ਉਹਦੇ ਆਪਣੇ ਸ਼ਬਦਾਂ ਤੋਂ ਮਿਲਦਾ ਹੈ, ਜੋ ਉਹਨੇ ੧੯ ਦਸੰਬਰ, ੧੮੪੬ ਈ. ਨੂੰ ਫ਼ਰੈਡਰਿਕ ਕਰੀ ਨੂੰ ਲਿਖੇ ਸਨ, ''ਜ਼ਾਤੀ ਤੌਰ 'ਤੇ ਮੈਨੂੰ ਇਹ ਅਫ਼ਸੋਸ ਹੀ ਰਹੇਗਾ, ਕਿ ਅੰਗਰੇਜ਼ੀ ਝੰਡਾ ਸਿੰਧ ਦੇ ਕੰਢਿਆਂ 'ਤੇ ਗੱਡਣਾ ਮੇਰੀ ਕਿਸਮਤ ਵਿਚ ਨਹੀਂ ਸੀ।'' ਮਾਰਚ, ੧੮੪੬ ਈ. ਦੀ ਸੁਲ੍ਹਾ ਵਿਚ ਜੋ ਕੁਛ ਉਹ ਕਰ ਸਕਦਾ ਸੀ, ਕੀਤਾ ਤੇ ਅੱਗੇ ਵਾਸਤੇ ਉਹ ਪੰਜਾਬ ਨੂੰ ਵਧੇਰੇ ਪੱਕੇ ਹੱਥਾਂ ਨਾਲ ਕਾਬੂ ਕਰਨਾ ਚਾਹੁੰਦਾ ਸੀ। ਦੂਜੇ ਪਾਸੇ ਸਿੱਖਾਂ ਦੇ ਕੁਛ ਸਰਦਾਰ ਤਾਂ ਅੰਗਰੇਜ਼ਾਂ ਦੇ ਬਿਲਕੁਲ ਪਿੱਠੂ ਸਨ।(ਜਿਵੇਂ ਤੇਜ ਸਿੰਘ) ਤੇ ਕੁਛ ਉਹਨਾਂ ਦੀਆਂ ਡੂੰਘੀਆਂ ਚਾਲਾਂ ਨੂੰ ਸਮਝਣ ਦੀ ਲੋੜ ਨਹੀਂ ਸਨ ਸਮਝਦੇ। ਜਿਹੜੇ ਕੁਛ ਦੇਸ਼ ਨਾਲ ਪਿਆਰ ਰਖਦੇ ਸਨ ਤੇ ਅੰਗਰੇਜ਼ਾਂ ਦੀ ਨੀਤੀ ਨੂੰ ਵੀ ਸਮਝਦੇ ਸਨ, ਉਹਨਾਂ ਵਿਚ ਦੀਵਾਨ ਦੀਨਾ ਨਾਥ ਤੇ ਮਹਾਰਾਣੀ ਜਿੰਦ ਕੌਰਾਂ ਮੁਹਰੀ ਸਨ ਤੇ ਇਹ ਦੋਵੇਂ ਅੰਗੇਰਜ਼ਾਂ ਦੇ ਦਿਲਾਂ ਵਿਚ ਕੰਡੇ ਵਾਂਗ ਰੜਕਦੇ ਸਨ। ੧੮੪੬ ਈ। ਦਾ ਸਾਲ ਮੁਕਣ 'ਤੇ ਆ ਗਿਆ ਸੀ ਤੇ ਪਹਿਲੀ ਸੁਲ੍ਹਾ ਅਨੁਸਾਰ ਲਾਹੌਰ ਵਿਚਲੀ ਅੰਗਰੇਜ਼ੀ ਫ਼ੌਜ ਨੇ

**ਭਰੋਵਾਲ ਦੀ ਸੁਲ੍ਹਾ ਕਿੰਨ੍ਹਾ ਹਾਲਾਤ ਥੱਲੇ ਹੋਈ**

ਚਲੀ ਜਾਣਾ ਸੀ। ਲਾਰਡ ਹਾਰਡਿੰਗ ਕਿਸੇ ਨਵੀਂ ਸੁਲ੍ਹਾ ਰਾਹੀਂ ਪੰਜਾਬ ਉੱਤੇ ਅੱਗੇ ਨਾਲੋਂ ਵੀ ਕਰੜਾ ਫ਼ੌਜੀ ਕਬਜ਼ਾ ਰੱਖਣਾ ਚਾਹੁੰਦਾ ਸੀ, ਪਰ ਇਹ ਵੀ ਚਾਹੁੰਦਾ ਸੀ ਕਿ ਨਵੀਂ ਸੁਲ੍ਹਾ ਵਾਸਤੇ ਅਪੀਲ ਵੀ ਸਿੱਖ ਸਰਦਾਰਾਂ ਕੋਲੋਂ ਹੀ ਕਰਾਈ ਜਾਵੇ। ਉਸਦਾ ਆਪਣਾ ਸਕੱਤਰ ਫ਼ਰੈਡਰਿਕ ਕਰੀ ਲਾਹੌਰ ਰਹਿੰਦਾ ਸੀ। ਉਸਨੂੰ ਗੁਪਤ ਚਿੱਠੀਆਂ ਵਿਚ ਹਾਰਡਿੰਗ ਆਪਣੇ ਦਿਲੀ ਭਾਵ ਲਿਖਦਾ ਰਹਿੰਦਾ ਸੀ। ਏਧਰ 'ਕਰੀ' ਤੇ ਹੈਨਰੀ ਲਾਰੰਸ, ਸਿੱਖ ਸਰਦਾਰਾਂ ਨੂੰ ਏਸ ਨਵੇਂ ਜਾਲ ਵਿਚ ਫਸਾਉਣ ਦਾ ਜਤਨ ਕਰ ਰਹੇ ਸਨ। ਮਹਾਰਾਣੀ ਜਿੰਦ ਕੌਰ ਤੇ ਦੀਨਾ ਨਾਥ ਵੀ ਚੁੱਪ ਕਰਕੇ ਨਹੀਂ ਬੈਠੇ ਹੋਏ ਸਨ। ਉਹ ਪੰਜਾਬ ਦੇ ਨਵੇਂ ਪਰਬੰਧ ਵਾਸਤੇ ਛੋਟੇ ਵੱਡੇ ਸਰਦਾਰਾਂ ਨੂੰ ਕੱਠਾ ਕਰ ਰਹੇ ਸਨ ਤਾਂਕਿ ਨਵੇਂ ਪਰਬੰਧ ਵਿਚੋਂ ਅੰਗਰੇਜ਼ਾਂ ਦਾ ਹੱਥ ਬਿਲਕੁਲ ਕੱਢ ਦਿੱਤਾ ਜਾਵੇ। ਏਸ ਧੜੇ ਨੇ ਨਵੀਂ ਸੁਲ੍ਹਾ ਦੀਆਂ ਸ਼ਰਤਾਂ ਮੰਨਣ ਤੋਂ ਨਾਂਹ ਕਰ ਦਿੱਤੀ। 'ਕਰੀ' ਇਹ ਸਾਰੇ ਸਮਾਚਾਰ

# ਸ਼ਹੇ ਸ਼ਬ ਬਰਾਮਦ ਹਮਰ ਜਲਵਾ ਜੋਸ਼

ਲਿਖਤ : ਸਰਵਜੀਤ ਸਿੰਘ ਸੈਕਰਾਮੈਂਟੋ

ਸਿੱਖ ਇਤਿਹਾਸ ਦੀਆਂ ਕਈ ਤਾਰੀਖ਼ਾਂ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਹਨ। ਇਸ ਦਾ ਕਾਰਨ ਇਹ ਹੈ ਕਿ ਜਿਹੜੀਆਂ ਇਤਿਹਾਸਿਕ ਘਟਨਾਵਾਂ ਦਾ ਵੇਰਵਾ ਵਦੀ-ਸੁਦੀ ਵਿੱਚ ਦਰਜ ਹੈ, ਉਨ੍ਹਾਂ ਨੂੰ ਲਿਖਣ ਵੇਲੇ ਵਦੀ-ਸੁਦੀ ਦੇ ਭੁਲੇਖੇ ਕਾਰਨ 15 ਦਿਨਾਂ ਦਾ ਫਰਕ ਪੈ ਜਾਣਾ ਜਾਂ ਵਦੀ-ਸੁਦੀ ਅਤੇ ਪ੍ਰਵਿਸ਼ਟਿਆਂ ਨੂੰ ਅੰਗਰੇਜੀ ਤਾਰੀਖ਼ਾਂ ਵਿੱਚ ਬਦਲੀ ਕਰਨ ਵੇਲੇ ਹੋਈਆਂ ਉਕਾਈਆਂ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਬਾਰੇ ਤਾਂ ਕੋਈ ਮੱਤ-ਭੇਦ ਨਹੀਂ ਹੈ ਪਰ ਇਸ ਇਤਿਹਾਸਿਕ ਘਟਨਾ ਦੇ ਸਾਲ ਬਾਰੇ ਜਰੂਰ ਮੱਤ-ਭੇਦ ਹਨ। ਕਈ ਵਿਦਵਾਨਾਂ ਦਾ ਮੱਤ ਹੈ ਕਿ ਇਹ ਸਾਕਾ ਸੰਮਤ 1761 ਬਿਕ੍ਰਮੀ (1704 ਈ:) ਵਿੱਚ ਵਾਪਰਿਆ ਸੀ ਅਤੇ ਕਈਆਂ ਦਾ ਮੰਨਣਾ ਹੈ ਕਿ ਇਹ ਸੰਮਤ 1762 ਬਿਕ੍ਰਮੀ (1705 ਈ:) ਵਿੱਚ ਵਾਪਰਿਆ ਸੀ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ, ਦੇਸ਼-ਵਿਦੇਸ਼ ਦੀਆਂ ਅਖ਼ਬਾਰਾਂ ਵਿੱਚ, ਪੋਹ ਮਹੀਨੇ ਦੇ ਇਤਿਹਾਸ ਨੂੰ ਮੁੱਖ ਰੱਖ ਕੇ ਛਪੇ ਲੇਖਾਂ ਵਿੱਚ, ਵੱਖ-ਵੱਖ ਲੇਖਕਾਂ ਵੱਲੋਂ ਵੱਖ-ਵੱਖ ਸਾਲ ਦਰਜ ਕੀਤੇ ਗਏ ਹਨ। ਇਕ ਅਖ਼ਬਾਰ ਵਿੱਚ ਇਕ ਲੇਖਕ ਨੇ ਤਾਂ 1704 ਈ: ਲਿਖਿਆ ਹੈ ਅਤੇ ਉਸੇ ਅਖ਼ਬਾਰ ਵਿੱਚ ਦੂਜੇ ਲੇਖਕ ਨੇ 1705 ਈ:।

ਡਾ ਹਰੀ ਰਾਮ ਗੁਪਤਾ ਲਿਖਦੇ ਹਨ, "The Chose a mud-built double storied house with a large open compound. One of its two owners offered his portion. The Guru and his Sikh hurried into it. It took Place in the evening on December 21, 1704''. (History of the Sikhs- Volume 1, Page 293) 1704 ਈ: ਮੁਤਾਬਕ ਸੰਮਤ 1761 ਬਿਕ੍ਰਮੀ ਬਣਦਾ ਹੈ, ਪਰ 21 ਦਸੰਬਰ ਤਾਰੀਖ ਠੀਕ ਨਹੀਂ। ਕਿਉਂਕਿ 1704 ਈ: ਜੂਲੀਅਨ ਹੈ। ਇਸੇ ਕਿਤਾਬ ਦੇ ਪੰਨਾ 295 ਉਪਰ ਡਾ ਹਰੀ ਰਾਮ ਗੁਪਤਾ ਲਿਖਦਾ ਹੈ, "In a few hours on a single day, the 39th birthday of the Guru". ਇਸ ਹਿਸਾਬ ਨਾਲ ਇਹ 1705 ਈ: ਬਣਦਾ ਹੈ। "It was the seventh day of the moon-lit-half month (magh shudi 7 samvat 1761)." (Page 296) ਹੁਣ ਇਥੇ ਸੰਮਤ 1761 ਬਿਕ੍ਰਮੀ ਤਾਂ ਠੀਕ ਹੈ ਪਰ ਮਹੀਨਾ ਗਲਤ ਹੈ। ਮਾਘ ਸੁਦੀ 7, ਨੂੰ 23 ਮਾਘ, 20 ਜਨਵਰੀ 1705 ਈ: ਬਣਦੀ ਹੈ। ਇਥੋਂ ਸਪੱਸ਼ਟ ਹੋ ਜਾਂਦਾ ਹੈ ਕਿ ਡਾ ਹਰੀ ਰਾਮ ਗੁਪਤਾ ਵੀ ਤਾਰੀਖ਼ਾਂ ਵਿੱਚ ਉਲਝ ਗਿਆ ਹੈ।

ਡਾ ਗੰਡਾ ਸਿੰਘ ਜੀ ਲਿਖਦੇ ਹਨ, "ਗੁਰੂ ਜੀ ਨੇ ਕਿਹਾ ਕਿ ਕੁਝ ਦਿਨ ਹੋਰ ਕੱਢੋ, ਪਰ ਜਦ ਕੁਝ ਬਣਦਾ ਨਾ ਡਿੱਠਾ ਅਤੇ ਬਹੁਤ ਸਾਰੇ ਸਿੱਖਾਂ ਦਾ ਵੀ ਇਹ ਵਿਚਾਰ ਹੋ ਗਿਆ ਤਾਂ ਅੰਤ ਗੁਰੂ ਜੀ ਨੇ ਇਨ੍ਹਾਂ ਸਾਰਿਆਂ ਦੀ ਸਲਾਹ ਮੰਨ ਕੇ ਆਨੰਦਗੜ੍ਹ ਛੱਡ ਦੇਣ ਦਾ ਫੈਸਲਾ ਕਰ ਲਿਆ। ਇਸੇ 6-7 ਪੋਹ, ਸੰਮਤ 1762 ਬਿਕਰਮੀ, 5-6 ਦਸੰਬਰ, ਸਨ 1705, ਦੀ ਰਾਤ ਨੂੰ ਆਨੰਦਪੁਰ ਖਾਲੀ ਕਰ ਦਿੱਤਾ" ... ਪੋਹ ਸੁਦੀ ਦੂਜ, 7 ਪੋਹ ਨੂੰ ਸ਼ਾਹੀ ਟਿੱਬੀ ਅਤੇ ਸਰਸਾ ਨਦੀ ਪਰ ਘਮਸਾਨ ਦੀ ਲੜਾਈ ਹੋਈ" । (ਸ੍ਰੀ ਗੁਰ ਸੋਭਾ, ਪੰਨਾ 29) ( ਨੋਟ- ਪੋਹ ਸੁਦੀ ਦੂਜ ਨੂੰ 7 ਪੋਹ ਨਹੀਂ 8 ਪੋਹ ਸੀ)

ਡਾ ਸੁਖਦਿਆਲ ਸਿੰਘ , 'ਸ਼੍ਰੋਮਣੀ ਸਿੱਖ ਇਤਿਹਾਸ' ਵਿੱਚ ਲਿਖਦੇ ਹਨ, "ਇਸ ਤਰ੍ਹਾਂ 6-7 ਪੋਹ ਸੰਮਤ 1762 ਬਿ: ਮੁਤਾਬਕ 5-6 ਦਸੰਬਰ 1705 ਈ: ਦੀ ਰਾਤ ਨੂੰ ਗੁਰੂ ਸਾਹਿਬ ਆਨੰਦਪੁਰ ਸਾਹਿਬ ਨੂੰ ਖਾਲੀ ਕਰਕੇ ਰੋਪੜ ਦੀ ਤਰਫ ਨੂੰ ਰਵਾਨਾ ਹੋ ਗਏ"। (ਪੰਨਾ 273) ਆਪਣੀ ਇਕ ਹੋਰ ਲਿਖਤ, "ਗੁਰੂ ਗੋਬਿੰਦ ਸਿੰਘ (ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ) ਇਕ ਸਰਵੇਖਣ" ਵਿੱਚ ਡਾ ਸੁਖਦਿਆਲ ਸਿੰਘ ,ਸਾਲ 1704 ਈ: ਲਿਖਦੇ ਹਨ। (ਪੰਨਾ 49-62)

ਡਾ ਹਰਜਿੰਦਰ ਸਿੰਘ ਦਿਲਗੀਰ, 'ਸਿੱਖ ਤਵਾਰੀਖ' (1469-1708) ਵਿੱਚ ਲਿਖਦੇ ਹਨ, "10 ਦਸੰਬਰ 1705 ਦੇ ਦਿਨ ਗੁਰੂ ਸਾਹਿਬ ਮੁਸਲਮਾਨਾਂ ਦੇ ਪੀਰਾਂ ਵਾਲੇ ਹਰੇ ਰੰਗ ਦੇ (ਮੁਸਲਮਾਨ ਇਨਹਾਂ ਹਰੇ ਕਪੜਿਆ ਨੂੰ ਨੀਲ ਬਸਤਰ ਕਹਿੰਦੇ ਸਨ) ਪਹਿਨ ਕੇ ਅਜਮੇਰ ਦੇ ਕਾਜ਼ੀ ਚਰਾਗ ਦੀਨ ਤੇ ਚਾਰ ਹੋਰ ਮੁਸਲਮਾਨ ਮੁਰੀਦਾਂ ਨਾਲ ਮਾਛੀਵਾੜਾ ਤੋਂ ਦੀਨਾ ਕਾਂਗੜ ਵੱਲ ਚੱਲ ਪਏ" (ਪੰਨਾ 337)

ਡਾ ਤਰਲੋਚਨ ਸਿੰਘ, 'ਸੰਖੇਪ ਜੀਵਨ ਗੁਰੂ ਗੋਬਿੰਦ ਸਿੰਘ' ਵਿੱਚ ਲਿਖਦੇ ਹਨ, "ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ 7 ਪੋਹ ਸੁਦੀ ਦੂਜ ਸੰਮਤ 1762 ਬਿ: (6 ਦਸੰਬਰ 1705 ਈ:) ਤੋਂ ਪੂਰੀ ਤਿਆਰੀ ਕਰ ਕੇ ਕੂਚ ਕਰ ਦਿੱਤਾ" (ਪੰਨਾ 47) (ਨੋਟ- 7 ਪੋਹ, 6 ਦਸੰਬਰ ਨੂੰ ਪੋਹ ਸੁਦੀ ਦੂਜ ਨਹੀਂ, ਪੋਹ ਸੁਦੀ ਏਕਮ ਸੀ)

ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ ਉਪਰ ਵੀ 1705 ਈ: ਭਾਵ ਸੰਮਤ 1762 ਬਿ: ਹੀ ਦਰਜ ਹੈ, "Sri Guru Gobind Singh Ji's two younger sons, Zorawar Singh (b. 1696) and Fateh Singh (b.1699), and his mother, Mata Gujari, were after the evacuation of Anandpur betrayed by their old servant and escort, Gangu, to the faujdar of Sirhind, who had the young children executed on 13 December 1705". (SGPC.net) (ਨੋਟ-13 ਦਸੰਬਰ ਨੂੰ 14 ਪੋਹ ਸੀ)

ਸੰਮਤ 1762 ਬਿ: (1705 ਈ:) ਲਿਖਣ ਵਾਲਿਆਂ ਦਾ ਵਸੀਲਾ ਭੱਟ ਵਹੀਆਂ ਹਨ, "ਜੀਵਨ ਸਿੰਘ ਬੇਟਾ ਆਗਿਆ ਕਾ ਪੋਤਾ ਦੂੱਲੇ ਕਾ... ਬਾਸੀ ਦਿੱਲੀ, ਮੁਹੱਲਾ ਦਿਲਵਾਲੀ ਸਿੱਖਾਂ, ਸੌ ਸਿੱਖਾਂ ਕੇ ਗੈਲ ਸੰਮਤ ਸਤਰਾਂ ਸੈ ਬਾਸਠ ਪੋਖ ਮਾਸੇ ਸੁਦੀ ਦੂਜ ਵੀਰਵਾਰ ਕੇ ਦਿਹੁੰ ਸਰਸਾ ਨਦੀ ਕੇ ਤੀਰ ਰਾਜਾ ਅਜਮੇਰ ਚੰਦ ਬੇਟਾ ਭੀਮ ਚੰਦ ਕਾ...ਰਾਣੇ ਕੀ ਫੌਜ ਗੈਲ ਦਸ ਘਰੀ ਜੂਝ ਕੇ ਮਰਾ" (ਡਾ ਦਿਲਗੀਰ, ਸਿੱਖ ਤਵਾਰੀਖ 1469-1708, ਪੰਨ 333)

ਸੰਮਤ ਸਤਰਾਂ ਸੈ ਬਾਸਠ ਜੇਠ ਦਿਹੁੰ ਪਾਂਚ ਗਏ ਅਨੰਦਪੁਰ ਗਾਮ ਕੋ ਚਵ੍ਹਾਂ-ਦਿਸ਼ਾ ਸੇ ਘੇਰ ਲਿਆ।... ਸੰਮਤ ਸਤਰਾਂ ਸੈ ਬਾਸਠ ਪੋਖ ਮਾਸੇ ਦਿਹੁੰ ਪਾਂਚ ਗਏ ਦੱਖਨ ਦਿਸ਼ਾ ਸੇ ਸ਼ਾਹੀ ਕਾਜ਼ੀ ਬਾਦਸ਼ਾਹੀ ਪਰਵਾਨਾ ਲੈ ਕੇ ਕਿਲਾ ਅਨੰਦ ਗੜ੍ਹ ਆਇ ਗਿਆ" (ਪਿਆਰਾ ਸਿੰਘ ਪਦਮ, ਗੁਰੂ ਕੀਆਂ ਸਾਖੀਆਂ ਪੰਨਾ 152)

ਇਹ ਸਾਰੇ ਹਵਾਲੇ ਵੇਖ ਕੇ ਤਾਂ ਇਹ ਮੰਨਣ ਵਿੱਚ ਕੋਈ ਦਿੱਕਤ ਨਹੀਂ ਹੋਣੀ ਚਾਹੀਦੀ ਕਿ ਇਹ ਇਤਿਹਾਸਿਕ ਵਾਕਿਆ, ਸੰਮਤ 1762 ਬਿਕ੍ਰਮੀ (1705 ਈ:) ਵਿੱਚ ਹੀ ਵਾਪਰਿਆ ਹੋਵੇਗਾ। ਪਰ...

ਸਾਰੇ ਇਤਿਹਾਸਕਾਰ ਇਸ ਗੱਲ ਤੇ ਵੀ ਸਹਿਮਤ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ, ਬਾਦਸ਼ਾਹ ਔਰੰਗਜੇਬ ਨੂੰ ਫ਼ਾਰਸੀ ਵਿੱਚ ਇਕ ਪੱਤਰ ਲਿਖਿਆ ਸੀ ਜਿਸ ਨੂੰ 'ਜ਼ਫ਼ਰਨਾਮਾ' ਭਾਵ ਜਿੱਤ ਦਾ ਪੱਤਰ ਕਿਹਾ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਪੱਤਰ ਵਿੱਚ ਚਮਕੌਰ ਦੀ ਜੰਗ, ਸਾਕਾ ਸਰਹਿੰਦ ਅਤੇ ਉਸ ਦੇ ਅੱਗੜ-ਪਿੱਛੜ ਦੇ ਹਾਲਤ ਦਾ ਬੜੀ ਬਰੀਕੀ ਅਤੇ ਬੇਬਾਕੀ ਨਾਲ ਵਰਣਨ ਕੀਤਾ ਹੈ। ਉਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਇਕ ਥਾਂ ਲਿਖਦੇ ਹਨ,

ਚਰਾਗਿ ਜਹਾਂ ਚੂੰ ਸ਼ੁਦਹ ਬੁਰਕਾਹ ਪੋਸ਼।
ਸ਼ਹੇ ਸ਼ਬ ਬਰਾਮਦ ਹਮਹ ਜਲਵਾ ਜੋਸ਼। 42

(ਜਦ) ਸੰਸਾਰ ਦਾ ਦੀਪਕ (ਸੂਰਜ) ਪਰਦੇ ਵਿੱਚ ਆ ਗਿਆ (ਭਾਵ ਡੁਬ ਗਿਆ) (ਤਦ) ਰਾਤ ਦਾ ਸੁਆਮੀ (ਚੰਦ੍ਰਮਾ) ਬਹੁਤ ਪ੍ਰਕਾਸ਼ ਨਾਲ ਨਿਕਲ ਆਇਆ। (ਡਾ ਰਤਨ ਸਿੰਘ ਜੱਗੀ)

ਡਾ ਸੁਖਦਿਆਲ ਸਿੰਘ, 'ਜਫਰਨਾਮਾ, ਇਤਿਹਾਸਕ ਅਤੇ ਰਾਜਨੀਤਿਕ ਸੰਦਰਭ ਵਿੱਚ', ਲਿਖਦੇ ਹਨ, "ਸੂਰਜ ਦੇ ਛਿਪਣ ਦਾ ਜਿਕਰ ਦਰਸਾਉਂਦਾ ਹੈ ਕਿ ਦਿਨ ਖ਼ਤਮ ਹੋ ਗਿਆ ਸੀ ਰਾਤ ਪੈ ਗਈ ਸੀ ਕਿਉਂਕਿ ਚੰਦ੍ਰਮਾ ਦੇ ਪੂਰੀ ਸਜਧਜ ਨਾਲ ਚੜ੍ਹਨ ਦਾ ਜਿਕਰ ਹੈ। ਇਹ ਰਾਤ ਜਾਂ ਤਾਂ ਚੌਦਸ ਦੀ ਹੋਵੇਗੀ ਤੇ ਜਾਂ ਪੂਰਨਮਾਸ਼ੀ ਦੀ। ਕਈਆਂ ਨੇ ਇਸ ਰਾਤ ਨੂੰ ਤਰੋਦਸੀ (ਚਾਨਣੇ ਪੱਖ ਦੀ ਤੇਰਵੀਂ ਰਾਤ) ਕਿਹਾ ਹੈ ਪਰ ਤਰੋਦਸ ਨੂੰ ਚੰਦਰਮਾ ਪੂਰੀ ਸੱਜ ਧੱਜ ਵਾਲਾ ਨਹੀਂ ਹੁੰਦਾ"। (ਪੰਨਾ 115)

ਹੁਣ ਜੇ ਅਸੀ ਉਪ੍ਰੋਕਤ ਵਰਨਣ ਸੰਮਤ 1762 ਬਿ: (1705 ਈ:) ਦੇ ਪੋਹ ਮਹੀਨੇ ਵਿੱਚ ਚੰਦ ਦੀ ਦਿਸ਼ਾ ਵੇਖੀਏ ਤਾਂ 6 ਪੋਹ (5 ਦਸੰਬਰ 1705 ਈ: ਜੂਲੀਅਨ) ਦਿਨ ਬੁੱਧਵਾਰ ਨੂੰ, ਪੋਹ ਦੀ ਮੱਸਿਆ ਸੀ। ਇਸ ਮੁਤਾਬਕ 7 ਪੋਹ ਨੂੰ, ਪੋਹ ਸੁਦੀ ਏਕਮ ਸੀ। 7 ਪੋਹ ਦਿਨ ਵੀਰਵਾਰ ਨੂੰ, ਚੰਦ 6:27 ਫੰ ਤੇ ਛਿਪ ਗਿਆ ਸੀ। ਸ਼ੁਕਰਵਾਰ, 8 ਪੋਹ ਨੂੰ ਪੋਹ ਸੁਦੀ ਦੂਜ ਸੀ ਅਤੇ ਚੰਦ 7.32 ਫੰ ਤੇ ਛਿਪ ਗਿਆ ਸੀ। ਸਪੱਸ਼ਟ ਹੈ ਚੰਦ ਦੀ ਇਹ ਦਿਸ਼ਾ, "ਸ਼ਹੇ ਸ਼ਬ ਬਰਾਮਦ ਹਮਹ ਜਲਵਾ ਜੋਸ਼" ਤੇ ਪੂਰੀ ਨਹੀਂ ਢੁੱਕਦੀ।

ਆਓ ਹੁਣ ਸੰਮਤ 1761 ਬਿ: (1704 ਈ:) ਵਿੱਚ ਚੰਦ ਦੀ ਦਿਸ਼ਾ ਵੇਖੀਏ। ਇਸ ਸਾਲ ਇਕ ਪੋਹ (30 ਨਵੰਬਰ, 1704 ਈ: ਜੂਲੀਅਨ) ਦਿਨ ਵੀਰਵਾਰ ਨੂੰ ਮੱਘਰ ਦੀ ਪੂੰਨਿਆ ਸੀ। 2 ਪੋਹ ਨੂੰ, ਪੋਹ ਵਦੀ ਏਕਮ ਸੀ। 8 ਪੋਹ ਸੰਮਤ 1761 ਬਿ: (7 ਦਸੰਬਰ) ਦਿਨ ਵੀਰਵਾਰ ਨੂੰ ਪੋਹ ਵਦੀ 7 ਸੀ। ਇਸ ਦਿਨ ਚੰਦ 11:47 ਫੰ ਤੇ ਚੜਿਆ ਸੀ। ਸ਼ੁਕਰਵਾਰ ਬਾਅਦ ਦੁਪਹਿਰ, 12:18 ਫੰ ਤੇ ਛਿਪਿਆ ਸੀ। ਭਾਵ ਅੱਧੀ ਰਾਤ ਤੋਂ ਸੂਰਜ ਚੜਨ ਵੇਲੇ ਤਾਂਈ ਚੰਦ ਦੀ ਪੂਰੀ ਰੋਸ਼ਨੀ ਸੀ। ਚੰਦ ਦੀ ਇਹ ਦਿਸ਼ਾ "ਸ਼ਹੇ ਸ਼ਬ ਬਰਾਮਦ ਹਮਹ ਜਲਵਾ ਜੋਸ਼" ਤੇ ਪੂਰੀ ਢੁੱਕਦੀ ਹੈ। ਇਸ ਅਧਾਰ ਤੇ ਕਿਹਾ ਜਾਂ ਸਕਦਾ ਹੈ ਕਿ ਸਾਕਾ ਸਰਹਿੰਦ ਸੰਮਤ 1761 ਬਿਕ੍ਰਮੀ (1704 ਈ:) ਵਿੱਚ ਵਾਪਰਿਆ ਹੋਵੇਗਾ। ਕੀ ਸਾਡੇ ਇਤਿਹਾਸਕਾਰ ਬਹੁਤ ਹੀ ਅਹਿਮ ਦਿਹਾੜਿਆਂ, ਚਮਕੌਰ ਦੀ ਜੰਗ ਅਤੇ ਸਾਕਾ ਸਰਹਿੰਦ ਦੇ ਲਿਖੇ ਜਾਂਦੇ ਵੱਖ-ਵੱਖ ਸੰਮਤ 1761 ਅਤੇ 1762 ਬਿਕ੍ਰਮੀ (1704 ਅਤੇ 1705 ਈ:) ਬਾਰੇ ਸਹੀ ਫੈਸਲਾ ਲੈਣ ਵੱਲ ਧਿਆਨ ਦੇਣਗੇ?

# ਵਿਦਿਆ ਅਤੇ ਵਪਾਰ : ਹਕੀਕਤ ਦੇ ਰੂ-ਬ-ਰੂ

ਲਿਖਤ : ਡਾ. ਕੁਲਦੀਪ ਸਿੰਘ
ਸੰਪਰਕ : 98151-15429

ਹਰ ਸਾਲ ਦੇਸ਼ ਦੇ ਵੱਖ ਵੱਖ ਰਾਜਾਂ ਦੇ ਦਸ ਲੱਖ ਤੋਂ ਵੱਧ ਸਮਰੱਥਾ ਅਤੇ ਸੰਭਾਵਨਾ ਭਰਪੂਰ ਵਿਦਿਆਰਥੀ ਵੱਖ ਵੱਖ ਪ੍ਰੋਫੈਸ਼ਨਲ ਕੋਰਸਾਂ ਲਈ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਦਿੰਦੇ ਹਨ ਜਿਨ੍ਹਾਂ ਨੇ ਆਪਣੇ ਦਸਵੀਂ ਕਲਾਸ ਦੇ ਸਫ਼ਰ ਦੌਰਾਨ ਉਚ ਪੱਧਰ ਦੇ ਅੰਕ ਪ੍ਰਾਪਤ ਕੀਤੇ ਹੁੰਦੇ ਹਨ। ਇਨ੍ਹਾਂ ਹੋਣਹਾਰ ਵਿਦਿਆਰਥੀਆਂ ਵਿਚੋਂ ਕਈ ਮੈਡੀਕਲ ਤੋਂ ਲੈ ਕੇ ਇੰਜਨੀਅਰਿੰਗ ਤੱਕ ਦੀਆਂ ਪ੍ਰੀਖਿਆਵਾਂ ਦੀ ਮੁਕਾਬਲੇ ਵਾਲੀ ਤਿਆਰੀ ਦੇ ਦਬਾਅ ਹੇਠ ਕਈ ਵਾਰੀ ਆਤਮ-ਹੱਤਿਆਵਾਂ ਕਰ ਲੈਂਦੇ ਹਨ। ਇਹ ਸਿਲਸਿਲਾ ਦੇਸ਼ ਭਰ ਵਿਚ ਚੱਲ ਰਿਹਾ ਹੈ। ਹੁਣ ਜਦੋਂ ਇਕੋ ਦਿਨ ਤਿੰਨ ਸਮਰੱਥਾ ਭਰਪੂਰ ਹੋਣਹਾਰ ਵਿਦਿਆਰਥੀਆਂ ਅੰਕੁਸ਼ ਕੁਮਾਰ (18), ਉਜਵਲ ਕੁਮਾਰ (17) ਪ੍ਰਨਵ ਕੁਮਾਰ (17) ਨੇ ਦੇਸ਼ ਦੇ ਸਭ ਤੋਂ ਵੱਡੇ ਕੋਚਿੰਗ ਸੈਂਟਰ ਕੋਟਾ (ਰਾਜਸਥਾਨ) ਵਿਚ ਤਣਾਅ ਕਾਰਨ ਆਤਮ-ਹੱਤਿਆ ਕਰ ਲਈ ਹੈ ਤਾਂ ਸਾਨੂੰ ਸਭ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਹੈ ਕਿ ਅਸੀਂ ਇਨ੍ਹਾਂ ਨੂੰ ਕਿਸ ਦਿਸ਼ਾ ਅਤੇ ਦਸ਼ਾ ਵੱਲ ਵਧਾ ਰਹੇ ਹਾਂ। ਇਹ ਵਿਦਿਆਰਥੀ ਰਾਜਸਥਾਨ ਦੇ ਨਹੀਂ ਸਨ ਬਲਕਿ ਕੋਚਿੰਗ ਦੀ ਸਭ ਤੋਂ ਵੱਡੀ ਮੰਡੀ ਸਮਝੇ ਜਾਂਦੇ ਕੇਂਦਰ ਕੋਟਾ (ਰਾਜਸਥਾਨ) ਵਿਚ ਬਿਹਾਰ ਤੇ ਮੱਧ ਪ੍ਰਦੇਸ਼ ਤੋਂ ਮੱਧ ਵਰਗ ਪਰਿਵਾਰਾਂ ਵਿਚੋਂ ਪੜ੍ਹਨ ਲਈ ਆਏ ਸਨ। ਇਨ੍ਹਾਂ ਦੇ ਮਾਪੇ ਅਜੋਕੇ ਦੌਰ ਦੀ ਸਭ ਤੋਂ ਉਤਮ ਮੰਨੀ ਜਾਂਦੀ ਪੜ੍ਹਾਈ ਖਰੀਦ ਕੇ ਆਪਣੇ ਬੱਚਿਆਂ ਦਾ ਸੁਨਹਿਰੀ ਭਵਿੱਖ ਬਣਾਉਣ ਦੀ ਲਾਲਸਾ ਲਈ ਬੈਠੇ ਸਨ ਪਰ ਉਨ੍ਹਾਂ ਦੇ ਪੱਲੇ ਭਿਆਨਕ ਤ੍ਰਾਸਦੀ ਪਈ। ਦੇਸ਼ ਦੀ ਤ੍ਰਾਸਦੀ ਇਹ ਹੈ ਕਿ ਵਿਦਿਆ ਹੁਣ ਪੂਰੀ ਤਰ੍ਹਾਂ ਵਪਾਰ ਦੇ ਸ਼ਿਕੰਜੇ ਵਿਚ ਆ ਗਈ ਹੈ।

ਦੇਸ਼ ਭਰ ਵਿਚ ਪੰਜ ਲੱਖ ਤੋਂ ਵੱਧ ਵੱਡੇ ਅਤੇ ਛੋਟੇ ਪ੍ਰਾਈਵੇਟ ਕੋਚਿੰਗ ਸੈਂਟਰ ਨਿੱਜੀ ਰੂਪ ਵਿਚ ਹਨ ਜਿਨ੍ਹਾਂ ਵਿਚ ਵਿਦਿਅਕ ਵਪਾਰ ਦਾ ਕਾਰੋਬਾਰ ਵਰ੍ਹਾ 2020 ਵਿਚ 7 ਲੱਖ 40 ਹਜ਼ਾਰ ਕਰੋੜ ਤੋਂ ਵਧ ਕੇ 2022 ਵਿਚ 10 ਲੱਖ ਕਰੋੜ ਤੱਕ ਪਹੁੰਚ ਗਿਆ ਹੈ। ਇਕ ਅੰਦਾਜ਼ੇ ਮੁਤਾਬਕ ਇਹ 2025 ਤੱਕ 13 ਲੱਖ ਕਰੋੜ ਤੱਕ ਪਹੁੰਚ ਜਾਏਗਾ। ਇਹ ਪੈਸਾ ਮੱਧ ਵਰਗੀ ਪਰਿਵਾਰਾਂ ਤੋਂ ਲੈ ਕੇ ਉਚ ਸ਼੍ਰੇਣੀਆਂ ਦੇ ਵੱਖ ਵੱਖ ਵਰਗਾਂ ਦੀਆਂ ਜੇਬਾਂ/ਬਚਤਾਂ ਵਿਚੋਂ ਜਾਂਦਾ ਹੈ। ਗਰੀਬ ਪਰਿਵਾਰਾਂ ਦੇ ਜਿਹੜੇ ਵਿਦਿਆਰਥੀ ਮੰਡੀ ਦੀ ਇਹ ਵਿਦਿਆ ਖਰੀਦ ਨਹੀਂ ਸਕਦੇ, ਉਹ ਸਰਕਾਰਾਂ ਦੇ ਰਹਿਮੋ-ਕਰਮ ’ਤੇ ਚਲਦੇ ਸਕੂਲਾਂ/ਕਾਲਜਾਂ ਵਿਚੋਂ ਪੜ੍ਹਾਈ ਹਾਸਲ ਕਰਦੇ ਹਨ ਜਿਥੇ ਦਹਾਕਿਆਂ ਤੋਂ ਵੱਖ ਵੱਖ ਵਿਸ਼ਿਆਂ ਦੇ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹੁੰਦੀਆਂ ਹਨ। ਇਕ ਪਾਸੇ ਤਾਂ ਵਿਦਿਅਕ ਵਿਵਸਥਾ ਸਮਾਜ ਵਿਚ ਜਾਤਾਂ, ਜਮਾਤਾਂ ਤੇ ਸਮਾਜਿਕ ਗਰੁੱਪਾਂ ਨੂੰ ਕਾਣੀ ਵੰਡ ਦੇ ਰੂਪ ਵਿਚ ਅਲੱਗ ਥਲੱਗ ਕਰ ਰਹੀ ਹੈ, ਦੂਜੇ ਪਾਸੇ ਵਿਦਿਆ ‘ਖਰੀਦਣ’ ਵਾਲੇ ਵੀ ਭਿਆਨਕ ਤ੍ਰਾਸਦੀ ਵਿਚੋਂ ਲੰਘ ਰਹੇ ਹਨ।

ਜਿਸ ਵਿਦਿਅਕ ਵਪਾਰ ਦੇ ਕੇਂਦਰ ਕੋਟਾ (ਰਾਜਸਥਾਨ) ਵਿਚ ਇਨ੍ਹਾਂ ਤਿੰਨ ਹੋਣਹਾਰ ਵਿਦਿਆਰਥੀਆਂ ਨੇ ਖ਼ੁਦਕਸ਼ੀ ਕੀਤੀ ਹੈ, ਉਥੇ ਸਾਲ ਵਿਚ 5 ਹਜ਼ਾਰ ਕਰੋੜ ਤੋਂ ਵੱਧ ਦੀ ਵਿਦਿਆ ਵੇਚੀ ਅਤੇ ਖਰੀਦੀ ਜਾਂਦੀ ਹੈ। ਵਿਦਿਆਰਥੀ ਨੂੰ ਇਕ ਸਮੈਸਟਰ ਦੀ ਪੜ੍ਹਾਈ ਖਰੀਦਣ ਲਈ 1 ਲੱਖ 25 ਹਜ਼ਾਰ ਰੁਪਏ ਤੋਂ ਵੱਧ ਮਾਪਿਆਂ ਦੀ ਖ਼ੂਨ ਪਸੀਨੇ ਦੀ ਕਮਾਈ ਲਗਾਉਣੀ ਪੈਂਦੀ ਹੈ। ਕੋਚਿੰਗ ਸੈਂਟਰਾਂ ਵੱਲੋਂ ਟਿਊਸ਼ਨਾਂ ਅਤੇ ਸਹੂਲਤਾਂ ਅਨੁਸਾਰ ਪੈਸਾ ਇਕੱਤਰ ਕਰਨ ਦੀ ਵੰਡ ਪ੍ਰਤੀ ਸਮੈਸਟਰ ਇਸ ਤਰ੍ਹਾਂ ਹੈ : ਟਿਊਸ਼ਨ ਫੀਸ 80 ਹਜ਼ਾਰ ਰੁਪਏ, ਦਾਖਲਾ ਫੀਸ 10 ਰੁਪਏ, ਅਲੂਮਨੀ ਫੀਸ 2 ਹਜ਼ਾਰ ਰੁਪਏ, ਕੋਚਿੰਗ ਸੈਂਟਰ ਡਿਵੈਲਪਮੈਂਟ ਫੀਸ 5 ਹਜ਼ਾਰ, ਲਾਇਬਰੇਰੀ ਫੀਸ 25 ਸੌ ਰੁਪਏ ਅਤੇ ਸ਼ਨਾਖ਼ਤੀ ਕਾਰਡ 125 ਰੁਪਏ। ਰਹਿਣ-ਸਹਿਣ ਅਤੇ ਖਾਣ ਪੀਣ ਤੋਂ ਲੈ ਕੇ ਆਵਾਜਾਈ ਦੇ ਖਰਚੇ ਇਸ ਤੋਂ ਵੱਖਰੇ ਬਣਦੇ ਹਨ। ਹਕੀਕਤ ਇਹ ਹੈ ਕਿ ਦੇਸ਼ ਦੀਆਂ ਮੌਜੂਦਾ ਸਰਕਾਰਾਂ ਨੇ ਵਿਦਿਆ ਨੂੰ ਕੋਚਿੰਗ ਸੈਂਟਰਾਂ ਦੇ ਹਵਾਲੇ ਕਰ ਦਿੱਤਾ ਹੈ। ਦੇਸ਼ ਦੇ ਵੱਖ ਵੱਖ ਰਾਜਾਂ ਦਾ ਵਿਦਿਅਕ ਪ੍ਰਬੰਧ ਪੂਰੀ ਤਰ੍ਹਾਂ ਇਨ੍ਹਾਂ ਸਮਰੱਥਾ ਭਰਪੂਰ ਵਿਦਿਆਰਥੀਆਂ ਨੂੰ ਵਿਦਿਆ ਮੁਹੱਈਆ ਕਰਨ ਤੋਂ ਵਾਂਝਾ ਹੋ ਗਿਆ ਹੈ। ਉਨ੍ਹਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਨਵੇਂ ਕਿਸਮ ਦੇ ਛੋਟੇ ਵੱਡੇ ਵਿਦਿਅਕ ਵਪਾਰੀਆਂ/ਘਰਾਣਿਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਉਚੇਰੇ ਪ੍ਰੋਫੈਸ਼ਨਲ ਕੋਰਸਾਂ ਦੀ ਸਿੱਖਿਆ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ ਕੇਂਦਰੀ ਬੋਰਡਾਂ/ਏਜੰਸੀਆਂ ਦੇ ਹਵਾਲੇ ਕਰ ਦਿੱਤੀਆਂ ਗਈਆਂ ਹਨ।

ਰਾਜਾਂ ਦੇ ਵੱਖ ਵੱਖ ਬੋਰਡ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਗਭਗ ਮਰਨ ਕੰਢੇ ਪਹੁੰਚਾਈਆਂ ਜਾ ਰਹੀਆਂ ਹਨ ਜਿਸ ਨਾਲ ਦੇਸ਼ ਦੀ ਵਿਦਿਅਕ ਵੰਨ-ਸਵੰਨਤਾ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤੀ ਗਈ ਹੈ। ਰਾਜਾਂ ਦੇ ਪੱਧਰ ’ਤੇ ਵੱਖ ਵੱਖ ਵਿਸ਼ਿਆਂ ਦੀ ਪੜ੍ਹਾਈ ਤੋਂ ਲੈ ਕੇ ਪ੍ਰੋਫੈਸ਼ਨਲ ਕੋਰਸਾਂ ਤੱਕ ਦੀ ਵਿਦਿਆ ਖਾਤਮੇ ਵੱਲ ਤੋਰੀ ਜਾ ਰਹੀ ਹੈ। ਕੌਮੀ ਸਿੱਖਿਆ ਨੀਤੀ-2020 ਪੂਰੀ ਤਰ੍ਹਾਂ ਇਸ ਦਿਸ਼ਾ ਵੱਲ ਸੰਕੇਤ ਕਰਦੀ ਹੈ ਜਿਸ ਦੇ ਬਣਨ ਵੇਲੇ ਰਾਜ ਸਰਕਾਰਾਂ ਤੋਂ ਪੁੱਛਿਆ ਤੱਕ ਨਹੀਂ ਗਿਆ। ਤੱਤ ਰੂਪ ਵਿਚ ਦੇਸ਼ ਦੀ ਸਮੁੱਚੀ ਸਿੱਖਿਆ ਦਾ ਜਿਥੇ ਕੇਂਦਰੀਕਰਨ ਹੋ ਰਿਹਾ ਹੈ, ਉਥੇ ਉਸ ਦਾ ਵਪਾਰੀਕਰਨ ਸਪੱਸ਼ਟ ਰੂਪ ਵਿਚ ਦਿਖਾਈ ਦੇ ਰਿਹਾ ਹੈ।

ਦੁਨੀਆ ਭਰ ਵਿਚ ਭਾਰਤ ਕਿਸਾਨ ਆਤਮ-ਹੱਤਿਆਵਾਂ ਕਰ ਕੇ ਜਾਣਿਆ ਜਾਂਦਾ ਸੀ, ਹੁਣ ਇਹ ਵਿਦਿਆਰਥੀਆਂ ਦੀਆਂ ਆਤਮ-ਹੱਤਿਆਵਾਂ ਕਰ ਕੇ ਵੀ ਜਾਣਿਆ ਜਾਣ ਲੱਗਾ ਹੈ। ਭਾਰਤ ਸਰਕਾਰ ਦੀ ਹੀ ਏਜੰਸੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਅਨੁਸਾਰ ਹਰ 42 ਮਿੰਟਾਂ ਬਾਅਦ ਦੇਸ਼ ਵਿਚ ਇਕ ਵਿਦਿਆਰਥੀ ਆਤਮ-ਹੱਤਿਆ ਕਰਦਾ ਹੈ ਜਿਨ੍ਹਾਂ ਦੀ ਪ੍ਰਤੀ ਦਿਨ ਗਿਣਤੀ 34 ਤੋਂ ਵੱਧ ਹੁੰਦੀ ਹੈ। ਇਨ੍ਹਾਂ ਆਤਮ-ਹੱਤਿਆਵਾਂ ਦੇ ਮੁੱਖ ਕਾਰਨਾਂ ਵਿਚ ਪ੍ਰੀਖਿਆਵਾਂ ਦਾ ਦਬਾਅ, ਗੁੰਝਲਦਾਰ ਸਿਲੇਬਸ ਤੇ ਭਾਸ਼ਾ, ਮਾਨਸਿਕ ਅਸੰਤੁਲਨ ਤੇ ਇਕੱਲਤਾ, ਫੇਲ੍ਹ ਹੋਣ ਦਾ ਡਰ, ਆਰਥਿਕਤਾ ਕਰ ਕੇ ਲਗਾਤਾਰ ਤਣਾਅ ਆਦਿ ਸ਼ਾਮਿਲ ਹਨ। ਇਹ ਸਭ ਕੁਝ ਅਸਲ ਵਿਚ ਦੇਸ਼ ਦੇ ਜਰਜਰੇ ਅਤੇ ਭੈੜੇ ਹੋਏ ਸਿੱਖਿਆ ਪ੍ਰਬੰਧ ਦੇ ਨਾਲ ਨਾਲ ਬਿਮਾਰ ਸਮਾਜ ਦੀ ਵੀ ਨਿਸ਼ਾਨੀ ਹੈ। ਸਮਾਜ ਨੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਦੇ ਸੁਪਨਿਆਂ ਤੇ ਸੰਭਾਵਨਾਵਾਂ ਨੂੰ ਸਿਰਫ਼ ਤੇ ਸਿਰਫ਼ ਇਕ ਖੋਲ੍ਹ ਤੇ ਬੰਦ ਦਰਵਾਜ਼ੇ ਵਾਲੀਆਂ ਕੋਚਿੰਗ ਫੈਕਟਰੀਆਂ ਤੱਕ ਸਮੇਟ ਦਿੱਤਾ ਹੈ। ਇਸ ਕਿਸਮ ਦੀ ਹਾਲਤ ਵਿਚ ਮਾਪੇ, ਵਿਦਿਅਕ ਨੀਤੀ ਘਾੜੇ, ਵਿਦਿਅਕ ਸੰਸਥਾਵਾਂ ਤੇ ਅਜੋਕੇ ਹੁਕਮਰਾਨ ਚੁੱਪ ਵੱਟੀ ਬੈਠੇ ਹਨ। ਇਹ ਸਾਰੇ ਹੋਣਹਾਰ ਵਿਦਿਆਰਥੀਆਂ ਦੀ ਤ੍ਰਾਸਦੀ ਬਾਰੇ ਚੁੱਪ ਰਹਿ ਕੇ ਸਹਿਮਤੀ ਹੀ ਦੇ ਰਹੇ ਹਨ। ਉਹ ਕਿਸੇ ਵੀ ਕਿਸਮ ਦੀ ਵਿਰੋਧ ਦੀ ਆਵਾਜ਼ ਨਹੀਂ ਉਠਾ ਰਹੇ ਅਤੇ ਸਰਕਾਰਾਂ ਨੂੰ ਹਰ ਇੱਕ ਲਈ ਵਧੀਆ, ਬਰਾਬਰ, ਮੁਫ਼ਤ ਅਤੇ ਲਾਜ਼ਮੀ ਸਿੱਖਿਆ ਮੁਹੱਈਆ ਕਰਨ ਲਈ ਮਜਬੂਰ ਨਹੀਂ ਕਰ ਰਹੇ। ਇਸ ਕਰ ਕੇ ਵਿਦਿਆ ਨੂੰ ਵਪਾਰ ਕੇ ਦੇ ਸ਼ਿਕੰਜੇ ਵਿਚੋਂ ਛੁਡਾਉਣ ਲਈ ਸਮਾਜ ਦੇ ਹਰ ਵਰਗ ਨੂੰ ਕਾਰਜਸ਼ੀਲ ਹੋਣਾ ਪਵੇਗਾ।

ਜਿਸ ਤਰ੍ਹਾਂ ਵੱਖ ਵੱਖ ਸਰਕਾਰਾਂ ਨੇ ਸਿੱਖਿਆ ਤੋਂ ਆਪਣਾ ਹੱਥ ਪਿੱਛੇ ਖਿੱਚ ਲਿਆ ਹੈ, ਇਸ ਨੂੰ ਵੇਚਣ ਤੇ ਖਰੀਦਣ ਵਾਲੀ ਵਸਤੂ ਬਣਾ ਦਿੱਤਾ ਹੈ, ਉਹ ਨਾ-ਬਰਾਬਰੀ ਵਾਲੇ ਸਮਾਜ ਨੂੰ ਤਾਂ ਜਨਮ ਦੇ ਹੀ ਰਹੀਆਂ ਹਨ ਬਲਕਿ ਸਮਾਜਿਕ ਤੌਰ ’ਤੇ ਵੱਖ ਵੱਖ ਪਾੜੇ ਵੀ ਪੈਦਾ ਕਰ ਰਹੀਆਂ ਹਨ। ਇਸ ਦੇ ਨਾਲ ਹੀ ਹਜ਼ਾਰਾਂ ਹੋਣਹਾਰ ਅਧਿਆਪਕ ਅਤੇ ਵਿਦਿਆਰਥੀ ਜਿਨ੍ਹਾਂ ਦੀ ਵਿਦਿਅਕ ਲਿਆਕਤ ਦੁਨੀਆ ਭਰ ਵਿਚ ਆਪਣੀ ਧਾਂਕ ਜਮਾਉਣ ਦੀ ਸਮਰੱਥਾ ਰੱਖਦੀ ਹੈ, ਇਸ ਦੇਸ਼ ਵਿਚੋਂ ਇਨ੍ਹਾਂ ਹਾਲਾਤ ਕਰ ਕੇ ਪਰਵਾਸ ਵੀ ਕਰ ਰਹੇ ਹਨ, ਡਾਕਟਰੀ ਅਤੇ ਇੰਜਨੀਅਰਿੰਗ ਦੀਆਂ ਡਿਗਰੀਆਂ ਹਾਸਲ ਕਰਨ ਤੋਂ ਬਾਅਦ ਵੀ ਉਨ੍ਹਾਂ ਨੂੰ ਵੱਡੇ ਪੱਧਰ ’ਤੇ ਬੇਰੁਜ਼ਗਾਰੀ ਦੀ ਮਾਰ ਸਹਿਣੀ ਪੈਂਦੀ ਹੈ। ਇਸ ਦੀ ਪੀੜਾ ਇਕ ਪਾਸੇ ਮਾਪੇ ਆਰਥਿਕ ਤੌਰ ’ਤੇ ਤਣਾਅਗ੍ਰਸਤ ਹੋਣ ਦੇ ਰੂਪ ਵਿਚ ਹੰਢਾਉਂਦੇ ਹਨ, ਦੂਜੇ ਪਾਸੇ ਇਹ ਨੌਜਵਾਨ ਬੇਰੁਜ਼ਗਾਰੀ ਦੇ ਆਲਮ ਵਿਚ ਭੜਕਣ ਵੀ ਲੱਗਦੇ ਹਨ। ਉਂਝ, ਇਹ ਵੱਖਰਾ ਵਿਸ਼ਾ ਹੈ ਪਰ ਜਿਸ ਪੱਧਰ ’ਤੇ ਕਰੋੜਾਂ ਰੁਪਏ ਖਰਚ ਕੇ ਵਿਦਿਆ ਹਾਸਲ ਕੀਤੀ ਜਾਂਦੀ ਹੈ, ਉਹ ਆਤਮ-ਹੱਤਿਆਵਾਂ ਵਰਗੀਆਂ ਗੈਰ-ਮਾਨਵੀ ਘਟਨਾਵਾਂ ਨੂੰ ਤਾਂ ਜਨਮ ਦਿੰਦੀ ਹੀ ਹੈ, ਵਿਦਿਆਰਥੀਆਂ ਨੂੰ ਮਾਨਸਿਕ ਤੌਰ ’ਤੇ ਅਸੰਤੁਲਤ ਵੀ ਬਣਾਉਂਦੀ ਹੈ ਜਿਹੜੇ ਘਟਨਾ-ਦਰ-ਘਟਨਾ ਆਪਣੇ ਆਪ ਨੂੰ ਸਮਾਜ ਵਿਚ ਕਿਸੇ ਵੀ ਕਿਸਮ ਨਾਲ ਕਾਰਜਸ਼ੀਲ ਨਹੀਂ ਸਮਝਦੇ। ਇਹ ਹਰ ਇੱਕ ਰਾਜ ਅਤੇ ਸ਼ਹਿਰ ਦੀ ਕਹਾਣੀ ਹੈ ਜਿਥੇ ਹਜ਼ਾਰਾਂ ਬੇਰੁਜ਼ਗਾਰ ਹੱਥਾਂ ਵਿਚ ਡਿਗਰੀਆਂ ਲੈ ਕੇ ਕੱਖੋਂ ਹੌਲੇ ਹੋਏ ਮਾਰੇ ਮਾਰੇ ਫਿਰਦੇ ਹਨ। ਇਨ੍ਹਾਂ ਤਿੰਨ ਵਿਦਿਆਰਥੀਆਂ ਨੇ ਤਾਂ ਅਜੇ ਮੁਕਾਬਲੇ ਦੀ ਪ੍ਰੀਖਿਆ ਰਾਹੀਂ ਡਾਕਟਰ ਅਤੇ ਇੰਜਨੀਅਰ ਬਣਨ ਵੱਲ ਵਧਣਾ ਹੀ ਸੀ ਪਰ ਉਹ ਇਸ ਦੁਨੀਆ ਤੋਂ ਪਹਿਲਾਂ ਹੀ ਵਿਦਾ ਹੋ ਗਏ, ਇਹ ਸਵਾਲ ਖੜ੍ਹਾ ਕਰ ਕੇ ਕਿ ਇਹ ਸਮਾਜ ਜਿਥੇ ਵਿਦਿਆ ਵਪਾਰ ਦੇ ਸ਼ਿਕੰਜੇ ਵਿਚ ਆ ਗਈ ਹੈ, ਅਸੀਂ ਉਸ ਅੱਗੇ ਹਾਰ ਗਏ ਹਾਂ।

---

# ਵਹਿਮਾਂ ਭਰਮਾਂ ਵਿੱਚੋਂ ਨਿਕਲਣ ਦੀ ਲੋੜ




ਲਿਖਤ
ਅਵਤਾਰ ਨਿਊਜ਼ੀਲੈਂਡ
006421392147

**-ਆਪਣੇ ਤਜਰਬੇ ਤੇ ਅਧਾਰਤ**

*ਜੇਕਰ ਬਿੱਲੀ ਦੇ ਰਾਹ ਕੱਟਿਆਂ ਕੰਮ ਵਿੱਚ ਵਿਘਨ ਪੈਂਦਾ ਹੁੰਦਾ ਤਾਂ ਗੋਰਿਆਂ ਦੇ ਸਭ ਕੰਮ ਅਧੂਰੇ ਰਹਿ ਜਾਣੇ ਸੀ ਕਿਉਂਕਿ ਉਨ੍ਹਾਂ ਵਿੱਚੋਂ ਜਿਆਦਾ ਨੇ ਬਿੱਲੀਆਂ ਰੱਖੀਆਂ ਹੋਈਆਂ ਹਨ ਜੋ ਉਨ੍ਹਾਂ ਦਾ ਆਉਂਦੇ ਜਾਂਦੇ ਅਕਸਰ ਰਾਹ ਕੱਟ ਜਾਂਦੀਆਂ ਹਨ।

- ਜੇਕਰ ਨਜ਼ਰ। ੱਗਣ ਨਾਲ ਕਿਸੇ ਨੂੰ ਘਾਟਾ ਪੈਂਦਾ ਹੁੰਦਾ ਤਾਂ ਲੋਕਾਂ ਨੇ ਅਮੀਰਾਂ ਨੂੰ ਨਜ਼ਰਾਂਲਾਲਾ ਕੇ ਝੁੱਗੀਆਂ ਵਿੱਚ ਰਹਿਣ। ਲਾ ਦੇਣਾ ਸੀ। ਨਜ਼ਰ ਵਿੱਚ ਕੁੱਝ ਵੀ ਅਜਿਹਾ ਨਹੀਂ ਹੁੰਦਾ ਜੋ ਦੂਜੇ ਨੂੰ ਜਾ ਕੇ ਲੱਗ ਜਾਵੇ। ਅੱਖਾਂ ਦੇ ਡਾਕਟਰ ਨੂੰ ਬੇਸ਼ੱਕ ਪੁੱਛ ਕੇ ਦੇਖ ਲੈਣਾ।
- ਜੇਕਰ ਛਿੱਕ ਮਾਰਨ ਨਾਲ ਦੁਰਘਟਨਾਵਾਂ ਹੁੰਦੀਆਂ ਹੋਣ ਤਾਂ ਕਈ ਜਹਾਜ਼ ਦੁਰਘਟਨਾਵਾਂ ਦੇ ਸ਼ਿਕਾਰ ਹੋ ਜਾਣੇ ਸੀ ਕਿਉਂਕਿ ਜਹਾਜ਼ ਦੀਆਂ 150 ਤੋਂ ਉੱਪਰ ਸਵਾਰੀਆਂ ਵਿੱਚੋਂ ਤੁਰਨ ਵੇਲੇ ਕਿਸੇ ਨਾ ਕਿਸੇ ਨੂੰ ਛਿੱਕ ਤਾਂ ਜਰੂਰ ਆ ਹੀ ਜਾਂਦੀ ਹੈ।
- ਜੇਕਰ ਰਾਹ ਵਿੱਚ ਖਾਲੀ ਟੋਕਰਾ ਲੈ ਕੇ ਆਉਂਦੀ ਔਰਤ ਮਿਲਣ ਨਾਲ ਤੁਹਾਡਾ ਕੋਈ ਕੰਮ ਰੁਕਦਾ ਹੋਵੇ ਤਾਂ ਦੂਜਿਆਂ ਨੇ ਜਾਣ ਬੁੱਝ ਕੇ ਤੁਹਾਡੇ ਅੱਗੇ ਖਾਲੀ ਟੋਕਰੇ ਕਰਨੇ ਸੀ।
- ਜੇ ਵਿੱਦਿਆ ਪੜ੍ਹਾਈ ਕਿਤਾਬ ਵਿੱਚ ਰੱਖਣ ਨਾਲ ਪੜ੍ਹਨਾ ਆ ਜਾਂਦਾ ਤਾਂ ਬੱਚਿਆਂ ਨੇ ਰਾਤਾਂ ਨੂੰ ਜਾਗ ਜਾਗ ਨਹੀਂ ਪੜ੍ਹਨਾ ਸੀ ਅਤੇ ਟਿਊਸ਼ਨਾਂ ਵੀ ਨਹੀਂ ਰੱਖਣੀਆਂ ਸੀ।
- ਜੇਕਰ ਮਨੀ ਪਲਾਂਟ ਘਰ ਵਿੱਚ ਉਗਾਉਣ ਨਾਲ ਘਰ ਵਿੱਚ ਪੈਸਾ ਆਉਂਦਾ ਹੁੰਦਾ ਤਾਂ ਝੁੱਗੀਆਂ ਵਾਲਿਆਂ ਵੀ ਝੁੱਗੀਆਂ ਵਿੱਚ ਮਨੀ ਪਲਾਂਟ ਉਗਾ। ਲੈਣੇ ਸੀ।
- ਅੱਕੜਿਆਂ ਦੀਆਂ ਜੜ੍ਹਾਂ ਵਿੱਚ ਤੇਲ ਪਾਉਣ ਨਾਲ ਸਿਰਫ ਅੱਕੜੇ ਮਰ ਸਕਦੇ ਹਨ ਪਰ ਤੁਹਾਡਾ ਕੁੱਝ ਸੁਧਰ ਨਹੀਂ ਸਕਦਾ। ਆਪਣਾ ਕੁੱਝ ਸੁਧਾਰਨਾ ਤਾਂ ਤੇਲ ਖਾਣੇ। ਈ ਵਰਤੋ।



- ਨਾਰੀਅਲ ਖਾਣਾ ਸਿਹਤ। ਈ ਬਹੁਤ ਵਧੀਆ ਹੈ ਪਰ ਭਾਰਤੀ ਨਾਰੀਅਲ ਟੂਣੇ ਕਰਕੇ ਨਹਿਰਾਂ ਵਿੱਚ ਸੁੱਟ ਕੇ ਖਰਾਬ ਕਰਦੇ ਹਨ ਅਤੇ ਗੋਰੇ ਖਾਂਦੇ ਹਨ। ਨਿਊਜ਼ੀਲੈਂਡ ਦੇ ਗੋਰਿਆਂ ਦੀ ਔਸਤਨ ਉਮਰ 83 ਸਾਲ ਹੈ ਜਦਕਿ ਭਾਰਤੀਆਂ ਦੀ 69 ਸਾਲ ਹੈ।
- ਭਾਰਤੀ ਆਪਣੀ ਤੰਦਰੁਸਤੀ ਰੱਬ ਅੱਗੇ ਹੱਥ ਜੋੜ ਕੇ ਮੰਗਦੇ ਹਨ ਜਦਕਿ ਗੋਰੇ ਆਪਣੀ ਤੰਦਰੁਸਤੀ। ਈ ਸਿਹਤਮੰਦ ਖਾਂਦੇ ਹਨ, ਕਸਰਤ ਕਰਦੇ ਹਨ ਅਤੇ ਵਧੀਆ ਸਿਹਤ ਸਹੂਲਤਾਂ ਵਿਕਸਤ ਕਰਦੇ ਹਨ।
- ਜੇ ਰੱਬ ਦਾ ਨਾਮ ਲੈ ਕੇ ਜਿੰਦਗੀ ਦੇ ਮਸਲੇ ਹੱਲ ਹੁੰਦੇ ਤਾਂ ਭਾਰਤੀਆਂ ਦਾ ਕੋਈ ਮਸਲਾ ਹੀ ਨਹੀਂ ਰਹਿਣਾ ਸੀ ਕਿਉਂਕਿ ਅਬਾਦੀ ਦੇ ਹਿਸਾਬ ਨਾਲ ਰੱਬ ਦਾ ਨਾਮ ਭਾਰਤ ਵਿੱਚ ਹੀ ਜਿਆਦਾ ਲਿਆ ਜਾਂਦਾ ਹੈ।
- ਜੇਕਰ ਗੁੱਡੀ ਫੂਕਣ ਨਾਲ ਮੀਂਹ ਪੈਣ ਲੱਗ ਪੈਂਦਾ ਤਾਂ ਹੁਣ ਤੱਕ ਪੰਜਾਬ ਹੜ੍ਹ ਜਾਣਾ ਸੀ ਕਿਉਂਕਿ ਉਥੇ ਤਾਂ ਭਰੂਣ ਹੱਤਿਆ ਕਰਕੇ। ੋਕੀਂ ਅਸਲੀ ਗੁੱਡੀਆਂ ਵੀ ਮਾਰ ਦਿੱਤੀਆਂ।

ਜੇਕਰ ਇਸ ਜਨਮ ਦੇ ਪਾਪ ਪੁੰਨ ਦੇਖ ਕੇ ਨਰਕ ਸਵਰਗ ਮਿਲਦਾ ਹੈ ਤਾਂ ਮੈਨੂੰ 99% ਲੋਕਾਂ ਵਿੱਚੋਂ ਕੋਈ ਸਵਰਗ ਵਿੱਚ ਜਾਣ ਵਾਲਾ ਨਹੀਂ ਦਿਸਦਾ।

ਜੇ ਰੱਬ ਅੱਗੇ ਝੜ੍ਹਾਵੇ ਚਾੜ੍ਹ ਕੇ ਕੁੱਝ ਮਿਲਦਾ ਹੈ ਤਾਂ ਸਮਝੋ ਭਾਰਤੀਆਂ ਨੇ ਰੱਬ ਵੀ ਰਿਸ਼ਵਤਖੋਰ ਬਣਾ ਲਿਆ ਹੈ ਭਾਵ ਜਿਹੋ ਜਿਹੇ ਆਪ ਉਹੋ ਜਿਹਾ ਰੱਬ।

ਜੇ ਪਰਨਾਲੇ ਥੱਲੇ ਮਾਂਹ ਦੱਬਿਆਂ ਮੀਂਹ ਰੁਕਦਾ ਹੁੰਦਾ ਤਾਂ ਲੋਕਾਂ ਨੇ ਦੁਨੀਆਂ ਤੇ ਹੜ੍ਹ ਨਹੀਂ ਆਉਣ ਦੇਣੇ ਸੀ।

ਜੇ ਰੱਬ ਅੱਗੇ ਪ੍ਰਾਰਥਨਾ ਕਰਕੇ ਸਭ ਕੁੱਝ ਮਿਲਦਾ ਹੁੰਦਾ ਤਾਂ ਲੋਕੀਂ ਮਿਹਨਤ ਕਰਨੀ ਛੱਡ ਸਭ ਕੁੱਝ ਪ੍ਰਾਰਥਨਾ ਕਰਕੇ ਹੀ ਹਾਸਲ ਕਰ ਲੈਣਾ ਸੀ।

- ਜੇ ਸਾਧਾਂ ਸੰਤਾਂ ਦੇ ਵਰਦਾਨਾਂ ਨਾਲ ਸਭ ਕੁੱਝ ਮਿਲ ਜਾਂਦਾ ਤਾਂ ਮਿਹਨਤ ਕਰਨ ਦੀ ਕੋਈ ਅਹਿਮੀਅਤ ਹੀ ਨਹੀਂ ਰਹਿ ਜਾਣੀ ਸੀ।
- ਜੇ ਮੜ੍ਹੀਆਂ ਵਿੱਚ ਕੋਈ ਸ਼ਕਤੀ ਹੁੰਦੀ ਤਾਂ ਮੜ੍ਹੀਆਂ ਨੇ ਕੁੱਤਿਆਂ ਨੂੰ ਉਥੇ ਪੇਸ਼ਾਬ ਕਰਨੋਂ ਰੋਕ ਦੇਣਾ ਸੀ।
- ਜੇ ਜੋਤਸ਼ੀ ਭਵਿੱਖ ਬਦਲਣ ਦੇ ਯੋਗ ਹੁੰਦੇ ਤਾਂ ਉਨ੍ਹਾਂ ਦੇ ਆਪਣੇ ਪਰਿਵਾਰ ਸੁਖੀ ਵਸਦੇ ਹੋਣੇ ਸੀ।
- ਜੇਕਰ ਵਰਤ ਰੱਖਣ ਨਾਲ ਕਿਸੇ ਦੀ ਉਮਰ ਵਧਦੀ ਹੁੰਦੀ ਤਾਂ ਰੋਜ਼ਾਨਾ ਗਰੀਬੀ ਕਾਰਣ ਭੁੱਖੇ ਸੌਣ ਵਾਲੇ ਤਾਂ ਅਮਰ ਹੋ ਜਾਣੇ ਸੀ।
- ਜੇ ਝਾੜੂ ਪੁੱਠਾ ਖੜ੍ਹਾ ਕਰਨ ਨਾਲ ਕੋਈ ਬਿਮਾਰ ਹੋ ਜਾਂਦਾ ਤਾਂ ਡਾਕਟਰਾਂ ਨੇ ਆਪਣਾ ਕੰਮ ਚਲਾਉਣ। ਈ ਝਾੜੂ ਪੁੱਠੇ ਖੜ੍ਹੇ ਕਰ ਕਰ ਕੇ ਲੋਕ ਮੰਜੇ ਤੇ ਪਾ ਦੇਣੇ ਸੀ।
- ਜੇਕਰ ਕਿਸੇ ਧਾਰਮਿਕ ਸਥਾਨ ਤੇ ਜਾ ਕੇ ਕੋਈ ਠੀਕ ਹੋ ਜਾਂਦਾ ਤਾਂ ਲੋਕਾਂ ਬਿਮਾਰੀ ਦੀ ਹਾਲਤ ਵਿੱਚ ਐਂਬੂਲੈਂਸ ਸਿੱਧੀ ਹਸਪਤਾਲ ਦੀ ਜਗ੍ਹਾ ਧਾਰਮਿਕ ਸਥਾਨਾਂ ਵੱਲ ਲਿਜਾਣੀ ਸੀ।
- ਜੇ ਹਰ ਮਨੁੱਖ ਦੂਜਾ ਜਨਮ। ਈ ਜਾਂਦਾ ਤਾਂ ਧਰਤੀ ਤੇ ਰਹਿਣ ਜੋਗੀ ਜਗ੍ਹਾ ਨਹੀਂ ਬਚਣੀ ਸੀ।
- ਜੇਕਰ ਰੱਬ ਗਰੀਬੀ ਦਾਵੇ ਮਿਲਦਾ ਹੁੰਦਾ ਤਾਂ ਲੌਕ ਡੌਨ ਦੌਰਾਨ ਨੰਗੇ ਪੈਰੀਂ ਆਪਣੇ ਘਰਾਂ ਨੂੰ ਤੁਰੇ ਜਾਂਦੇ ਮਜ਼ਬੂਰ ਪ੍ਰਦੇਸੀਆਂ ਨੂੰ ਮਿਲ ਜਾਣਾ ਸੀ ਜਿਨਾਂ ਦੇ ਪੈਰੀਂ ਛਾਲੇ ਪੈ ਗਏ ਸਨ ਅਤੇ ਕੁੱਝ ਦੀ ਮੌਤ ਹੋ ਗਈ ਸੀ।
- ਜੇ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਰੱਬ ਦੀ ਪ੍ਰਾਪਤੀ ਹੁੰਦੀ ਤਾਂ ਮੱਛੀਆਂ ਅਤੇ ਡੱਡੂਆਂ ਨੂੰ ਪਹਿਲਾਂ ਹੋ ਜਾਣੀ ਸੀ ਕਿਉਂਕਿ ਉਹ ਤਾਂ ਹਰ ਪਲ ਨਹਾਉਂਦੇ ਹਨ।
- ਜੇਕਰ ਕਿਸੇ ਇੱਕੋ ਲਿਖਤ ਨੂੰ ਵਾਰ ਵਾਰ ਰੱਟਾ। ਗਾਉਣ ਨਾਲ ਜਾਣਕਾਰੀ ਵਧਦੀ ਹੋਵੇ ਤਾਂ। ਕਾਂ ਪਹਿਲੀ ਜਮਾਤ ਦੀਆਂ ਕਿਤਾਬਾਂ ਨੂੰ ਵਾਰ ਵਾਰ ਰੱਟਾਲਾਲਾ ਕੇ ਹੀ ਐਮ ਏ ਕਰ ਜਾਣੀ ਸੀ।
- ਜੇਕਰ ਸਾਰਿਆਂ ਦਾ ਭੋਗਲਵਾਇਆ ਰੱਬ ਤੱਕ ਪਹੁੰਚਦਾ ਹੁੰਦਾ ਤਾਂ ਕਦੋਂ ਦਾ ਰੱਬ ਦਾ ਢਿੱਡ ਪਾਟ ਜਾਣਾ ਸੀ।
- ਜੇਕਰ ਹੱਥਾਂ ਦੀਆਂ ਰੇਖਾਵਾਂ ਅਨੁਸਾਰ ਭਵਿੱਖ ਚੱਲਦੇ ਹੋਣ ਤਾਂ ਲੋਕਾਂ ਨੇ ਡਾਕਟਰਾਂ ਕੋਲੋਂ ਅਪ੍ਰੇਸ਼ਨ ਕਰਵਾ ਕੇ ਰੇਖਾਵਾਂ ਲੋੜ ਅਨੁਸਾਰ ਬਣਾ ਲੈਣੀਆਂ ਸਨ।
- ਕਿਸੇ ਵਲੋਂ ਦੂਜੇ ਦੀ ਚੀਜ਼ ਨੂੰ ਦੇਖ ਕੇ ਹੌਕੇ ਭਰਨ ਨਾਲ ਕੁੱਝ ਨਹੀਂ ਹੁੰਦਾ।
- ਕਿਸੇ ਦੇ ਸਰਾਪ ਦੇਣ ਨਾਲ ਵੀ ਕੁੱਝ ਨਹੀਂ ਹੁੰਦਾ।
- ਕਿਸੇ ਵੀ ਭਗਤੀ ਕਰਨ ਨਾਲ ਕੋਈ ਗੈਬੀ ਸ਼ਕਤੀ ਪੈਦਾ ਨਹੀਂ ਹੁੰਦੀ। ਹਾਂ ਗੈਬੀ ਸ਼ਕਤੀ ਦਾ ਭਰਮ ਪੈਦਾ ਜਰੂਰ ਹੋ ਜਾਂਦਾ ਹੈ।

ਅੱਜ ਸਮਾਂ ਬਦਲ ਚੁੱਕਾ ਹੈ। ਲੋੜ ਹੈ ਵਹਿਮਾਂ ਭਰਮਾਂ ਅਤੇ ਅੰਧਵਿਸ਼ਵਾਸਾਂ ਵਿੱਚੋਂ ਬਾਹਰ ਨਿਕਲਣ ਦੀ ਅਤੇ ਲੋੜ ਹੈ ਸਮੇਂ ਦੇ ਹਾਣੀ ਬਣਨ ਦੀ।

# ਜ਼ਿੰਦਗੀ ਦੇ ਰਾਹਾਂ ‘ਤੇ : ਸੰਘਰਸ਼ ਦਾ ਸਫ਼ਰ

ਜ਼ਿੰਦਗੀ ਦੇ ਰਾਹਾਂ ‘ਤੇ, ਰਣਜੀਤ ਲਹਿਰਾ ਦਾ ਜੀਵਨੀ ਮੂਲਕ ਸਫ਼ਰਨਾਮਾ ਹੈ। ਇਸ ਦੂਜੇ ਐਡੀਸ਼ਨ ਵਿਚ ਉਸਨੇ 1980 ਤੋਂ 2015 ਤੱਕ ਦੇ ਸੰਘਰਸ਼ਮਈ ਇਤਿਹਾਸ ਦੀ ਪੇਸ਼ਕਾਰੀ ਕੀਤੀ ਹੈ। ਜਿਸ ਤੋਂ ਲੇਖਕ ਦੀ ਪ੍ਰਤੀਬੱਧਤਾ ਦਾ ਪਤਾ ਲੱਗਦਾ ਹੈ ਅਤੇ ਉਸਦੀ ਕੱਟੜਤਾ ਤੋਂ ਮੁਕਤ ਵਿਚਾਰਧਾਰਾ ਦਾ ਗਿਆਤ ਹੁੰਦਾ ਹੈ ਕਿ ਲਹਿਰ ਦੀ ਪੇਸ਼ਕਾਰੀ ਕਰਦਿਆਂ ਉਸਨੇ ਆਪਣੇ ਗਰੁੱਪ ਨੂੰ ਬੇਲੋੜਾ ਚੜਾਇਆ ਤੇ ਚਮਕਾਇਆ ਨਹੀਂ ਅਤੇ ਮਤਭੇਦ ਰੱਖਣ ਵਾਲੇ ਇਨਕਲਾਬੀ ਗਰੁੱਪਾਂ ਨੂੰ ਛੁਟਆਇਆ ਤੇ ਨਿਵਾਂਇਆ ਵੀ ਨਹੀਂ। ਉਸਨੇ ਉਸ ਵੇਲੇ ਦੇ ਉਹ ਨੇਤਾ ਵੀ ਰੂ-ਬ-ਰੂ ਕੀਤੇ ਹਨ ਜੋ ਅੱਜ ਲਹਿਰ ਛੱਡਕੇ, ਸੱਤਾਧਾਰੀ ਪਾਰਟੀਆਂ ਦੇ ਲੜ ਲੱਗੇ ਹੋਏ ਹਨ। ਇਸ ਤਰ੍ਹਾਂ ਰਣਜੀਤ ਨੇ ਆਪਣੇ ਅੰਦਰ ਸੁਲਘਦੀ ਇਨਕਲਾਬੀ ਲਹਿਰ ਨੂੰ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ ਅਤੇ ਵਿਦਿਆਰਥੀ ਲਹਿਰ ਦੀਆਂ ਖ਼ੂਬੀਆਂ ਅਤੇ ਖ਼ੂਬਸੂਰਤੀਆਂ ਦੇ ਨਾਲ-ਨਾਲ ਇਸਦੀਆਂ ਘਾਟਾਂ ਕਮਜ਼ੋਰੀਆਂ ਨੂੰ ਵੀ ਸਨਮੁੱਖ ਕੀਤਾ ਹੈ।

ਪੁਸਤਕ ਪੜ੍ਹਦਿਆਂ ਵਿਦਿਆਰਥੀ ਲਹਿਰ ਦੀ ਚੜ੍ਹਤ ਸੰਬੰਧੀ ਕੁਝ ਨੁਕਤੇ ਸਾਹਮਣੇ ਆਏ ਹਨ ਕਿ ਇਕ ਤਾਂ ਵਿਦਿਆਰਥੀ ਆਗੂਆਂ ਦੀ ਨਿਰੰਤਰ ਸਕੂਲਿੰਗ ਹੁੰਦੀ ਸੀ, ਦੂਜਾ ਅਧਿਐਨ ਕੇਂਦਰ (ਸਟੱਡੀ ਸੈਂਟਰ) ਹੋਣ ਕਰਕੇ ਪੜ੍ਹਨ ਪੜਾਉਣ ਦਾ ਪੱਖ ਭਾਰੂ ਸੀ। ਸ਼ਖ਼ਸੀਅਤ ਘੜਨ ਅਤੇ ਚੇਤਨਾ ਪ੍ਰਦਾਨ ਕਰਨ ਵਿਚ ਸਕੂਲਿੰਗ ਅਤੇ ਸਟੱਡੀ ਸੈਂਟਰਾਂ ਦੀ ਅਹਿਮ ਭੂਮਿਕਾ ਸੀ।

ਦੂਜਾ ਵਿਦਿਆਰਥੀਆਂ ਅਤੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ, ਵਿਦਿਆਰਥੀ ਗਰੁੱਪਾਂ ਕੋਲ ਆਪੋ ਆਪਣੇ ਸਭਿਆਚਾਰਿਕ ਗਰੁੱਪ ਸਨ। ਅਜਿਹਾ ਕਰਨ ਨਾਲ ਜਿੱਥੇ ਸਾਹਿਤ ਅਤੇ ਕਲਾ ਪ੍ਰੇਮੀ ਵਿਦਿਆਰਥੀ ਲਹਿਰ ‘ਚ ਆਉਂਦੇ ਸਨ, ਉੱਥੇ ਕਵਿਤਾ, ਗੀਤ, ਭਾਸ਼ਨ ਅਤੇ ਨਾਟਕ ਰਾਹੀਂ ਆਮ ਵਿਦਿਆਰਥੀ ਅਤੇ ਲੋਕਾਂ ਵਿਚ ਇਨਕਲਾਬੀ ਵਿਚਾਰਧਾਰਾ ਦਾ ਪ੍ਰਚਾਰ, ਪ੍ਰਸਾਰ ਹੋ ਜਾਂਦਾ ਸੀ। ਇਸ ਤਰ੍ਹਾਂ ਮਾਰਕਸੀ ਚਿੰਤਨ ਅਤੇ ਸਭਿਆਚਾਰਿਕ ਲਹਿਰ ਦੋਵੇਂ ਪ੍ਰਫੁੱਲਿਤ ਹੋ ਰਹੇ ਸਨ, ਜਿਸ ਸਦਕਾ ਲਹਿਰ ਦਾ ਪੜਾਕੂ ਅਤੇ ਲੜਾਕੂ ਪੱਖ ਵਿਕਾਸਮਈ ਦਿਸ਼ਾ ਵਿਚ ਸੀ। ਜਿਸਦੀ ਰਣਜੀਤ ਲਹਿਰਾ ਨੇ ਆਪਣੇ ਰਚਨਾ ਪਾਠਾਂ ਵਿਚ ਸੁਹਿਰਦਤਾ ਨਾਲ ਰਾਏ (ਜੱਜਮੈਂਟ) ਦ੍ਰਿਸ਼ਟੀਗੋਚਰ ਕੀਤੀ ਹੈ ਕਿ ਲਹਿਰ ਅੰਦਰ ਜਿੱਥੇ ਖਾੜਕੂਪੁੱਣਾ ਮੌਜੂਦ ਸੀ ਉੱਥੇ ਇਸ ਲਹਿਰ ਦੀ ਵਿਚਾਰਧਾਰਿਕ ਕਮਜ਼ੋਰੀ ਅਤੇ ਟੁੱਟਾਂ ਫੁੱਟਾਂ ਸੰਬੰਧੀ ਨਜ਼ਰੀਆਂ ਕਲਮਬੱਧ ਕੀਤਾ ਹੈ।



ਵਿਦਿਆਰਥੀ ਲਹਿਰ ਦੇ ਆਗੂਆਂ ਦੀ ਕਮਜ਼ੋਰੀ ਸੀ ਕਿ ਭਾਸ਼ਨਾਂ ਅਤੇ ਬੋਲਚਾਲ ਵਿਚ ਔਖੇ ਭਾਰੇ ਅਤੇ ਜਟਿਲ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਸੀ, ਜਿਹੜੀ ਆਮ ਵਿਦਿਆਰਥੀ ਦੀ ਸਮਝ ਵਿਚ ਨਹੀਂ ਸੀ ਆਉਂਦੀ, ਦੂਜਾ ਵਿਦਿਆਰਥੀ ਲਹਿਰ ਦੇ ਚਿੰਤਕਾਂ ਵੱਲੋਂ ਲਕੀਰ ਦੇ ਫ਼ਕੀਰ ਆਗੂ ਪੈਦਾ ਕੀਤੇ ਜਾਂਦੇ ਸਨ ਜੋ ਸਿਆਸੀ ਲੀਡਰਸ਼ਿਪ ਦੇ ਹੱਥ ਠੋਕੇ ਹੋਣ, ਕਠਪੁਤਲੀਆਂ ਹੋਣ, ਜੇਕਰ ਉਹ ਤੋਤਾ ਬੋਲੀ ਨਹੀਂ ਬੋਲਦੇ ਸਨ, ਹਾਂ ‘ਚ ਨਹੀਂ ਮਿਲਾਉਂਦੇ ਸਨ ਤਾਂ ਉਹ ਬਦਲ ਦਿੱਤੇ ਜਾਂਦੇ ਸਨ। ਇਸ ਤਰ੍ਹਾਂ ਕਰਨ ਨਾਲ ਵਿਦਿਆਰਥੀ ਲਹਿਰ ਦੇ ਇਨਕਲਾਬੀ ਗਰਾਫ਼ ਵਿਚ ਗਿਰਾਵਟ ਆਈ। ਮਤਭੇਦ ਰੱਖਣ ਵਾਲਿਆਂ ਨੇ ਪਹਿਲਾਂ ਭਾਂਡੇ ਭੰਨਣੇ ਸ਼ੁਰੂ ਕੀਤੇ, ਫੇਰ ਭਾਂਡੇ ਵੰਡਣੇ ਸ਼ੁਰੂ ਕੀਤੇ ਜੋ ਕਿ ਹੁਣ ਤੱਕ ਵੀ ਵੰਡੇ ਜਾ ਰਹੇ ਹਨ। ਇਸ ਪੁਸਤਕ ਵਿਚ ਬੱਸ ਕਿਰਾਇਆ ਘੋਲ ਦਾ ਨਰੋਅ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਬੱਸ ਕਿਰਾਇਆ ਘੋਲ ਸਮੇਂ ਅਪਣਾਈ ਯੁੱਧਨੀਤੀ ਵੀ ਉੱਭਰਕੇ ਸਾਹਮਣੇ ਆਉਂਦੀ ਹੈ ਜੋ ਪਾਠਕਾਂ ਹੌਸਲੇ ਬੁਲੰਦ ਕਰਦੀ ਹੈ। ਲਾਭ ਸਿੰਘ ਦੀ ਸ਼ਹਾਦਤ ਅਤੇ ਲਾਸ਼ ਖੋਹੀ ਵੀਰਾ ਤੇਰੀ ਅੱਧ-ਝੁਲਸੀ ਵਿਚ, ਲਹਿਰ ਦੇ ਖਾੜਕੂ ਪੱਖ ਪੇਸ਼ ਹੋਏ ਹਨ ਕਿ ਵਿਦਿਆਰਥੀ ਲਹਿਰ ਗੁੰਡਾਗਰਦੀ ਦੇ ਖ਼ਿਲਾਫ਼ ਸਖ਼ਤ ਟੱਕਰ ਦਿੰਦੀ ਰਹੀ, ਇਸ ਦੀ ਪੁਸ਼ਟੀ ਵੱਜੋਂ ਜੇ.ਬੀ.ਟੀ. ਦੇ ਪ੍ਰਿੰਸੀਪਲ ਨੂੰ ਸਬਕ ਸਿਖਾਉਂਣਾ ਹੈ।

ਇਸ ਪੁਸਤਕ ਵਿਚ ਸੁਹਿਰਦ ਵਿਦਿਆਰਥੀ ਆਗੂਆਂ ਦਾ ਜ਼ਿਕਰ ਹੈ ਜੋ ਫੁੱਟ ਨੂੰ ਟਾਲਣਾ ਚਾਹੁੰਦੇ ਸਨ। ਇਸ ਲਈ ਉਹ ਜੱਥੇਬੰਦੀ ਅੰਦਰ ਦੋ ਲਾਇਨਾਂ ਦਾ ਸੰਘਰਸ਼ ਚਲਾਉਂਦੇ ਰਹੇ, ਰਿਐਤ ਦਿੱਲੀਂ ਵਿਰੁੱਧ ਟੱਕਰ ਲੈਂਦੇ ਰਹੇ ਅਤੇ ਇਨਕਲਾਬੀ ਏਕਤਾ ਕੇਂਦਰ ਦੀ ਸਥਾਪਨਾ ‘ਚ ਸ਼ਰਗਰਮ ਰਹੇ। ਜਿਸ ਦੀ ਰਹਿਨੁਮਾਈ ਗੁਰਸ਼ਰਨ ਭਾਅ ਜੀ ਕਰਦੇ ਸਨ ਕਿਉਂ ਜੋ ਇਸ ਵੇਲੇ ਇਕ ਤਾਂ ਲਹਿਰ ਦੇ ਖਿੰਡਾਅ ਕਰਕੇ ਨਿਰਾਸ਼ਤਾ ਸੀ, ਦੂਜਾ ਖਾੜਕੂ ਲਹਿਰ ਵੱਲੋਂ ਇਨਕਲਾਬੀ ਜਮੂਹਰੀ ਲਹਿਰ ਤੇ ਹਮਲੇ ਤਿੱਖੇ ਕੀਤੇ ਹੋਏ ਸਨ। ਅਜਿਹੀ ਤ੍ਰਾਸਦੀ ਭਰੇ ਦੌਰ ਵਿਚ, ਕਾਲੇ ਦਿਨਾਂ ਦੀਆਂ ਰੌਸ਼ਨ ਰਾਤਾਂ ਵਿਚ ਵੀ ਇਨਕਲਾਬੀ ਲੋਕ ਗਰਮਜੋਸ਼ੀ ਨਾਲ ਜੂਝਦੇ ਰਹੇ। ਰਣਜੀਤ ਲਹਿਰਾ ਨੇ ਜਿੱਥੇ ਕਈ ਘੋਲਾਂ ਵਿਚ ਹਿੱਸਾ ਲਿਆ, ਉੱਥੇ ਕੁਝ ਘੋਲਾਂ ਦੀ ਖ਼ੁਦ ਵੀ ਅਗਵਾਈ ਕੀਤੀ।

ਪੁਸਤਕ ਪੜ੍ਹਦਿਆਂ ਪ੍ਰਿੰਸੀਪਲ ਜਰਨੈਲ, ਨਰਿੰਦਰ ਨਿੰਦੀ, ਨਾਜ਼ਰ ਬਾਗੀ, ਸੁਖਦੇਵ ਪਾਂਧੀ, ਅਜਾਇਬ ਸਿੰਘ, ਜਸਵੰਤ ਸਿੰਘ, ਬਲਦੀਪ ਸਿੰਘ ‘ਦਿਲਚਸਪ ਇਨਸਾਨ ਜਾਪੇ।‘ ਇਸ ਪੁਸਤਕ ਰਾਹੀਂ ਲਹਿਰਾ ਦੀ ਤਰਕਸ਼ੀਲ ਸੋਚ ਦਾ ਲਿਸ਼ਕਾਰਾ ਪੈਂਦਾ ਹੈ। ਅਜਿਹਾ ਇਸ ਕਰਕੇ ਹੋ ਸਕਿਆ ਹੈ, ਕਿ ਉਸਦਾ ਇਨਕਲਾਬੀ ਸਾਹਿਤ ਨਾਲ ਗਹਿਰਾ ਸੰਬੰਧ ਰਿਹਾ ਹੈ ਲੜਨਾ ਅਤੇ ਪੜ੍ਹਨਾ ਇਨਕਲਾਬੀ ਬੰਦੇ ਦੇ ਦੋ ਹੀ ਲਕਸ਼ ਹੁੰਦੇ ਹਨ, ਇਸ ਕਸਵੱਟੀ ਤੇ ਲਹਿਰਾ ਪੂਰਾ ਉਤਰਦਾ ਹੈ। ਵਰਤਮਾਨ ਲਹਿਰ ਦਾ ਇਹ ਵੀ ਦੁਖਾਂਤ ਹੈ ਕਿ ਜਦੋਂ ਉਹ ਕੋਈ ਸੰਘਰਸ਼ ਨਹੀਂ ਕਰ ਰਹੇ ਹੁੰਦੇ, ਉਸ ਵੇਲੇ ਉਹ ਕੀ ਕਰਨ, ਉਹ ਜਾਂ ਤਾਂ ਚੁੱਪ ਚਾਪ ਬੈਠੇ ਰਹਿੰਦੇ ਹਨ ਜਾਂ ਫੇਰ ਬੇਲੋੜਾ ਸੰਘਰਸ਼ ਕਰਦੇ ਹਨ। ਅਜਿਹਾ ਸੰਘਰਸ਼ ਅੱਗਾ ਦੌੜ ਪਿੱਛਾ ਚੌੜ ਕਰਨ ਵਾਲਾ ਸਾਬਤ ਹੁੰਦਾ ਹੈ। ਇਸ ਪੁਸਤਕ ਵਿਚ ਲਹਿਰਾ ਦੀ ਸੱਚੀ ਸੁੱਚੀ ਰਹਿਤਲ ਦੀ ਸਪਸ਼ਟ ਝੱਲਕ ਮਿਲਦੀ ਹੈ ਅਤੇ ਉਸ ਦੀ ਲੋਕਾਂ ਅੰਦਰ ਰਚਣ ਮਿਚਣ ਦੀ ਕਲਾ ਦਾ ਵੀ ਪਤਾ ਲੱਗਦਾ ਹੈ ਕਿ ਉਹ ਜਿਸ ਘਰ ਵਿਚ ਆਉਂਦਾ ਜਾਂਦਾ ਹੈ, ਉਸ ਘਰ ਵਿਚ ਉਹ ਘਰ ਦਾ ਜੀਅ ਹੋ ਕੇ ਵਿਚਰਦਾ ਹੈ, ਅਜਿਹੀ ਪ੍ਰਤਿਭਾ ਦੇ ਮਾਲਕ ਕੁਝ ਕੁ ਗਿਣਤੀ ਦੇ ਲੋਕ ਹੁੰਦੇ ਹਨ, ਜਿੰਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਲੋਕਾਂ ਦੇ ਜੰਗਲ ਕਿਵੇਂ ਰਹਿਣਾ ਹੈ, ਖੁੱਲ੍ਹਿਆਂ ਕਿਵੇਂ ਵਿਚਰਨਾ ਹੈ, ਸਖਤ ਅਤੇ ਗੁਪਤ ਹਾਲਾਤ ‘ਚ ਕਿਵੇਂ ਚੌਕਸ਼ੀ ਵਰਤਣੀ ਹੈ। ਇਸ ਪੁਸਤਕ ਵਿਚ ਬੁੱਧੀਜੀਵੀਆਂ ਦੀ ਅਣਯਥਾਰਥਕ ਪਹੁੰਚ ਦਾ ਵੀ ਪਤਾ ਲੱਗਦਾ ਹੈ ਕਿ ਰਣਜੀਤ ਲਹਿਰਾ ਨੇ ਲਹਿਰਾ ਸੰਗ ਰਹਿੰਦਿਆਂ ਅਤੇ ਲੋਕਾਂ ਵਿਚ ਵਿਚਰਦਿਆਂ ਕਿਵੇਂ ਕੌੜੀਆਂ ਮਿੱਠੀਆਂ ਯਾਦਾਂ ਹੰਢਾਈਆਂ ਹਨ।

ਜ਼ਿੰਦਗੀ ਦੇ ਰਾਹਾਂ ‘ਤੇ ਪੁਸਤਕ ਦਾ ਹੁਸੀਨ ਪੱਖ ਇਹ ਵੀ ਹੈ ਕਿ 2015 ਦੇ ਪਹਿਲੇ ਐਡੀਸ਼ਨ ਸੰਬੰਧੀ, ਸਮਕਾਲੀਆਂ ਦੇ ਵਿਚਾਰ ਇਸ ਪੁਸਤਕ ਵਿਚ ਅੰਕਿਤ ਹਨ। ਰਾਜਪਾਲ ਸਿੰਘ ਕੋਟਕਪੂਰਾ ਅਤੇ ਮੁਖਤਿਆਰ ਪੂਹਲਾ ਨੇ ਇਸ ਪੁਸਤਕ ਦਾ ਵਧੀਆਂ ਵਿਸ਼ਲੇਸ਼ਣ ਕੀਤਾ ਹੈ। ਸੁਖਦਰਸ਼ਨ ਨੱਤ ਦੀਆਂ ਵੱਡਮੁੱਲੀਆਂ ਰਾਵਾਂ ਇਸ ਪੁਸਤਕ ਵਿਚ ਦਰਜ ਹਨ। ਸੁਖਦੇਵ ਪਾਂਧੀ ਦਾ ਮੱਤ ਵੀ ਲੇਖਕ ਨੇ ਸ਼ਾਮਲ ਕੀਤਾ ਹੈ। ਇਸ ਪੁਸਤਕ ਵਿਚ ਪੰਜਾਬ ਸੂਟੈਂਡਟ ਯੂਨੀਅਨ ਲਲਕਾਰ ਅਤੇ ਸੁਖਵਿੰਦਰ ਪੱਪੀ ਦੇ ਵਿਚਾਰ ਢੁੱਕਵੇਂ ਹਨ। ਕਮਿਊਨਿਸਟ ਯੂਥ ਲੀਗ ਦੇ ਸੰਚਾਲਕ ਅਜਾਇਬ ਸਿੰਘ ਟਿਵਾਣਾ ਅਤੇ ਕੰਵਲਜੀਤ ਖੰਨਾ ਦੇ ਵਿਚਾਰ ਪੜਚੋਲਾਤਮਿਕ ਅਤੇ ਪ੍ਰੇਰਨਾ ਦਾਇਕ ਹਨ। ਇਸ ਲਈ ਜ਼ਿੰਦਗੀ ਦੇ ਰਾਹਾਂ ਤੇ ਪੁਸਤਕ ਪੜ੍ਹਨ ਯੋਗ ਅਤੇ ਪੜਤਾਲਣਯੋਗ ਆਖੀ ਜਾ ਸਕਦੀ ਹੈ।

- ਡਾ. ਲਕਸ਼ਮੀ ਨਰਾਇਣ ਭੀਖੀ
ਫੋਨ : 94175-88616

**Guru Nanak's Free Kitchen**
LOVE ALL, FEED ALL

**ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ**

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ ‘ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ ‘ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ ‘ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ ‘ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SINCE 1997
SANJHA PUNJAB

**ਸਾਂਝਾ ਪੰਜਾਬ ਸਵੀਟਸ**

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



**CONTACT : SATJINDER SAMRA**

**604-930-9099**

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8

# ਜੰਗਾਂ ਨਾ ਰੁਕੀਆਂ ਤਾਂ ਭਿਆਨਕ ਤਬਾਹੀ ਹੋਵੇਗੀ

**ਲਿਖਤ : ਡਾ. ਅਰੁਣ ਮਿੱਤਰਾ**

ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਚੱਲ ਰਹੀਆਂ ਜੰਗਾਂ ਗੰਭੀਰ ਚਿੰਤਾ ਦਾ ਕਾਰਨ ਹਨ। 24 ਫਰਵਰੀ 2022 ਨੂੰ ਸ਼ੁਰੂ ਹੋਈ ਰੂਸ ਯੂਕਰੇਨ ਜੰਗ ਖਤਮ ਹੋਣ 'ਤੇ ਨਹੀਂ ਆ ਰਹੀ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਦੇ ਇੱਕ ਤਾਜ਼ਾ ਬਿਆਨ ਅਨੁਸਾਰ ਲਗਭਗ 43,000 ਯੂਕਰੇਨੀ ਸੈਨਿਕ ਮਾਰੇ ਗਏ ਹਨ ਅਤੇ 3,70,000 ਜ਼ਖ਼ਮੀ ਹੋਏ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪਰਿਸ਼ਦ (ਛ) ਅਨੁਸਾਰ ਲਗਭਗ 40 ਲੱਖ ਲੋਕ ਬੇਘਰ ਹੋ ਗਏ ਹਨ ਅਤੇ ਆਪਣੇ ਹੀ ਦੇਸ਼ ਵਿੱਚ ਵਿਸਥਾਪਿਤ ਹੋ ਗਏ ਹਨ ਅਤੇ 68 ਲੱਖ ਲੋਕ ਪੋਲੈਂਡ, ਹੰਗਰੀ, ਮੋਲਦੋਵਾ ਜਾਂ ਵਿਸ਼ਵ ਦੇ ਹੋਰ ਦੇਸ਼ਾਂ ਵਿੱਚ ਚਲੇ ਗਏ ਹਨ। ਲਗਭਗ ਦੋ ਕਰੋੜ ਲੋਕਾਂ ਨੂੰ ਹੁਣ ਤੁਰੰਤ ਮਾਨਵਤਾਵਾਦੀ ਸਹਾਇਤਾ ਦੀ ਲੋੜ ਹੈ ਕਿਉਂਕਿ ਉਹ ਜ਼ਰੂਰੀ ਦਵਾਈਆਂ ਅਤੇ ਭੋਜਨ ਦੀ ਜਾਨਲੇਵਾ ਘਾਟ ਦਾ ਸਾਹਮਣਾ ਕਰ ਰਹੇ ਹਨ।

ਮੱਧ ਪੂਰਬ ਵਿੱਚ ਸੰਕਟ ਦਿਨੋ-ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। 7 ਅਕਤੂਬਰ 2023 ਨੂੰ ਇਜ਼ਰਾਈਲ ਉੱਤੇ ਹਮਾਸ ਦੇ ਹਮਲੇ ਤੋਂ ਬਾਅਦ ਇਜ਼ਰਾਈਲੀ ਰੱਖਿਆ ਬਲਾਂ ਨੇ ਗਾਜ਼ਾ ਉੱਤੇ ਬੜੀ ਬੇਰਹਿਮੀ ਨਾਲ ਹਮਲਾ ਕਰ ਦਿੱਤਾ । ਇਸ ਨਾਲ ਲਗਭਗ 45 ਹਜ਼ਾਰ ਫਲਸਤੀਨੀ ਨਾਗਰਿਕ ਮਾਰੇ ਗਏ ਹਨ, ਜਿਨ੍ਹਾਂ ਵਿੱਚੋਂ 70 ਫੀਸਦੀ ਔਰਤਾਂ ਅਤੇ ਬੱਚੇ ਹਨ। ਬੰਬਾਰੀ ਨੇ 15 ਲੱਖ ਤੋਂ ਵੱਧ ਲੋਕਾਂ ਨੂੰ ਵਿਸਥਾਪਿਤ ਕਰ ਦਿੱਤਾ ਹੈ । ਸਾਫ਼ ਪਾਣੀ, ਡਾਕਟਰੀ ਦੇਖਭਾਲ ਅਤੇ ਆਸਰੇ ਤੱਕ ਪਹੁੰਚ ਨੂੰ ਬੁਰੀ ਤਰ੍ਹਾਂ ਸੀਮਤ ਹੋਣ ਕਰ ਕੇ ਹਜ਼ਾਰਾਂ ਲੋਕਾਂ ਦੀ ਜਾਨ ਚਲੀ ਗਈ ਹੈ। ਗਾਜ਼ਾ ਵਿੱਚ ਬਹੁਤ ਹੀ ਸੀਮਤ ਮਾਨਵਤਾਵਾਦੀ ਸਹਾਇਤਾ ਦੇ ਕਾਰਨ ਭੁੱਖਮਰੀ ਦਾ ਗੰਭੀਰ ਖ਼ਤਰਾ ਹੈ। ਕੈਂਪਾਂ ਵਿੱਚ ਰਹਿਣ ਦੇ ਕਾਰਨ ਔਰਤਾਂ ਸਾਫ ਸਫਾਈ ਤੋਂ ਬਿਨਾਂ ਬਹੁਤ ਖਰਾਬ ਸਥਿਤੀਆਂ ਵਿੱਚ ਰਹਿ ਰਹੀਆਂ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਗਰਭਵਤੀ ਸਨ ਅਤੇ ਉਨ੍ਹਾਂ ਨੂੰ ਗਰਭ ਅਵਸਥਾ ਦਾ ਪ੍ਰਬੰਧਨ ਕਰਨ ਅਤੇ ਬੱਚਿਆਂ ਨੂੰ ਜਨਮ ਦੇਣ ਵਿੱਚ ਮੁਸ਼ਕਲ ਆ ਰਹੀ ਹੈ। ਇਸ ਨਾਲ ਬਿਮਾਰੀਆਂ ਦਾ ਖਤਰਾ ਬਹੁਤ ਵਧ ਗਿਆ ਹੈ। ਕੁਝ ਸਮਾਂ ਪਹਿਲਾਂ ਇਲਾਕੇ ਵਿੱਚ ਪੋਲੀਓ ਫੈਲਣ ਦਾ ਡਰ ਬਣਿਆ ਹੋਇਆ ਸੀ।

ਗਾਜ਼ਾ ਵਿੱਚ ਲਗਭਗ 80 ਫੀਸਦੀ ਬੁਨਿਆਦੀ ਢਾਂਚਾ ਤਬਾਹ ਹੋ ਗਿਆ ਹੈ । ਇਸ ਕਾਰਨ 50 ਫੀਸਦੀ ਡਾਕਟਰੀ ਸਹੂਲਤਾਂ ਅੰਸ਼ਕ ਤੌਰ 'ਤੇ ਜਾਂ ਪੂਰੀ ਤਰ੍ਹਾਂ ਅਸਮਰੱਥ ਹੋ ਗਈਆਂ ਹਨ। ਸੇਵਾ ਕਰਦੇ ਹੋਏ ਸੈਂਕੜੇ ਸਿਹਤ ਕਰਮਚਾਰੀ ਮਾਰੇ ਗਏ ਜਾਂ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਮੈਡੀਕਲ ਪੇਸ਼ੇਵਰ ਬੰਬ ਧਮਾਕਿਆਂ ਅਤੇ ਹਮਲਿਆਂ ਦੌਰਾਨ ਸਰਗਰਮੀ ਨਾਲ ਸਹਾਇਤਾ ਪ੍ਰਦਾਨ ਕਰਦੇ ਹੋਏ ਮਾਰੇ ਗਏ ਸਨ। ਉਨ੍ਹਾਂ ਵਿੱਚੋਂ ਕਈਆਂ ਵਿੱਚ ਗੰਭੀਰ ਜ਼ਖ਼ਮੀਆਂ ਨਾਲ ਨਜਿੱਠਣ ਦੌਰਾਨ ਲੋੜੀਂਦੇ ਡਾਕਟਰੀ ਉਪਕਰਨਾਂ ਅਤੇ ਦਵਾਈਆਂ ਦੀ ਉਪਲੱਬਧਤਾ ਨਾ ਹੋਣ ਕਾਰਨ ਛੋਟੇ ਬੱਚਿਆਂ ਨੂੰ ਆਪਣੇ ਸਾਹਮਣੇ ਮਰਦੇ ਦੇਖ ਕੇ ਮਾਨਸਿਕ ਸਿਹਤ ਸਮੱਸਿਆਵਾਂ ਪੈਦਾ ਹੋ ਗਈਆਂ। ਗਾਜ਼ਾ ਦੇ ਜ਼ਿਆਦਾਤਰ ਹਸਪਤਾਲ ਹੁਣ ਸੀਮਤ ਸਪਲਾਈ ਤੇ ਸਟਾਫ ਅਤੇ ਸੁਰੱਖਿਆ ਖਤਰਿਆਂ ਨਾਲ ਸੰਘਰਸ਼ ਕਰਦੇ ਹੋਏ ਨਾਜ਼ੁਕ ਹਾਲਤਾਂ ਵਿੱਚ ਕੰਮ ਕਰਦੇ ਹਨ। ਲੱਖਾਂ ਵਸਨੀਕਾਂ ਲਈ ਸਿਹਤ ਸੰਭਾਲ ਨੂੰ ਖਤਰੇ ਵਿੱਚ ਪਾ ਕੇ ਸਿਰਫ਼ ਕੁਝ ਮੈਡੀਕਲ ਸਹੂਲਤਾਂ ਹੀ ਕੰਮ ਕਰ ਰਹੀਆਂ ਹਨ।

ਅਸਦ ਸ਼ਾਸਨ ਦੇ ਪਤਨ ਤੋਂ ਬਾਅਦ ਸੀਰੀਆ ਦੀ ਨਵੀਂ ਸਰਕਾਰ ਅਜੇ ਸਥਿਰ ਨਹੀਂ ਹੋਈ ਹੈ ਅਤੇ ਧੜਿਆਂ ਨਾਲ ਭਰੀ ਹੋਈ ਹੈ। ਸੀਰੀਆ ਲੰਬੇ ਸਮੇਂ ਤੋਂ ਯੁੱਧ ਵਿਚ ਹੈ ਅਤੇ ਇੱਥੇ 1.4 ਕਰੋੜ ਲੋਕਾਂ ਦਾ ਆਪਣੇ ਹੀ ਦੇਸ਼ ਦੇ ਅੰਦਰ ਸਭ ਤੋਂ ਵੱਡਾ ਅੰਦਰੂਨੀ ਵਿਸਥਾਪਨ ਹੈ। ਸੀਰੀਆ ਦੇ ਲੋਕ ਸਥਾਈ ਸ਼ਾਂਤੀ ਲਈ ਤਰਸ ਰਹੇ ਸਨ ਅਤੇ ਇਸੇ ਉਮੀਦ ਵਿੱਚ ਉਹ ਮੌਜੂਦਾ ਸ਼ਾਸਨ ਦਾ ਸਮਰਥਨ ਕਰ ਰਹੇ ਹਨ। ਨਵਾਂ ਸ਼ਾਸਨ ਕਿਸ ਤਰ੍ਹਾਂ ਦਾ ਵਿਵਹਾਰ ਕਰੇਗਾ ਇਹ ਤਾਂ ਸਮਾਂ ਹੀ ਦੱਸੇਗਾ ਕਿਉਂਕਿ ਮੌਜੂਦਾ ਸ਼ਾਸਕ ਅਲ-ਕਾਇਦਾ ਅਤੇ ਆਈਐਸਆਈਐਸ ਦਾ ਹਿੱਸਾ ਰਹੇ ਹਨ। ਔਰਤਾਂ ਦੇ ਅਧਿਕਾਰਾਂ, ਉਨ੍ਹਾਂ ਦੀ ਸਿੱਖਿਆ ਅਤੇ ਉਨ੍ਹਾਂ ਦੀ ਸਿਹਤ ਸੰਭਾਲ ਪ੍ਰਤੀ ਉਨ੍ਹਾਂ ਦਾ ਰਵੱਈਆ ਕੀ ਹੋਵੇਗਾ, ਇਹ ਅਜੇ ਪਤਾ ਨਹੀਂ ਹੈ। ਵਿਗਿਆਨੀਆਂ ਅਤੇ ਬੁੱਧੀਜੀਵੀਆਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। ਇਜ਼ਰਾਈਲ ਪਹਿਲਾਂ ਹੀ ਗੋਲਾਨ ਹਾਈਟਸ 'ਤੇ ਆਪਣਾ ਕੰਟਰੋਲ ਮਜ਼ਬੂਤ ਕਰਨ ਦੇ ਨਾਲ ਨਾਲ ਹੋਰ ਵਧਾ ਚੁੱਕਾ ਹੈ।

ਸੰਸਾਰ ਵਿੱਚ ਇਸ ਅਸਥਿਰਤਾ ਦੀ ਸਥਿਤੀ ਵਿਚ ਇਹਨਾਂ ਯੁੱਧਾਂ ਦੇ ਵਧਣ ਦਾ ਇੱਕ ਬਹੁਤ ਵੱਡਾ ਖ਼ਤਰਾ ਪੈਦਾ ਹੋ ਗਿਆ ਹੈ ਜਿਸ ਨਾਲ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦਾ ਖਤਰਾ ਵਧ ਗਿਆ ਹੈ । ਇੰਜ ਹੋਇਆ ਤਾਂ ਇਹ ਅਤਿ ਵਿਨਾਸ਼ਕਾਰੀ ਹੋਵੇਗਾ ਜਿਸ ਲਈ ਡਾਕਟਰੀ ਭਾਈਚਾਰੇ ਕੋਲ ਕੋਈ ਉਪਾਅ ਨਹੀਂ ਹੈ।

ਇੱਕ ਨੈਤਿਕ ਅਤੇ ਪੇਸ਼ੇਵਰ ਫਰਜ਼ ਵਜੋਂ ਡਾਕਟਰਾਂ ਅਤੇ ਹੋਰ ਸਿਹਤ ਕਰਮਚਾਰੀਆਂ ਨੂੰ ਬਿਮਾਰਾਂ ਅਤੇ ਕਮਜ਼ੋਰਾਂ ਨੂੰ ਠੀਕ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ। ਇਸ ਲਈ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਈ ਗਈ ਕੋਈ ਵੀ ਸਥਿਤੀ, ਜੋ ਲੋਕਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ, ਉਹਨਾਂ ਲਈ ਚਿੰਤਾ ਦਾ ਕਾਰਨ ਹੈ। ਹੁਣ ਤੱਕ ਇਹ ਆਮ ਸਹਿਮਤੀ ਹੈ ਕਿ ਬੁਨਿਆਦੀ ਢਾਂਚੇ ਅਤੇ ਵਾਤਾਵਰਣ 'ਤੇ ਵਿਨਾਸ਼ਕਾਰੀ ਪ੍ਰਭਾਵਾਂ ਕਰਕੇ ਜੰਗ ਜਨਤਕ ਸਿਹਤ ਲਈ ਸਭ ਤੋਂ ਗੰਭੀਰ ਖ਼ਤਰਾ ਹੈ ਅਤੇ ਬਹੁਤ ਸਾਰੀਆਂ ਵੱਡੀਆਂ ਬਿਮਾਰੀਆਂ ਦੇ ਮੁਕਾਬਲੇ ਜ਼ਿਆਦਾ ਮੌਤਾਂ ਅਤੇ ਅਪਾਹਜਤਾ ਲਈ ਜ਼ਿੰਮੇਵਾਰ ਹੈ। ਜੰਗਾਂ ਪਰਿਵਾਰਾਂ, ਭਾਈਚਾਰਿਆਂ ਅਤੇ ਕਈ ਵਾਰ ਪੂਰੇ ਸੱਭਿਆਚਾਰਾਂ ਨੂੰ ਤਬਾਹ ਕਰ ਦਿੰਦੀਆਂ ਹਨ। ਇਹਨਾਂ ਹਾਲਤਾਂ ਵਿੱਚ ਸਿਹਤ ਅਤੇ ਹੋਰ ਸਮਾਜਿਕ ਲੋੜਾਂ ਲਈ ਵਰਤੇ ਜਾ ਸਕਣ ਵਾਲੇ ਸੋਮਿਆਂ ਦੀ ਗ਼ਲਤ ਵਰਤੋਂ ਹੁੰਦੀ ਹੈ ਤੇ ਲੋਕ ਹਿੱਤਾਂ ਨੂੰ ਪ੍ਰਭਾਵਿਤ ਕਰਦੀ ਹੈ। ਅਜਿਹੀ ਸਥਿਤੀ ਵਿਚ ਵੱਖ-ਵੱਖ ਦੇਸ਼ਾਂ ਦੇ ਡਾਕਟਰਾਂ ਨੇ 1 ਦਸੰਬਰ ਨੂੰ ਇੰਡੀਅਨ ਡਾਕਟਰਜ਼ ਫ਼ਾਰ ਪੀਸ ਐਂਡ ਡਿਵਲਪਮੈਂਟ ਵੱਲੋਂ ਦਿੱਲੀ ਵਿਚ ਆਯੋਜਿਤ ਇਕ ਅੰਤਰਰਾਸ਼ਟਰੀ ਸੈਮੀਨਾਰ ਵਿਚ ਇਕੱਠੇ ਹੋ ਕੇ ਉਪਰੋਕਤ ਮੁੱਦਿਆਂ 'ਤੇ ਆਪਣੀ ਚਿੰਤਾ ਸਾਂਝੀ ਕੀਤੀ। ਦਿਨ ਭਰ ਵਿਚਾਰ-ਵਟਾਂਦਰੇ ਤੋਂ ਬਾਅਦ ਉਹ ਇੱਕ ਘੋਸ਼ਣਾ ਪੱਤਰ ਲੈ ਕੇ ਆਏ ਜਿਸ ਵਿੱਚ ਜੰਗਾਂ ਦੀ ਸਮਾਪਤੀ ਅਤੇ ਸਿਹਤ ਨੂੰ ਉਤਸ਼ਾਹਿਤ ਕਰਨ ਲਈ ਵਿਸ਼ਵਵਿਆਪੀ ਆਵਾਜ਼ ਦੀ ਮੰਗ ਕੀਤੀ ਗਈ। ਉਨ੍ਹਾਂ ਯੂਐਨਓ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਜਮਹੂਰੀ ਬਣਾਉਣ ਦੀ ਮੰਗ ਕੀਤੀ। ਇਹ ਮੰਗ ਵੀ ਕੀਤੀ ਗਈ ਕਿ ਪ੍ਰਭਾਵਿਤ ਖੇਤਰਾਂ ਵਿੱਚ ਸਿਹਤ ਕਰਮਚਾਰੀਆਂ ਦੀ ਸੁਰੱਖਿਆ ਅਤੇ ਮਾਨਵਤਾਵਾਦੀ ਸਹਾਇਤਾ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਨਾਟੋ ਅਤੇ ਕਵਾਡ ਨੂੰ ਭੰਗ ਕਰਨ ਦੀ ਵੀ ਮੰਗ ਕੀਤੀ। ਦੱਖਣੀ ਏਸ਼ੀਆ ਲਈ ਘੋਸ਼ਣਾ ਪੱਤਰ ਵਿੱਚ ਸਾਰਕ ਨੂੰ ਮਜ਼ਬੂਤ ਕਰਨ ਲਈ ਕਿਹਾ ਗਿਆ ਹੈ। ਸਰਬਸੰਮਤੀ ਨਾਲ ਸਾਰੇ ਪ੍ਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਤੋਂ ਜੁਲਾਈ 2017 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੁਆਰਾ ਪਾਸ ਕੀਤੀ ਗਈ ਪਰਮਾਣੂ ਹਥਿਆਰਾਂ ਦੀ ਮਨਾਹੀ (ਠਫਾਂ) ਵਾਲੀ ਬਹੁ-ਪੱਖੀ ਸੰਧੀ ਵਿੱਚ ਸ਼ਾਮਲ ਹੋਣ ਤੇ ਧਰਤੀ ਤੋਂ ਪ੍ਰਮਾਣੂ ਹਥਿਆਰਾਂ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਸੀ। ਦੁਨੀਆ ਦੇ ਨਾਗਰਿਕਾਂ ਦਾ ਸਿਹਤਮੰਦ ਹੋਣਾ ਅੱਜ ਬਹੁਤ ਵੱਡੀ ਚੁਣੌਤੀ ਹੈ ਜੋ ਕਿ ਯੁੱਧ ਦੀ ਸਥਿਤੀ ਵਿੱਚ ਬਹੁਤ ਖਤਰੇ ਵਿੱਚ ਪੈ ਰਹੀ ਹੈ।

---

# ਦਿਨ ਪ੍ਰਤੀ ਦਿਨ ਭਾਰਤ ਵਿੱਚ ਔਰਤਾਂ ਤੇ ਵੱਧਦੇ ਜਾ ਰਹੇ ਜ਼ੁਲਮ



ਲਿਖਤ
ਸੰਜੀਵ ਸਿੰਘ ਸੈਣੀ,
78889-66168

ਹਾਲ ਹੀ ਵਿੱਚ ਦਿੱਲੀ ਦੇ ਉੱਤਮ ਨਗਰ ਨੇੜੇ ਮੋਹਨ ਗਾਰਡਨ 'ਚ ਸਕੂਲ ਜਾ ਰਹੀ 17 ਸਾਲਾਂ ਦੀ ਵਿਦਿਆਰਥਣ ਦੇ ਚਿਹਰੇ ਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਤੇਜ਼ਾਬ ਸੁੱਟ ਦਿੱਤਾ। ਵਿਚਾਰਨ ਵਾਲੀ ਗੱਲ ਹੈ ਕਿ ਤੇਜ਼ਾਬ ਦੀ ਵਿਕਰੀ ਤੇ ਪਾਬੰਦੀ ਦੇ ਬਾਵਜੂਦ ਇਹਨਾਂ ਦੋਸ਼ੀਆਂ ਨੇ ਇਹ ਕਿਥੋਂ ਲਿਆ? 17 ਸਾਲਾਂ ਵਿਦਿਆਰਥਣ ਨੇ ਪ੍ਰੇਮ ਪ੍ਰਸਤਾਵ ਠੁਕਰਾ ਦਿੱਤਾ ਸੀ। ਦਿਨ ਪ੍ਰਤੀ ਦਿਨ ਔਰਤਾਂ ਤੇ ਜ਼ੁਲਮ ਵਧਦੇ ਜਾ ਰਹੇ ਹਨ। ਬਲਾਤਕਾਰ, ਛੇੜਛਾੜ, ਹੋਰ ਪਤਾ ਨਹੀਂ ਕਿੰਨੀਆਂ ਹੀ ਘਿਨੌਣੀ ਹਰਕਤਾਂ ਤੋਂ ਅਜਿਹੇ ਦੋਸ਼ੀ ਬਾਜ਼ ਨਹੀਂ ਆ ਰਹੇ ਹਨ। ਉਸ ਕੁੜੀ ਤੇ ਕੀ ਬੀਤੀ ਹੋਵੇਗੀ, ਜਿਸ ਦਾ ਸਾਰਾ ਹੀ ਚਿਹਰਾ ਜਲਾ ਦਿੱਤਾ। ਹਰ ਵਾਰ ਅਜਿਹੇ ਦਰਿੰਦਿਆਂ ਨੂੰ ਕੋਸੇਗੀ । ਮਾਂ ਬਾਪ ਤੇ ਕੀ ਬੀਤੀ ਹੋਵੇਗੀ।

ਹਾਲ ਹੀ ਵਿੱਚ ਉਤਰਾਖੰਡ ਦੇ ਪੌੜੀ ਜ਼ਿਲ੍ਹੇ ਦੇ ਇੱਕ ਰਿਜ਼ੋਰਟ ਵਿਚ ਕੰਮ ਕਰਦੀ ਲੜਕੀ ਦੀ ਲਾਸ਼ ਨਹਿਰ ਚੋਂ ਮਿਲੀ। ਰਿਜ਼ੋਰਟ ਵਿੱਚ ਰਹਿ ਰਹੇ ਮਹਿਮਾਨਾਂ ਨਾਲ ਕੁੜੀ ਨੂੰ ਸਬੰਧ ਬਣਾਉਣ ਲਈ ਦਬਾਅ ਪਾਇਆ ਜਾਂਦਾ ਸੀ। ਹਾਲਾਂਕਿ ਰਿਜ਼ੋਰਟ ਮਾਲਕ ਦੇ ਨਾਲ ਨਾਲ ਦੋ ਹੋਰ ਲੋਕਾਂ ਦੀ ਗ੍ਰਿਫਤਾਰੀ ਵੀ ਹੋਈ ਹੈ। ਰੋਸ ਵਿਚ ਆਏ ਲੋਕਾਂ ਵੱਲੋਂ ਪੁਲੀਸ ਦੀ ਗੱਡੀ ਦੀ ਭੰਨ-ਤੋੜ ਵੀ ਕੀਤੀ ਗਈ। ਧਰਨੇ ਮੁਜ਼ਾਹਰੇ ਵੀ ਲਗਾਏ ਗਏ। ਰਿਪੋਰਟ ਮੁਤਾਬਕ ਲੜਕੀ ਦੇ ਸ਼ਰੀਰ ਤੇ ਕੁੱਟਮਾਰ ਦੇ ਨਿਸ਼ਾਨ ਵੀ ਪਾਏ ਗਏ। ਲਗਾਤਾਰ ਅਜਿਹੀਆਂ ਘਿਨਾਉਣੀਆਂ ਹਰਕਤਾਂ ਵਿਚ ਵਾਧਾ ਹੋ ਰਿਹਾ ਹੈ। ਵਾਰ-ਵਾਰ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾਂਦੀ ਹੈ।

ਝਾਰਖੰਡ ਦੇ ਦੁਮਕਾ ਜ਼ਿਲੇ ਵਿਚ ਬਾਰਵੀਂ ਕਲਾਸ ਦੀ ਵਿਦਿਆਰਥਣ ਨੂੰ ਉਸ ਦੇ ਹੀ ਮੁਹੱਲੇ ਦੇ ਨੌਜਵਾਨਾਂ ਵੱਲੋਂ ਪੈਟਰੋਲ ਛਿੜਕ ਕੇ ਅੱਗ ਲਗਾ ਦੇਣਾ ਬਹੁਤ ਮੰਦਭਾਗੀ ਘਟਨਾ ਹੈ। ਪੀੜਤ ਦੇ ਮੁਹੱਲੇ ਦਾ ਮੁੰਡਾ ਉਸ ਨੂੰ ਵਿਆਹ ਲਈ ਬਾਰ-ਬਾਰ ਤੰਗ ਕਰ ਰਿਹਾ ਸੀ। ਕਿਉਂਕਿ ਉਹ ਦੋਸ਼ੀ ਉਸ ਕੁੜੀ ਨੂੰ ਪਿਆਰ ਕਰਦਾ ਸੀ ਤੇ ਕੁੜੀ ਨੇ ਹਾਮੀ ਨਹੀਂ ਭਰੀ ਸੀ। ਜਿਸ ਕਰਕੇ ਉਸ ਨੇ ਕੁੜੀ ਨੂੰ ਜਿਉਂਦੇ ਜੀਅ ਸਾੜ ਦਿੱਤਾ। ਜ਼ਖ਼ਮਾਂ ਦਾ ਦਰਦ ਨਾ ਸਹਿੰਦੀ ਹੋਈ ਕੁੜੀ ਨੇ ਦਮ ਤੋੜ ਦਿੱਤਾ। ਹਾਲਾਂ ਕਿ ਦੋਸ਼ੀ ਪੁਲਿਸ ਦੀ ਗ੍ਰਿਫਤ ਵਿੱਚ ਹੈ। ਇਲਾਕੇ ਵਿਚ ਸਮਾਜ ਸੇਵੀ ਸੰਸਥਾਵਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਦੋਸ਼ੀ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਧਰਨੇ ਮੁਜਾਹਰੇ ਲਗਾਏ ਜਾ ਰਹੇ ਹਨ। ਹਰ ਰੋਜ਼ ਪਤਾ ਨਹੀਂ ਕਿੰਨੀਆਂ ਹੀ ਦੇਸ਼ ਵਿਚ ਔਰਤਾਂ ਨਾਲ ਜਬਰ ਜਨਾਹ ਹੁੰਦਾ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਲਗਾਤਾਰ ਹੋ ਰਹੀਆਂ ਹਨ।



7ਸਾਲ ,3 ਮਹੀਨੇ, 8 ਦਿਨ ਬਾਅਦ ਆਖਿਰ ਨਿਰਭਿਆ ਦੇ ਮਾਤਾ ਪਿਤਾ ਨੂੰ ਇਨਸਾਫ਼ ਮਿਲਿਆ ਸੀ ।ਦੋਸ਼ੀਆਂ ਨੂੰ ਸਵੇਰੇ 5:30 ਵਜੇ ਫਾਂਸੀ ਦੇ ਦਿੱਤੀ ਗਈ। ਤਿਹਾੜ ਜੇਲ ਦੇ ਬਾਹਰ ਜਸ਼ਨ ਦਾ ਮਾਹੌਲ ਸੀ। ਲੋਕਾਂ ਨੇ ਇੱਕ ਦੂਜੇ ਨੂੰ ਮਠਿਆਈ ਵੰਡ ਕੇ ਖੁਸ਼ੀ ਮਨਾਈ ।ਅਜਿਹੇ ਦੋਸ਼ੀ ਜੋ ਆਪਣਾ ਕੇਸ ਵਕੀਲਾਂ ਕੋਲ ਲੈ ਕੇ ਜਾਂਦੇ ਹਨ ,ਉਨ੍ਹਾਂ ਵਕੀਲਾਂ ਨੂੰ ਅਜਿਹੇ ਕੇਸ ਨਹੀਂ ਫੜਨੇ ਚਾਹੀਦੇ। ਜੋ ਵੀ ਵਕੀਲ ਅਜਿਹੇ ਕੇਸ ਫੜਦਾ ਹੈ ਉਸ ਦੀ ਬਾਰ ਕੌਂਸਲ ਰਜਿਸਟ੍ਰੇਸ਼ਨ ਤੁਰੰਤ ਕੈਂਸਲ ਕਰੇ । ਅਜਿਹੇ ਬਲਾਤਕਾਰ, ਗੈਂਗਰੇਪ, ਤੇਜ਼ਾਬੀ ਹਮਲੇ ਦੇ ਪੀੜਤ ਪਰਿਵਾਰਾਂ ਨੂੰ ਛੇ ਮਹੀਨੇ ਦੇ ਅੰਦਰ ਅੰਦਰ ਇਨਸਾਫ਼ ਮਿਲਣਾ ਚਾਹੀਦਾ ਹੈ ।ਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਛੇ ਮਹੀਨੇ ਦੇ ਅੰਦਰ ਅੰਦਰ ਹੋ ਜਾਣੀ ਚਾਹੀਦੀ ਹੈ । ਫਾਸਟ ਟਰੈਕ ਅਦਾਲਤਾਂ ਵਿੱਚ ਅਜਿਹੇ ਕੇਸਾਂ ਦੀ ਸੁਣਵਾਈ ਹੋਣੀ ਚਾਹੀਦੀ ਹੈ।ਤੇਲੰਗਾਨਾ ਵਿੱਚ ਵੀ ਵੈਟਨਰੀ ਡਾਕਟਰ ਨੂੰ ਵੀ ਜ਼ਾਲਮਾਂ ਨੇ ਜਿਉਂਦੇ ਜੀਅ ਸਾੜ ਦਿੱਤਾ ਸੀ। ਉੱਥੋਂ ਦੇ ਪੁਲਿਸ ਕਮਿਸ਼ਨਰ ਨੇ ਐਨਕਾਊਂਟਰ ਵਿੱਚ ਦੋਸ਼ੀ ਮਾਰ ਦਿੱਤੇ।ਪੁਲਿਸ ਕਮਿਸ਼ਨਰ ਦਾ ਸ਼ਲਾਘਾ ਕਦਮ ਸੀ।

ਮਾਂ ਬਾਪ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਕਦਰਾ ਕੀਮਤਾ ਬਾਰੇ ਜਾਣੂ ਕਰਵਾਉਣ। ਮਾਂ ਬਾਪ ਨੂੰ ਆਪਣੇ ਬੱਚਿਆਂ ਨੂੰ ਚੰਗੀਆਂ ਗੱਲਾਂ ਸਿਖਾਉਣੀ ਚਾਹੀਦੀਆਂ ਹਨ। ਦਰਅਸਲ ਅੱਜਕੱਲ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਕਹਿਣ ਤੋਂ ਡਰਦੇ ਹਨ। ਕਿਉਂਕਿ ਅੱਜਕਲ ਦੇ ਬੱਚੇ ਗ਼ਲਤ ਕਦਮ ਜਲਦੀ ਚੁੱਕਦੇ ਹਨ। ਮਾ ਬਾਪ ਨੂੰ ਇਹ ਡਰ ਹੁੰਦਾ ਹੈ ਕਿ ਜੇ ਅਸੀਂ ਆਪਣੇ ਬੱਚੇ ਨੂੰ ਝਿੜਕਾਂਗੇ, ਕੱਲ੍ਹ ਨੂੰ ਉਨ੍ਹਾਂ ਦਾ ਬੱਚਾ ਪਤਾ ਨਹੀਂ ਕੀ ਕਰ ਲਵੇ।ਗੁਜਰਾਤ ਦੇ 2002 ਦੇ ਦੰਗਾ-ਪੀੜਤਾਂ ਵਿੱਚ ਇੱਕ ਗਰਭਵਤੀ ਔਰਤ ਨਾਲ ਜਬਰ ਜਨਾਹ ਕਰਨ , ਤੇ ਪਰਿਵਾਰ ਦੇ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ। ਤੇ ਉਥੋਂ ਦੀ ਸਰਕਾਰ ਨੇ ਇਸ ਸਾਲ ਆਜ਼ਾਦੀ ਦਿਵਸ ਤੇ ਅਜਿਹੇ ਦੋਸ਼ੀਆਂ ਨੂੰ ਰਿਹਾ ਕਰ ਦਿੱਤਾ ,ਜੋ ਕਿ ਮੰਦਭਾਗੀ ਘਟਨਾ ਹੈ। ਦੋਸ਼ੀਆਂ ਦੇ ਹੌਂਸਲੇ ਹੋਰ ਬੁਲੰਦ ਹੋ ਜਾਂਦੇ ਹਨ। ਉਹਨਾਂ ਦੇ ਅੰਦਰ ਬਿਲਕੁਲ ਵੀ ਭੈਅ ਨਹੀਂ ਰਹਿੰਦਾ। ਉਹਨਾਂ ਨੂੰ ਇਹ ਹੁੰਦਾ ਹੈ ਕਿ ਸਰਕਾਰਾਂ ਨੇ ਤਾਂ ਸਾਨੂੰ ਰਿਹਾਅ ਕਰ ਦੇਣਾ ਹੈ। ਹਾਲਾਂ ਕਿ ਸੁਪਰੀਮ ਕੋਰਟ ਨੇ ਵੀ ਉਥੋਂ ਦੀ ਕੋਰਟ ਤੋਂ ਜਵਾਬ ਮੰਗਿਆ ਹੈ । ਇਹ ਬਿਲਕੁਲ ਗ਼ਲਤ ਹੈ।ਝਾਰਖੰਡ ਸਰਕਾਰ ਨੂੰ ਪੀੜਤ ਪਰਿਵਾਰ ਨੂੰ ਬਣਦਾ ਮੁਆਵਜ਼ਾ ਅਤੇ ਸੁਰੱਖਿਆ ਮੁਹੱਈਆ ਕਰਵਾਉਣੀ ਚਾਹੀਦੀ ਹੈ। ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਹੈ। ਔਰਤ ਸਾਡੇ ਸਮਾਜ ਦਾ ਅਹਿਮ ਹਿੱਸਾ ਹੈ। ਔਰਤ ਹੀ ਜੱਗ ਜਨਣੀ ਹੈ। ਅੱਜ ਦੇਸ਼ ਦੇ ਅਹਿਮ ਅਹੁਦਿਆਂ ਤੇ ਔਰਤਾਂ ਬਿਰਾਜਮਾਨ ਹਨ। ਚਾਹੇ ਉਹ ਥਲ ਸੈਨਾ ਹੋਵੇ ਜਾਂ ਨੇਵੀ ਵਿਚ ਕੋਈ ਵੀ ਅਹਿਮ ਅਹੁਦਾ ਹੋਵੇ। ਅੱਜ ਰਾਸ਼ਟਰਪਤੀ ਦੇ ਅਹਿਮ ਮੁੱਦੇ ਤੇ ਇੱਕ ਨਾਰੀ ਬਿਰਾਜਮਾਨ ਹੈ। ਮੁੱਖ ਮੰਤਰੀ ਤੱਕ ਕਈ ਸੂਬਿਆਂ ਵਿੱਚ ਨਾਰੀਆਂ ਹਨ। ਪ੍ਰਸ਼ਾਸਨਿਕ ਸੇਵਾਵਾਂ ਬਹੁਤ ਹੀ ਵਧੀਆ ਤਰੀਕੇ ਨਾਲ ਔਰਤਾਂ ਨਿਭਾ ਰਹੀਆਂ ਹਨ। ਫਿਰ ਔਰਤਾਂ ਨਾਲ ਅਜਿਹਾ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ? ਕਿਉਂ ਜ਼ੁਲਮ ਕਰਨ ਵਾਲੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਰਹੀ। ਕਿਉਂ ਉਨ੍ਹਾਂ ਨੂੰ ਸਲਾਖਾਂ ਪਿੱਛੇ ਨਹੀਂ ਰੱਖਿਆ ਜਾ ਰਿਹਾ ਹੈ। ਕਿਉਂ ਉਨ੍ਹਾਂ ਦੋਸ਼ੀਆਂ ਨੂੰ ਰਿਹਾ ਕਰ ਦਿੱਤਾ ਜਾਂਦਾ ਹੈ? ਅਜਿਹੇ ਸਵਾਲ ਅੱਜ ਵੀ ਸਾਡੇ ਸਾਹਮਣੇ ਖੜ੍ਹੇ ਹਨ। ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਸਾਨੂੰ ਔਰਤਾਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਔਰਤਾਂ ਅੱਜ ਕਿਸੇ ਤੋਂ ਘੱਟ ਨਹੀਂ ਹਨ। ਜਦੋਂ ਕੋਈ ਵੀ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੁੰਦਾ ਹੈ ਤਾਂ ਸਿਖਰਲੀ ਪੁਜੀਸ਼ਨਾਂ ਤੇ ਕੁੜੀਆਂ ਹੀ ਬਾਜ਼ੀ ਮਾਰਦੀਆਂ ਹਨ। ਕੁੜੀਆਂ ਮਾਂ ਬਾਪ ਦਾ ਬਹੁਤ ਧਿਆਨ ਰੱਖਦੀਆਂ ਹਨ। ਸੂਬਾ ਸਰਕਾਰਾਂ ਨੂੰ ਕੁੜੀਆਂ ਦੇ ਹਿੱਤਾਂ ਦੀ ਰਾਖੀ ਲਈ ਅਹਿਮ ਕਦਮ ਚੁੱਕਣੇ ਚਾਹੀਦੇ ਹਨ। ਅਜਿਹਾ ਕੋਈ ਵੀ ਦੋਸ਼ੀ ਹੁੰਦਾ ਹੈ ਜਾਂ ਉਹ ਅਜਿਹੀ ਘਿਨੌਣੀ ਹਰਕਤ ਕਰਦਾ ਹੈ ਤਾਂ ਉਸ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਤਾਂ ਜੋ ਹੋਰਾਂ ਨੂੰ ਵੀ ਕੰਨ ਹੋ ਜਾਣ। ਨਿਆਂ ਪ੍ਰਣਾਲੀ ਵਿੱਚ ਸੁਧਾਰ ਹੋਣਾ ਚਾਹੀਦਾ ਹੈ। ਜੋ ਵੀ ਅਜਿਹੀ ਵਾਰਦਾਤ ਨੂੰ ਅੰਜਾਮ ਦਿੰਦੇ ਹਨ ਜਲਦੀ ਤੋਂ ਜਲਦੀ ਫਾਸਟ ਟਰੈਕ ਵਿੱਚ ਅਜਿਹੇ ਕੇਸ ਲਗਾ ਕੇ ਫਾਂਸੀ ਦੀ ਸਜ਼ਾ ਸੁਣਾਈ ਜਾਣੀ ਚਾਹੀਦੀ ਹੈ । ਅਜਿਹੇ ਅਪਰਾਧ ਰੋਕਣ ਲਈ ਸਮਾਜ ਵਿੱਚ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਪਰਿਵਾਰ ਆਪਣੇ ਪੁੱਤਰਾਂ ਨੂੰ ਔਰਤਾਂ ਦਾ ਮਾਣ-ਸਤਿਕਾਰ ਕਰਨ ਦੀ ਸਿੱਖਿਆ ਜਰੂਰ ਦੇਣ।

ਲਿਖਤ : ਹਰਸ਼ਵਿੰਦਰ
ਸੰਪਰਕ: +61414101993

## ਬ੍ਰਿਕਸ ਦੀ ਮੁਦਰਾ ਰਣਨੀਤੀ ਤੋਂ

# ਅਮਰੀਕੀ ਡਾਲਰ ਨੂੰ ਚੁਣੌਤੀ



ਅਮਰੀਕੀ ਡਾਲਰ ਦੀ ਸਰਦਾਰੀ ਨੂੰ ਚੁਣੌਤੀ ਪੇਸ਼ ਕਰਨ ਵਾਲੇ ਬ੍ਰਿਕਸ ਸੰਗਠਨ ਦੇ ਚਰਚੇ ਪੂਰੀ ਦੁਨੀਆ ਵਿੱਚ ਹੋ ਰਹੇ ਹਨ। ਇਸ ਚੁਣੌਤੀ ਤੋਂ ਜਿੱਥੇ ਸਾਮਰਾਜੀ ਦੇਸ਼ਾਂ ਸਮੇਤ ਡਾਲਰ ਦੀ ਚੌਧਰ ਤੋਂ ਸਤਾਏ ਮੁਲਕਾਂ ਵਿੱਚ ਰਾਹਤ ਦੀ ਆਸ ਝਲਕ ਰਹੀ ਹੈ, ਉੱਥੇ ਦੂਜੇ ਪਾਸੇ ਅਮਰੀਕੀ ਸਾਮਰਾਜ ਬੁਖਲਾਹਟ ਵਿੱਚ ਆ ਕੇ ਬ੍ਰਿਕਸ ਸਮੂਹ ਵਿੱਚ ਸ਼ਾਮਲ ਦੇਸ਼ਾਂ ਨੂੰ ਘੁਰਕੀਆਂ ਦੇ ਰਿਹਾ ਹੈ। ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਤੋਂ ਬਣੇ ਬ੍ਰਿਕਸ ਦਾ ਹੋਰ ਵਿਸਥਾਰ ਹੋਣ ਨਾਲ ਇਹਨਾਂ ਦੇ ਪ੍ਰੋਗਰਾਮ ਵਿੱਚ ਡੀ-ਡਾਲਰੀਕਰਨ ਅਤੇ ਨਵੀਂ ਬ੍ਰਿਕਸ ਮੁਦਰਾ ਉਭਰਵਾਂ ਮੁੱਦਾ ਬਣ ਕੇ ਉੱਭਰ ਰਿਹਾ ਹੈ। ਬੀਤੇ ਬ੍ਰਿਕਸ ਸੰਮੇਲਨ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵੱਲੋਂ ਇੱਕ ਅਗਿਆਤ ਨੋਟ ਲਹਿਰਾਉਣ ਨਾਲ ਬ੍ਰਿਕਸ ਮੁਦਰਾ ਦੀ ਚਰਚਾ ਹੋਰ ਤੇਜ਼ ਹੋ ਗਈ। ਇਸਦੇ ਪ੍ਰਤੀਕਰਮ ਵਜੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬ੍ਰਿਕਸ ਵੱਲੋਂ ਨਵੀਂ ਮੁਦਰਾ ਸ਼ੁਰੂ ਕਰਨ ਦੇ ਇਵਜ਼ ’ਚ 100% ਟੈਰਿਫ ਲਾਉਣ ਦੀ ਘੁਰਕੀ ਦੇ ਦਿੱਤੀ। ਅੰਤਰਰਾਸ਼ਟਰੀ ਪੱਧਰ ’ਤੇ ਪ੍ਰਚੱਲਤਿ ਵਪਾਰਕ ਢਾਂਚੇ (ਬੈਂਕਾਂ, ਵਿੱਤੀ ਸਰਮਾਇਆ, ਡਾਲਰ ਰਿਜ਼ਰਵ, ਟੈਰਿਫ ਫ਼ੀਸਦ, ਸਵਿਫਟ ਕੋਡ ਆਦਿ) ਦੇ ਚਲਣ ਉੱਤੇ ਅੱਜ ਸੰਸਾਰ ਮੁੜ ਵਿਚਾਰ ਕਰ ਰਿਹਾ ਹੈ ਅਤੇ ਇਸ ਦੇ ਬਦਲ ਤਲਾਸ਼ ਕਰ ਰਿਹਾ ਹੈ। ਅਮਰੀਕੀ ਡਾਲਰ ਨੂੰ ਹਥਿਆਰ ਬਣਾ ਕੇ ਜਿਸ ਤਰੀਕੇ ਦੇਸ਼ ਤਬਾਹ ਹੁੰਦੇ ਰਹੇ ਹਨ ਉਸ ਦੇ ਮੱਦੇਨਜ਼ਰ ਡਾਲਰ ਮੁਕਾਬਲੇ ਬਦਲਵੀਂ ਭੁਗਤਾਨ ਪ੍ਰਣਾਲੀ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ।

ਅਮਰੀਕੀ ਸਾਮਰਾਜ ਨੂੰ ਮਜ਼ਬੂਤ ਰੱਖਣ ਲਈ ਟੈਰਿਫਾਂ ਦੀਆਂ ਧਮਕੀਆਂ ਅਤੇ ਆਰਥਿਕ ਨਾਕਾਬੰਦੀਆਂ ਸਮੇਂ-ਸਮੇਂ ’ਤੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਉਦਾਹਰਣ ਵਜੋਂ ਰੂਸ ਨੂੰ ਸਵਿਫਟ ਕੋਡ ਵਿੱਚੋਂ ਬਾਹਰ ਕੱਢਿਆ ਹੋਇਆ ਹੈ। ਸਵਿਫਟ ਅਜਿਹਾ ਅੰਤਰਰਾਸ਼ਟਰੀ ਲੈਣ-ਦੇਣ ਦਾ ਮੈਸੇਜਿੰਗ ਨੈੱਟਵਰਕ ਹੈ ਜੋ 200 ਦੇਸ਼ਾਂ ਅਤੇ 1100 ਬੈਂਕਾਂ ਨੂੰ ਵਿਸ਼ਵ ਪੱਧਰ ’ਤੇ ਜੋੜਦਾ ਹੈ। ਪੱਛਮੀ ਸਹਿਯੋਗੀ, ਸਵਿਫਟ ਦੇ ਮੁੱਖ ਨਿਗਰਾਨ ਹਨ। ਇਸ ਤੋਂ ਇਲਾਵਾ ਇਹ ਅਸਿੱਧੇ ਤੌਰ ‘ਤੇ ਬੈਲਜੀਅਨ ਕਾਨੂੰਨ ਅਤੇ ਯੂਰਪੀਅਨ ਯੂਨੀਅਨ ਦੇ ਹੁਕਮਾਂ ਦੀ ਵੀ ਪਾਲਣਾ ਕਰਦਾ ਹੈ। ਅੰਤਰਰਾਸ਼ਟਰੀ ਲੈਣ-ਦੇਣ ’ਤੇ ਸਵਿਫਟ ਦਾ ਏਕਾਧਿਕਾਰ ਹੈ ਤੇ ਇਸ ਲਈ ਜਦੋਂ ਵੀ ਕੋਈ ਦੇਸ਼ ਪੱਛਮੀ ਵਿਚਾਰਧਾਰਾ ਜਾਂ ਪੱਛਮੀ ਚੌਧਰ ਨੂੰ ਚੁਣੌਤੀ ਦਿੰਦਾ ਹੈ ਤਾਂ ਉਸ ਦੇਸ਼ ਨੂੰ ਸਵਿਫਟ ਪ੍ਰਣਾਲੀ ਤੋਂ ਲਾਂਭੇ ਕਰਕੇ ਆਲਮੀ ਵਿੱਤੀ ਪ੍ਰਣਾਲੀ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਅੱਜ ਸਮੁੱਚੀ ਦੁਨੀਆ ਵਿੱਚ 50 ਤੋਂ ਵੱਧ ਦੇਸ਼ਾਂ ਉੱਪਰ ਆਰਥਿਕ ਪਾਬੰਦੀਆਂ ਲੱਗੀਆਂ ਹੋਈਆਂ ਹਨ। ਰੂਸ-ਯੂਕਰੇਨ ਯੁੱਧ ਕਾਰਨ ਹੁਣ ਤੱਕ ਰੂਸ ਉੱਪਰ 20,000 ਰੋਕਾਂ ਲਗਾ ਦਿੱਤੀਆਂ ਗਈਆਂ। ਆਰਥਿਕ ਰੋਕਾਂ ਦੇ ਬਾਵਜੂਦ ਰੂਸ ਦੀ ਆਰਥਿਕਤਾ ਤੇ ਵਪਾਰ, ਵਿਸ਼ਵ ਵਪਾਰ ਵਿੱਚ ਪ੍ਰਸੰਗਿਕ ਬਣਿਆ ਹੋਇਆ ਹੈ। ਇਹ ਅੱਜ ਸੰਸਾਰ ਦੇ ਬਾਕੀ ਦੇਸ਼ਾਂ ਲਈ ਸਮਝਣ ਵਾਲੀ ਗੱਲ ਹੈ। ਬ੍ਰਿਕਸ ਮੁਲਕਾਂ ਲਈ ਅੱਜ ਡਾਲਰ ਦਾ ਤੋੜ ਅਤੇ ਸਵਿਫਟ ਦਾ ਬਦਲ ਵੱਡੀਆਂ ਚੁਣੌਤੀਆਂ ਹਨ। ਉਹ ਦੋ ਪੱਧਰਾਂ ’ਤੇ ਕੰਮ ਕਰ ਰਹੇ ਹਨ: ਇੱਕ ਤਾਂ ਸਥਾਨਕ ਮੁਦਰਾ ਵਿੱਚ ਵਪਾਰ ਅਤੇ ਦੂਜਾ ਸੋਨੇ ਨਾਲ ਜੁੜੀ ਮੁਦਰਾ ਵੱਲ ਵਧਣਾ। ਇਹ ਵਰਤਾਰਾ ਡਾਲਰ ਨੂੰ ਚੁਣੌਤੀ ਪੇਸ਼ ਕਰਨ ਵਾਲਾ ਹੈ। ਇਸੇ ਲਈ ਟਰੰਪ ਟੈਕਸ ਦੀਆਂ ਘੁਰਕੀਆਂ ਦੇ ਰਿਹਾ ਹੈ।

ਬ੍ਰਿਕਸ ਦੇਸ਼ਾਂ ਨੇ ਪਹਿਲਾਂ ਹੀ ਡਾਲਰ ’ਤੇ ਨਿਰਭਰਤਾ ਘਟਾਉਣ ਲਈ ਸਥਾਨਕ ਮੁਦਰਾਵਾਂ ਵਿੱਚ ਦੁਵੱਲੇ ਵਪਾਰ ਸਮਝੌਤੇ ਕੀਤੇ ਹਨ ਤਾਂ ਜੋ ਅਮਰੀਕੀ ਆਰਥਿਕ ਪ੍ਰਭਾਵ ਘੱਟ ਕੀਤਾ ਜਾ ਸਕੇ। ਬ੍ਰਾਜ਼ੀਲ ਅਤੇ ਚੀਨ ਨੇ ਮਾਰਚ 2023 ਵਿੱਚ ਅਮਰੀਕੀ ਡਾਲਰ ਦੀ ਬਜਾਏ ਆਪਣੀਆਂ ਮੁਦਰਾਵਾਂ ਰਿਆਲ ਅਤੇ ਯੁਆਨ ਵਿੱਚ ਵਪਾਰ ਕਰਨ ਲਈ ਸਮਝੌਤੇ ’ਤੇ ਦਸਤਖਤ ਕੀਤੇ। ਇਹ ਸਮਝੌਤਾ ਲਾਗਤਾਂ ਨੂੰ ਘਟਾਉਣ, ਵਪਾਰ ਨੂੰ ਉਤਸ਼ਾਹਿਤ ਕਰਨ ਅਤੇ ਨਿਵੇਸ਼ ਦੀ ਸਹੂਲਤ ਲਈ ਹੈ। ਰੂਸ ਅਤੇ ਇਰਾਨ ਨੇ ਦੋਵਾਂ ਦੇਸ਼ਾਂ ਦੀਆਂ ਬੈਂਕਿੰਗ ਉਪ-ਪ੍ਰਣਾਲੀਆਂ ਦਾ ਏਕੀਕਰਨ ਕਰਕੇ ਆਰਥਿਕ ਸਹਿਯੋਗ ਦਿਖਾਇਆ ਅਤੇ ਡੀ-ਡਾਲਰਾਈਜ਼ੇਸ਼ਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ, ਹੁਣ ਦੋਹਾਂ ਦੇਸ਼ਾਂ ਦੇ ਲੋਕ ਆਪਣੇ ਏਟੀਐੱਮ ਦੋਵਾਂ ਦੇਸ਼ਾਂ ਵਿੱਚ ਵਰਤ ਸਕਦੇ ਹਨ। ਭਾਰਤ ਅਤੇ ਰੂਸ ਵਿਚਕਾਰ ਲਗਭਗ 90% ਵਪਾਰ ਹੁਣ ਸਥਾਨਕ ਜਾਂ ਬਦਲਵੀਂ ਮੁਦਰਾਵਾਂ ਦੀ ਵਰਤੋਂ ਕਰ ਕੇ ਕੀਤਾ ਜਾ ਰਿਹਾ ਹੈ। ਚੀਨ-ਅਫਰੀਕਾ ਵਪਾਰ 2023 ਵਿੱਚ $282 ਬਿਲੀਅਨ ਤੱਕ ਪਹੁੰਚ ਗਿਆ, ਜਿਸ ਵਿੱਚੋਂ ਅਫਰੀਕਾ ਨੂੰ ਚੀਨੀ ਨਿਰਯਾਤ $172.8 ਬਿਲੀਅਨ ਸੀ ਅਤੇ ਅਫਰੀਕਾ ਤੋਂ ਇਸ ਦੀ ਦਰਾਮਦ $109.3 ਬਿਲੀਅਨ ਸੀ। ਚੀਨ 15 ਸਾਲਾਂ ਤੋਂ ਅਫਰੀਕਾ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਰਿਹਾ ਹੈ। ਵਧ ਰਹੇ ਵਪਾਰ ਨੇ ਸਰਹੱਦ ਪਾਰ ਲੈਣ-ਦੇਣ ਵਿੱਚ ਚੀਨੀ ਮੁਦਰਾ ਦੀ ਵਰਤੋਂ ਵਿੱਚ ਵਾਧਾ ਕੀਤਾ ਹੈ।

ਭੂ-ਸਿਆਸੀ ਖਤਰਿਆਂ ਨੂੰ ਭਾਂਪਦਿਆਂ ਬ੍ਰਿਕਸ ਆਪਣੇ ਬਲਾਕ ਵਿੱਚ ਆਰਥਿਕ ਪ੍ਰਭੂਸੱਤਾ ਚਾਹੁੰਦਾ ਹੈ ਤਾਂ ਜੋ ਆਰਥਿਕ ਨਾਕਾਬੰਦੀ ਦੇ ਸਮੇਂ ਵਿੱਤੀ ਸਥਿਰਤਾ ਬਣੀ ਰਹੇ। ਸ਼ਾਇਦ ਇਸੇ ਲਈ ਬ੍ਰਿਕਸ ਸੋਨੇ ਦੇ ਇੱਕਤਰੀਕਰਨ ਅਤੇ ਗੋਲਡ ਰਿਜ਼ਰਵ ਉੱਪਰ ਧਿਆਨ ਕੇਂਦਰਿਤ ਕਰ ਰਿਹਾ ਹੈ। 2024 ਦੇ ਦੂਜੇ ਕੁਆਰਟਰ ਵਿੱਚ ਬ੍ਰਿਕਸ ਦੇਸ਼ਾਂ ਨੇ 6200 ਟਨ ਦਾ ਗੋਲ਼ਡ ਰਿਜ਼ਰਵ ਇਕੱਠਾ ਕੀਤਾ ਜੋ ਸੰਸਾਰ ਦਾ 24 ਪ੍ਰਤੀਸ਼ਤ ਬਣਦਾ ਹੈ।

ਰੂਸ ਕੋਲ 2340 ਟਨ ਅਤੇ ਚੀਨ ਕੋਲ 2260 ਟਨ ਸੋਨਾ ਹੈ। ਭਾਰਤ ਨੇ ਸਿਰਫ਼ ਅਕਤੂਬਰ ਮਹੀਨੇ ਵਿੱਚ ਹੀ 27 ਟਨ ਸੋਨਾ ਖ਼ਰੀਦਿਆ। ਐਟਲਾਂਟਿਕ ਕੌਂਸਲ ਦੀ ਰਿਪੋਰਟ ਅਨੁਸਾਰ ਭਾਰਤ ਨੇ 2024 ਵਿੱਚ ਸਭ ਤੋਂ ਵੱਧ ਸੋਨਾ ਖ਼ਰੀਦਿਆ। ਇੱਕ ਪਾਸੇ ਤਾਂ ਬ੍ਰਿਟੇਨ ਦੀ ਬੈਂਕ ਵਿੱਚੋਂ 214 ਟਨ ਸੋਨਾ ਵਾਪਸ ਮੰਗਵਾਉਣ ਨਾਲ ਭਾਰਤੀ ਗੋਲਡ ਰਿਜ਼ਰਵ 882 ਟਨ ਹੋ ਗਿਆ ਹੈ, ਦੂਜੇ ਪਾਸੇ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਦਾ ਕਹਿਣਾ ਹੈ ਕਿ ਨਾ ਤਾਂ ਉਹ ਬ੍ਰਿਕਸ ਮੁਦਰਾ ਬਾਰੇ ਸੋਚ ਰਹੇ ਹਨ ਅਤੇ ਨਾ ਹੀ ਡਾਲਰ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। ਇਸ ਕੂਟਨੀਤਕ ਬਿਆਨ ਦਾ ਕਾਰਨ ਭਾਰਤ ਦਾ ਅਮਰੀਕਾ ਨਾਲ ਬਹੁਤ ਵੱਡਾ ਵਪਾਰ ਅਤੇ ਯੁਆਨ ਨੂੰ ਮਜ਼ਬੂਤ ਕਰਨ ਦੀ ਇੱਛਾ ਨਾ ਹੋਣਾ ਹੈ। ਆਰਥਿਕ ਅਨਿਸ਼ਚਿਤਤਾ ਦੌਰਾਨ ਜਦ ਮੁਦਰਾਵਾਂ ਵਿੱਚ ਯਕੀਨ ਘਟਦਾ ਹੈ ਤਾਂ ਸੋਨੇ ਨੂੰ ਸੁਰੱਖਿਅਤ ਵਿਕਲਪ ਮੰਨਿਆ ਜਾਂਦਾ ਹੈ। ਇਸਦੇ ਉਲਟ ਡਾਲਰ ਰਿਜ਼ਰਵ ਦਾ ਅੰਕੜਾ ਸੰਸਾਰ ਭਰ ਵਿੱਚ 70% ਤੋਂ ਘਟ ਕੇ 59% ਰਹਿ ਗਿਆ ਹੈ।

ਟਰੰਪ ਡਾਲਰ ਦੀ ਰੱਖਿਆ ਲਈ ਸਖ਼ਤ ਰਣਨੀਤਕ ਉਪਾਅ ਚਾਹੁੰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਪੌਂਡ ਦੀ ਥਾਂ ਡਾਲਰ ਸਿਰਫ ਦਸ ਸਾਲਾਂ ਵਿੱਚ ਵਿਸ਼ਵ ਮੁਦਰਾ ਬਣ ਗਿਆ ਸੀ। ਅਮਰੀਕਾ ਦਾ ਕਹਿਣਾ ਹੈ ਕਿ ਉਹ ਪੂਰਨ ਟੈਕਸ ਲਾ ਕੇ ਬ੍ਰਿਕਸ ਦੇਸ਼ਾਂ ਨੂੰ ਅਮਰੀਕੀ ਮੰਡੀ ਵਿੱਚੋਂ ਬਾਹਰ ਕੱਢ ਦੇਵੇਗਾ ਪਰੰਤੂ ਅਮਰੀਕਾ ਦੁਆਰਾ ਟੈਰਿਫ ਲਗਾਉਣ ਨਾਲ ਅਮਰੀਕਾ ’ਚ ਵੀ ਸਾਮਾਨ ਮਹਿੰਗਾ ਹੋ ਜਾਵੇਗਾ ਤੇ ਮਹਿੰਗਾਈ ਨਿਯੰਤਰਣ ਤੋਂ ਬਾਹਰ ਚਲੀ ਜਾਵੇਗੀ। ਜੇ ਤੁਲਨਾਤਮਕ ਤੌਰ ’ਤੇ ਅਮਰੀਕਾ ਬ੍ਰਿਕਸ ਦੇ ਗੁਆਂਢੀ ਦੇਸ਼ਾਂ ਤੋਂ ਮਾਲ ਮੰਗਵਾ ਕੇ ਮਾਮਲਾ ਬਰਾਬਰ ਕਰਨ ਦੀ ਸੋਚ ਰਿਹਾ ਹੈ ਤਾਂ ਵੀ ਕੁਝ ਖਾਸ ਉਤਪਾਦ ਹੀ ਇਹਨਾਂ ਦੇਸ਼ਾਂ ਵਿੱਚ ਉਪਲੱਬਧ ਹਨ।

ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਇਹ ਉਹਨਾਂ ਦੇਸ਼ਾਂ ਦੇ ਹੱਥ ਹੋਰ ਮਜ਼ਬੂਤ ਕਰਨ ਅਤੇ ਨਵੀਂ ਮੁਦਰਾ ਨੂੰ ਸਥਾਪਤ ਕਰਨ ਵੱਲ ਵਧਾਵੇਗਾ। ਪੱਛਮੀ ਵਿਚਾਰਧਾਰਾ ਦੇ ਉਲਟ ਬ੍ਰਿਕਸ ਧੜਾ ਕਿਸੇ ਸਿੱਧੇ ਟਕਰਾਅ ਵਿੱਚ ਨਾ ਉਲਝਦੇ ਹੋਏ ਸਹਿਯੋਗ, ਖੁੱਲ੍ਹੇਪਣ, ਵਪਾਰ ਅਤੇ ਸਵੈ-ਨਿਰਭਰ ਅਰਥਚਾਰੇ ਦੇ ਨਿਰਮਾਣ ਵੱਲ ਵੱਧ ਕੇਂਦਰਿਤ ਦਿਖਾਈ ਦਿੰਦਾ ਹੈ। ਉਨ੍ਹਾਂ ਦੇ ਬੁਲਾਰੇ ਅਕਸਰ ਕਹਿੰਦੇ ਹਨ ਉਹ ਡਾਲਰ ਵਿਰੁੱਧ ਨਹੀਂ ਹਨ ਬਲਕਿ ਆਪਸੀ ਸਹਿਯੋਗ, ਬਹੁ-ਧਰੁਵੀ ਮੁਦਰਾ ਅਤੇ ਸੰਸਾਰ ਨੂੰ ਸਮਰਪਿਤ ਹਨ। ਚਾਹੇ ਬ੍ਰਿਕਸ ਧੜਾ ਆਪਸੀ ਵਿਰੋਧਾਂ, ਅਨਿਸ਼ਚਿਤਤਾ ਅਤੇ ਸੀਮਾਵਾਂ ਵਿੱਚ ਫਸਿਆ ਹੋਇਆ ਹੈ ਪਰ ਫਿਲਹਾਲ ਖ਼ੁਦ ਦੀ ਮਜ਼ਬੂਤੀ ਅਤੇ ਖ਼ੁਦਮੁਖ਼ਤਿਆਰੀ ਵੱਲ ਕੇਂਦਰਿਤ ਹੈ। ਭਾਵੇਂ ਅਮਰੀਕੀ ਡਾਲਰ ਨੂੰ ਸਿੱਧੀ ਚੁਣੌਤੀ ਦੇਣਾ ਬ੍ਰਿਕਸ ਧੜੇ ਦਾ ਮੁੱਖ ਏਜੰਡਾ ਨਹੀਂ ਹੈ ਪਰੰਤੂ ਬ੍ਰਿਕਸ ਮੁਲਕਾਂ ਵਿਚਕਾਰ ਦੁਵੱਲੇ ਵਪਾਰ ਦਾ ਆਪਸੀ ਸਥਾਨਕ ਮੁਦਰਾ ਵਿੱਚ ਲੈਣ-ਦੇਣ ਹੋਣ ਨਾਲ ਡਾਲਰ ਨੂੰ ਚੁਣੌਤੀ ਦਰਪੇਸ਼ ਆ ਰਹੀ ਹੈ। ਇਸ ਲਈ ਬ੍ਰਿਕਸ ਅਤੇ ਅਮਰੀਕੀ ਸਾਮਰਾਜ ਆਪੋ-ਆਪਣੇ ਹਿੱਤਾਂ ਦੇ ਬਚਾਅ ਲਈ ਆਹਮੋ-ਸਾਹਮਣੇ ਹਨ। ਮੁਦਰਾ ਦੀ ਸਰਦਾਰੀ, ਵਿਸ਼ਵ ਵਪਾਰ ਅਤੇ ਵਿਸ਼ਵ ਚੌਧਰ ਦੀ ਇਸ ਨੂਰਾ ਕੁਸ਼ਤੀ ਵਿੱਚ ਸੰਸਾਰ ਭਰ ਦੇ ਲੋਕ ਪਿਸਣ ਲਈ ਮਜਬੂਰ ਹਨ।

Passport Photos
Family Partrait
Graduation
Fashion | Glamour
Photo Restoration
Photography
for all occasions

ਪਾਸਪੋਰਟ ਫੋਟੋ 2 ਫੋਟੋ $5 ਦੀਆਂ

ROYAL PHOTO STUDIO

ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ

HD Blu-Ray, Cinematography

#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੋਂਸਲੇਟ ਦੇ ਥੱਲੇ)

Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?

ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।

ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ

- ਕ੍ਰੈਡਿਟ ਕਾਰਡ
- ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ.
- ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।

Kulwinder Bains
Certified Credit Couneller
778-998-9402

Any type Unsecured Debt WE CAN REDUCE YOU DEBT BY 70%

ਸਾਡੇ ਰੇਟ ਕਾਫੀ ਵਾਜ਼ਿਬ ਹਨ।

Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals

DDS: Diverse Debt Solutions Ltd.
unit # 205-12899-76 Ave. Surrey

# ਲੋਕਤੰਤਰ ਲਈ ਖ਼ਤਰਾ
## ਬੁਲਡੋਜ਼ਰ ਨੀਤੀ

**ਲਿਖਤ : ਗੁਰਮੀਤ ਸਿੰਘ ਪਲਾਹੀ**
**ਸੰਪਰਕ :** 98158 - 02070



ਭਾਰਤ ਵਿੱਚ ਧੱਕੇ-ਧੌਂਸ ਦੀ ਸਿਆਸਤ ਦਾ ਹੋ ਰਿਹਾ ਪਸਾਰਾ ਬੇਹੱਦ ਚਿੰਤਾਜਨਕ ਹੈ। ਸੰਸਦ ਵਿੱਚ ਅਤੇ ਸੰਸਦ ਦੇ ਬਾਹਰ ਦੇਸ਼ ਦੇ ਚੁਣੇ ਮੈਂਬਰਾਂ ਨੂੰ ਆਪਣੇ ਵੱਲੋਂ ਰੋਸ ਪ੍ਰਗਟ ਕਰਨ ਵੇਲੇ ਜਿਸ ਕਿਸਮ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਅਤੇ ਸੰਸਦ ਭਵਨ ਵਿੱਚ ਪ੍ਰਦਰਸ਼ਨ ਦੌਰਾਨ ਸੱਤਾ ਅਤੇ ਵਿਰੋਧੀ ਧਿਰ ਵਿਚਕਾਰ ਧੱਕਾ-ਮੁੱਕੀ ਹੋਈ, ਉਹ ਸ਼ਰਮਨਾਕ ਅਤੇ ਨਿੰਦਣਯੋਗ ਹੈ।

ਸੰਵਿਧਾਨ ਦੇ 75 ਵਰ੍ਹਿਆਂ ਦੀ ਗੌਰਵਸ਼ਾਲੀ ਯਾਤਰਾ ਵਿੱਚ ਬਹਿਸ ਦੇ ਦੌਰਾਨ ਮਹਿੰਗਾਈ, ਸੰਘਵਾਦ ਅਤੇ ਬੇਰੁਜ਼ਗਾਰੀ ਜਿਹੇ ਵਿਸ਼ਿਆਂ ਉੱਤੇ ਜ਼ੋਰਦਾਰ ਬਹਿਸ ਦੀ ਆਸ ਸੀ ਪ੍ਰੰਤੂ ਉਸਦੀ ਥਾਂ ਗੌਤਮ ਅਡਾਨੀ, ਜਾਰਜ ਸੋਰੇਸ, ਪੰਡਿਤ ਜਵਾਹਰ ਲਾਲ ਨਹਿਰੂ ਚਰਚਾ ਵਿੱਚ ਰਹੇ। ਪਰ ਗ੍ਰਹਿ ਮੰਤਰੀ ਦਾ ਭਾਸ਼ਣ "ਇਹ ਫੈਸ਼ਨੇਵਲ ਹੋ ਗਿਆ ਹੈ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ ... ਅਗਰ ਆਪਨੇ ਇਤਨੀ ਵਾਰ ਭਗਵਾਨ ਦਾ ਨਾਮ ਲਿਆ ਹੁੰਦਾ ਤਾਂ ਸੱਤ ਜਨਮਾਂ ਦੇ ਲਈ ਸਵਰਗ ਚਲੇ ਜਾਂਦੇ।" ਇਸ ਬਿਆਨ 'ਤੇ ਸੰਸਦ ਦੇ ਅੰਦਰ ਅਤੇ ਬਾਹਰ ਹੰਗਾਮਾ ਹੋਇਆ।

75 ਸਾਲ ਦੇ ਸੰਸਦੀ ਇਤਿਹਾਸ ਵਿੱਚ "ਮਾਨਯੋਗ, ਸਤਿਕਾਰ ਯੋਗ" ਆਪਣੀ ਪਾਰਟੀ ਦੀ ਖ਼ੈਰ ਖੁਆਹੀ ਵਿੱਚ ਦੂਜੀ ਪਾਰਟੀ ਦੇ ਸਾਂਸਦ ਨਾਲ ਧੱਕਾ-ਮੁੱਕੀ ਕਰਨ ਲੱਗਣ ਤਾਂ ਇਹ ਕਹਿਣਾ ਕਿ ਭਾਰਤ ਵਿੱਚ ਲੋਕਤੰਤਰ ਦਾ ਇਤਿਹਾਸ 2000 ਸਾਲ ਪੁਰਾਣਾ ਹੈ, ਮਜ਼ਾਕ ਲੱਗੇਗਾ। ਇਹ ਮਜ਼ਾਕ ਉਸ ਵੇਲੇ ਵੀ ਜਾਪਦਾ ਹੈ ਜਦੋਂ ਸੰਸਦ ਵਿੱਚ ਕੋਈ ਵਿਰੋਧੀ ਧਿਰ ਦਾ ਮੈਂਬਰ ਆਪਣੀ ਗੱਲ ਰੱਖਦਾ ਹੈ ਤਾਂ ਸੱਤਾਧਾਰੀ "ਹੂਟਿੰਗ" ਕਰਨ ਲੱਗਦੇ ਹਨ।

ਪਿਛਲਾ ਇੱਕ ਦਹਾਕਾ ਦੇਸ਼ ਦੇ ਹਾਕਮਾਂ ਨੇ ਵੱਡੀਆਂ ਮਨਮਾਨੀਆਂ ਕੀਤੀਆਂ ਹਨ। ਲੋਕਾਂ ਦੀਆਂ ਆਸਾਂ ਤੋਂ ਉਲਟ ਲੋਕ ਵਿਰੋਧੀ ਫ਼ੈਸਲੇ ਕੀਤੇ ਹਨ, ਲੋਕਾਂ ਦੇ ਅਧਿਕਾਰਾਂ ਦਾ ਘਾਣ ਕੀਤਾ ਹੈ ਅਤੇ ਕਈ ਇਹੋ ਜਿਹੇ ਫ਼ੈਸਲੇ ਲਏ ਹਨ, ਜਿਨ੍ਹਾਂ ਨਾਲ ਲੋਕਤੰਤਰੀ ਭਾਰਤ ਦਾ ਚਿਹਰਾ ਤਿੜਕਿਆ ਹੈ। ਇੱਥੇ ਹੀ ਬੱਸ ਨਹੀਂ, ਹਾਕਮਾਂ ਵੱਲੋਂ ਦੇਸ਼ ਦੇ ਸੰਘੀ ਢਾਂਚੇ ਦੇ ਪਰਖਚੇ ਉਡਾਕੇ ਸੂਬਿਆਂ ਦੀਆਂ ਸਰਕਾਰਾਂ ਦੇ ਹੱਕ-ਹਕੂਕ ਆਪਣੇ ਵੱਸ ਕਰਕੇ ਸੰਵਿਧਾਨ ਦੀ ਮੂਲ ਭਾਵਨਾ ਉੱਤੇ ਸੱਟ ਮਾਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਗਿਆ।

ਇੱਕ ਵਰਤਾਰਾ ਇਹਨਾਂ ਸਾਲਾਂ ਵਿੱਚ ਵੇਖਣ ਲਈ ਜੋ ਆਮ ਮਿਲਿਆ, ਉਹ ਇਹ ਸੀ ਕਿ ਵਿਰੋਧੀ ਵਿਚਾਰਾਂ ਵਾਲੇ ਬੁੱਧੀਜੀਵੀਆਂ, ਲੇਖਕਾਂ, ਚਿੰਤਕਾਂ ਨੂੰ ਜੇਲ੍ਹੀਂ ਡੱਕ ਕੇ ਉਹਨਾਂ ਲੋਕਾਂ ਦੀ ਆਵਾਜ਼ ਬੰਦ ਕੀਤੀ, ਜੋ ਹਕੂਮਤ ਦੇ ਆਸ਼ਿਆਂ ਦੇ ਵਿਰੁੱਧ ਕੋਈ ਵੀ ਆਵਾਜ਼ ਉਠਾਉਂਦੇ ਸਨ। ਸੈਂਕੜਿਆਂ ਦੀ ਗਿਣਤੀ ਵਿੱਚ ਪੱਤਰਕਾਰਾਂ ਖਿਲਾਫ਼ ਕੇਸ ਦਰਜ਼ ਹੋਏ ਹਨ, ਉਹਨਾਂ ਨੂੰ ਜੇਲ੍ਹੀਂ ਡੱਕਿਆ ਗਿਆ ਹੈ। ਸਿਆਸੀ ਵਿਰੋਧੀਆਂ ਨੂੰ ਆਪਣੇ ਨਾਲ ਮਿਲਾਉਣ ਲਈ ਸਾਮ, ਦਾਮ, ਦੰਡ ਦੇ ਫਾਰਮੂਲੇ ਦੀ ਵਰਤੋਂ ਦੇਸ਼ ਵਿਆਪੀ ਹੋਈ। ਸੂਬਿਆਂ ਦੀਆਂ ਵਿਰੋਧੀ ਸਰਕਾਰਾਂ ਵਿਧਾਇਕ ਖਰੀਦਕੇ ਤੋੜੀਆਂ ਗਈਆਂ, ਜਿਸ ਵਿੱਚ ਸੀ.ਬੀ.ਆਈ., ਈ.ਡੀ. ਅਤੇ ਖੁਦਮੁਖਤਾਰ ਸੰਸਥਾਵਾਂ ਦੀ ਖੁੱਲ੍ਹੇਆਮ ਦੁਰਵਰਤੋਂ ਹੋਈ। ਕੀ ਇਹ ਸੱਚਮੁੱਚ ਲੋਕਤੰਤਰ ਦਾ ਘਾਣ ਨਹੀਂ?

ਘੱਟ ਗਿਣਤੀਆਂ ਨਾਲ ਜੋ ਵਰਤਾਰਾ ਦੇਸ਼ ਦੇ ਵੱਖੋ-ਵੱਖਰੇ ਭਾਗਾਂ ਵਿੱਚ ਹੋਇਆ, ਉਸਦਾ ਬਿਆਨ ਕਰਨਾ ਕੁਥਾਵਾਂ ਨਹੀਂ ਹੋਏਗਾ। ਦਿੱਲੀ ਵਿੱਚ ਦੰਗੇ ਹੋਏ, ਯੂ.ਪੀ. ਵਿੱਚ ਮੁਸਲਮਾਨਾਂ, ਹਿੰਦੂਆਂ ਦੀਆਂ ਝੜਪਾਂ ਹੋਈਆਂ। ਇੱਥੇ ਇਕਪਾਸੜ ਕਾਰਵਾਈਆਂ ਕਰਦਿਆਂ ਜਿਵੇਂ ਯੂਪੀ ਸੂਬਾ ਸਰਕਾਰ ਵੱਲੋਂ ਬੁਲਡੋਜ਼ਰ ਨੀਤੀ ਅਪਣਾਈ ਗਈ, ਉਹ ਰਜਵਾੜਾਸ਼ਾਹੀ ਦੇ ਸਮਿਆਂ ਨੂੰ ਯਾਦ ਕਰਾਉਂਦੀ ਦਿਸੀ। ਮੌਕੇ 'ਤੇ ਹੀ ਰਿਹਾਇਸ਼ੀ ਮਕਾਨ ਢਾਹੁਣ ਦਾ ਫ਼ੈਸਲਾ ਕਰਨ ਲਈ ਅਧਿਕਾਰੀਆਂ ਨੂੰ ਦਿੱਤੀ ਖੁੱਲ੍ਹ ਨੇ ਜਿਵੇਂ ਪੂਰੇ ਦੇਸ਼ ਵਿੱਚ ਤਰਥੱਲੀ ਮਚਾ ਦਿੱਤੀ। ਇਸ ਸੰਬੰਧੀ ਦੇਸ਼ ਦੀ ਸੁਪਰੀਮ ਕੋਰਟ ਨੂੰ ਸਖ਼ਤ ਸਟੈਂਡ ਲੈਂਦਿਆਂ ਕਹਿਣਾ ਪਿਆ ਕਿ ਇਹ ਕਿਸੇ ਵੀ ਭਾਰਤੀ ਸ਼ਹਿਰੀ ਦੇ ਮੁਢਲੇ ਹੱਕਾਂ ਉੱਤੇ ਛਾਪਾ ਹੈ।

ਇਵੇਂ ਹੀ ਮਸਜਿਦਾਂ, ਮਸੀਤਾਂ ਹੇਠ ਮੰਦਰ ਦੀ ਹੋਂਦ ਦੀ ਗੱਲ ਹੇਠਲੀਆਂ ਅਦਾਲਤਾਂ ਵਿੱਚ ਲਿਜਾਕੇ ਜਿਵੇਂ ਅੰਤਰਮ ਫ਼ੈਸਲੇ ਹੋਏ, ਉਸ ਨਾਲ ਫਿਰਕੂ ਦੰਗਿਆਂ ਦੀ ਸੰਭਾਵਨਾ ਵਧੀ, ਜਿਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਵੱਲੋਂ ਇੱਕ ਹੁਕਮ ਜਾਰੀ ਕਰਕੇ ਇਹ ਸਪਸ਼ਟ ਕੀਤਾ ਗਿਆ ਕਿ 1947 ਤੋਂ ਪਹਿਲਾਂ ਬਣੇ ਕਿਸੇ ਵੀ ਧਾਰਮਿਕ ਸਥਾਨ ਨੂੰ ਢਾਹਿਆ ਨਹੀਂ ਜਾ ਸਕਦਾ, ਨਾ ਉਸ ਸੰਬੰਧੀ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ। ਪਰ ਕੀ ਇਹਨਾਂ ਫ਼ੈਸਲਿਆਂ ਬਾਰੇ ਸਰਕਾਰ ਪਹਿਲਾਂ ਜਾਣੂ ਨਹੀਂ ਸੀ ਜਾਂ ਫਿਰ ਜਾਣ ਬੁੱਝ ਕੇ ਭਾਈਚਾਰਕ ਮਾਹੌਲ ਖਰਾਬ ਕਰਨ ਜਾਂ ਖਰਾਬ ਮਾਹੌਲ ਸਮੇਂ ਚੁੱਪੀ ਵੱਟ ਲੈਣ ਦੀ ਧਾਰਨਾ ਤਹਿਤ ਦੇਸ਼ ਨੂੰ ਇੱਕ ਦੇਸ਼, ਇੱਕ ਕੌਮ, ਇੱਕ ਧਰਮ ਦੇ ਸੰਕਲਪ ਨੂੰ ਅੱਗੇ ਤੋਰਨ ਦੇ ਰਾਹ ਨੂੰ ਮੋਕਲਿਆਂ ਕਰਨ ਲਈ ਵਰਤਿਆ ਗਿਆ।

ਗੱਲ ਮਨੀਪੁਰ ਦੀ ਕਰ ਲੈਂਦੇ ਹਾਂ, ਜਿੱਥੇ ਦੋ ਤਿੰਨ ਕਬੀਲਿਆਂ ਨੂੰ ਆਪਸ ਵਿੱਚ ਲੜਨ ਲਈ ਛੱਡ ਦਿੱਤਾ ਗਿਆ ਹੈ, ਜਿੱਥੇ ਰੋਜ਼ਾਨਾ ਅੱਗਜ਼ਨੀ, ਮਾਰ ਵੱਢ ਹੁੰਦੀ ਹੈ ਤੇ ਸੂਬਾ ਸਰਕਾਰ ਚੁੱਪੀ ਧਾਰੀ ਬੈਠੀ ਹੈ। ਦੇਸ਼ ਵਿਚਲਾ ਸਰਕਾਰ ਦਾ ਇਹ ਵਰਤਾਰਾ ਉਸ ਵੇਲੇ ਹੋਰ ਵੀ ਸਪਸ਼ਟ ਦਿਸਦਾ ਹੈ, ਜਦੋਂ ਸੂਬਾ ਸਰਕਾਰ ਦੇ ਨਾਲ ਕੇਂਦਰ ਦੀ ਸਰਕਾਰ ਵੀ "ਰੋਮ ਜਲ ਰਹਾ ਹੈ, ਨੀਰੋ ਬੰਸਰੀ ਬਜਾ ਰਹਾ ਹੈ" ਵਾਂਗ ਤਮਾਸ਼ਾ ਵੇਖੀ ਜਾ ਰਹੀ ਹੈ।

ਦੇਸ਼ ਦੀ ਮੋਦੀ ਸਰਕਾਰ ਵੱਲੋਂ ਨਿੱਤ ਨਵੀਂਆਂ ਸਕੀਮਾਂ ਘੜੀਆਂ ਗਈਆਂ, ਉਹਨਾਂ ਸਕੀਮਾਂ ਦਾ ਅਤਿਅੰਤ ਪ੍ਰਚਾਰ 'ਗੋਦੀ ਮੀਡੀਆ' ਅਤੇ ਸਰਕਾਰੀ ਸਾਧਨਾਂ ਨਾਲ ਕਰਵਾਇਆ ਗਿਆ। ਪਰ ਉਹਨਾਂ ਵਿੱਚੋਂ 90 ਫ਼ੀਸਦੀ 'ਕੋਹ ਨਾ ਚੱਲੀ ਬਾਬਾ ਤਿਹਾਈ' ਵਾਂਗ ਚੁੱਪਚਾਪ ਕਾਗਜ਼ੀ-ਪੱਤਰੀਂ ਨਿਪਟਾ ਦਿੱਤੀਆਂ ਗਈਆਂ। ਕਿੱਧਰ ਗਈ ਜਨ ਧਨ ਯੋਜਨਾ? ਸਟਾਰਟ ਅੱਪ ਯੋਜਨਾ? ਬੇਟੀ ਬਚਾਓ ਬੇਟੀ, ਪੜ੍ਹਾਓ ਯੋਜਨਾ? ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ? ਉਂਜ ਕੁੱਲ ਮਿਲਾਕੇ 2022 ਦੇ ਕੇਂਦਰੀ ਬੱਜਟ ਅਨੁਸਾਰ 740 ਕੇਂਦਰੀ ਯੋਜਨਾਵਾਂ ਹਨ ਅਤੇ 65 ਕੇਂਦਰ ਵੱਲੋਂ ਸਪਾਂਸਰਡ ਯੋਜਨਾਵਾਂ ਹਨ ਪਰ ਇਹਨਾਂ ਵਿੱਚੋਂ ਕਿੰਨੀਆਂ ਲੋਕਾਂ ਦੇ ਦਰੀਂ ਪੁੱਜੀਆਂ ਹਨ? ਜਿਹੜੀਆਂ ਕੁਝ ਯੋਜਨਾਵਾਂ "ਆਯੂਸ਼ਮਾਨ ਸਿਹਤ ਬੀਮਾ ਯੋਜਨਾ ਜਾਂ ਮਗਨਰੇਗਾ ਵਰਗੀਆਂ ਪੇਂਡੂ ਖੇਤਰ ਵਿੱਚ ਰੁਜ਼ਗਾਰ ਪ੍ਰਦਾਨ ਕਰਨ ਵਾਲੀਆਂ ਯੋਜਨਾਵਾਂ ਹਨ, ਜਿਹਨਾਂ ਦਾ ਲੋਕਾਂ ਨੂੰ ਫ਼ਾਇਦਾ ਤਾਂ ਹੋ ਸਕਦਾ ਹੈ, ਉਹ ਕੇਂਦਰੀ ਬੱਜਟ ਘਟਾਕੇ ਜਾਂ ਉਸ ਨੂੰ ਸੀਮਤ ਕਰਕੇ ਕੇਂਦਰ ਦੀ ਸਰਕਾਰ ਨੇ ਇਹਨਾਂ ਨੂੰ ਕੁਝ ਹੱਦ ਤਕ ਨੁਕਰੇ ਲਾਉਣ ਦਾ ਕੰਮ ਕੀਤਾ ਹੈ।

ਪਿਛਲੇ ਕੁਝ ਸਾਲਾਂ ਵਿੱਚ ਅਮੀਰਾਂ ਦੀ ਜਾਇਦਾਦ ਤੇਜ਼ੀ ਨਾਲ ਵਧੀ ਹੈ। ਦੇਸ਼ ਵਿੱਚ 8 ਕਰੋੜ ਤੋਂ ਜ਼ਿਆਦਾ ਜਾਇਦਾਦ ਵਾਲੇ 8.5 ਲੱਖ ਤੋਂ ਜ਼ਿਆਦਾ ਲੋਕ ਹਨ। 250 ਕਰੋੜ ਰੁਪਏ ਤੋਂ ਜ਼ਿਆਦਾ ਜਾਇਦਾਦ ਵਾਲੇ ਲੋਕਾਂ ਦੇ ਅਲਟਰਾ-ਹਾਈ-ਨੈੱਟਵਰਥ ਬੀਤੇ ਸਾਲ ਵਿੱਚ 6 ਫ਼ੀਸਦੀ ਵਧ ਗਏ ਅਤੇ ਇਹਨਾਂ ਦੀ ਗਿਣਤੀ 13,600 ਹੋ ਗਈ ਹੈ। ਅਮੀਰਾਂ ਦੀ ਸਭ ਤੋਂ ਜ਼ਿਆਦਾ ਕਮਾਈ ਟੈਕਨੌਲੋਜੀ, ਮੈਨੂਫੈਕਚਰਿੰਗ ਸੈਕਟਰ, ਰੀਅਲ ਇਸਟੇਟ, ਸ਼ੇਅਰ ਬਜ਼ਾਰ ਵਿੱਚ ਹੈ। ਉੱਧਰ ਦੇਸ਼ ਦੀ ਕੁੱਲ 142 ਕਰੋੜ ਅਬਾਦੀ ਵਿੱਚ 80 ਕਰੋੜ ਲੋਕ ਇਹੋ ਜਿਹੇ ਹਨ, ਜਿਹਨਾਂ ਨੂੰ ਸਰਕਾਰ ਮੁਫ਼ਤ ਰਾਸ਼ਨ ਮੁਹਈਆ ਕਰਦੀ ਹੈ।

ਮਸ਼ਹੂਰ ਅਰਥ ਸ਼ਾਸਤਰੀ ਥਾਮਸ ਪਿਕੇਟੀ ਦਾ ਕਹਿਣਾ ਹੈ ਕਿ ਭਾਰਤ ਵਿੱਚ ਦੱਖਣੀ ਅਫਰੀਕਾ ਦੇ ਬਾਅਦ ਗਰੀਬ-ਅਮੀਰ ਦੇ ਵਿੱਚ ਖਾਈ ਸਭ ਤੋਂ ਜ਼ਿਆਦਾ ਹੈ। ਉਹਨਾਂ ਨੇ ਸੁਝਾਇਆ ਕਿ ਸਿੱਖਿਆ, ਸਿਹਤ ਜਿਹੀਆਂ ਅਹਿਮ ਸੇਵਾਵਾਂ ਉੱਤੇ ਲੋੜੀਂਦੇ ਖ਼ਰਚ ਲਈ ਜ਼ਰੂਰੀ ਧਨ ਰਾਸ਼ੀ ਦੇਸ਼ ਦੇ ਸਿਰਫ਼ 167 ਅਰਬਪਤੀਆਂ ਉੱਤੇ ਦੋ ਫ਼ੀਸਦੀ 'ਸੁਪਰ ਟੈਕਸ" ਲਾ ਕੇ ਹਾਸਲ ਕੀਤੀ ਜਾ ਸਕਦੀ ਹੈ। ਉਹਨਾਂ ਦੇ ਇਸ ਬਿਆਨ ਤੋਂ ਬਾਅਦ ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਨੇ ਕਿਹਾ ਕਿ ਇਹੋ ਜਿਹੇ ਟੈਕਸ ਨਾਲ ਪੂੰਜੀ ਦਾ "ਪਲਾਇਨ" ਹੋਏਗਾ ਅਤੇ ਨਿਵੇਸ਼ ਦਾ ਮਾਹੌਲ ਖਰਾਬ ਹੋਏਗਾ।

ਉਂਜ ਵੀ ਵੇਖਣ ਵਾਲੀ ਗੱਲ ਹੈ ਕਿ ਸਰਕਾਰ ਜਿਵੇਂ ਨਿੱਜੀਕਰਨ ਦੇ ਰਾਹ ਉੱਤੇ ਹੈ, ਉਸ ਨੂੰ ਇਹੋ ਜਿਹੀ ਨੀਤੀ ਰਾਸ ਨਹੀਂ ਆ ਸਕਦੀ। ਸਾਲ 2019-20 ਵਿੱਚ ਕੇਂਦਰ ਸਰਕਾਰ ਅਤੇ ਸਰਵਜਨਕ ਖੇਤਰ ਵਿੱਚ ਪੂੰਜੀਗਤ ਨਿਵੇਸ਼ 4.7 ਸੀ ਜੋ ਸਾਲ 2023-24 ਵਿੱਚ ਘਟ ਕੇ 3.8 ਰਹਿ ਗਿਆ। ਆਖ਼ਰ ਕਿਉਂ? ਇਸ ਲਈ ਕਿ ਸਰਵਜਨਕ ਸੰਸਥਾਵਾਂ ਸਰਕਾਰ ਵੱਲੋਂ ਵੇਚੀਆਂ ਜਾ ਰਹੀਆਂ ਹਨ।

ਅੰਕੜਿਆਂ ਨਾਲ ਵੋਟਰਾਂ ਨੂੰ ਭਰਮਾਉਣ ਵਾਲੀ ਕੇਂਦਰ ਦੀ ਸਰਕਾਰ ਕਿਵੇਂ ਅੰਕੜਿਆਂ ਨਾਲ ਖੇਡਦੀ ਹੈ, ਉਸਦੀ ਇੱਕ ਉਦਾਹਰਣ ਕੇਂਦਰੀ ਕਿਰਤ ਮੰਤਰੀ ਦੇ ਇੱਕ ਬਿਆਨ ਤੋਂ ਵੇਖੀ ਜਾ ਸਕਦੀ ਹੈ, ਜਿਸ ਵਿੱਚ ਉਹ ਕਹਿੰਦੇ ਹਨ ਕਿ ਇੱਕ ਨਾਰੀ ਕਿਸੇ ਦੂਜੇ ਦੇ ਬੱਚੇ ਲਈ "ਆਇਆ" ਦਾ ਕੰਮ ਕਰਦੀ ਹੈ ਤਾਂ ਉਹ ਰੁਜ਼ਗਾਰ ਮੰਨਿਆ ਜਾਂਦਾ ਹੈ, ਲੇਕਿਨ ਇਹੀ ਨਾਰੀ ਜੇਕਰ ਆਪਣਾ ਬੱਚਾ ਪਾਲੇ ਤਾਂ ਉਸ ਨੂੰ ਨੌਕਰੀਸ਼ੁਦਾ ਨਹੀਂ ਮੰਨਿਆ ਜਾਂਦਾ। ਸਾਨੂੰ ਇਸ ਵਿਸ਼ਵ ਪੱਧਰੀ ਪ੍ਰੀਭਾਸ਼ਾ ਦੀ ਜਗ੍ਹਾ ਆਪਣੀ ਪ੍ਰੀਭਾਸ਼ਾ ਦੇਣੀ ਹੋਵੇਗੀ" ਪਰ ਕੀ ਪਰੀਭਾਸ਼ਾ ਬਦਲਣ ਨਾਲ ਆਮਦਨ ਵਧ ਜਾਏਗੀ? ਇਹ ਤਾਂ ਰੁਜ਼ਗਾਰ ਦੇ ਅੰਕੜੇ ਵਧਾਉਣ ਦਾ ਯਤਨ ਹੀ ਹੈ। ਅਸਲ ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਬੇਹੱਦ ਹੈ। ਸਰਕਾਰ ਕੁਝ ਕਰਨ ਦੀ ਥਾਂ ਅੰਕੜਿਆਂ ਨਾਲ ਲੋਕਾਂ ਦਾ ਢਿੱਡ ਭਰਨਾ ਚਾਹੁੰਦੀ ਹੈ।

ਦੇਸ਼ ਵਿੱਚ ਰੁਜ਼ਗਾਰ ਦੀ ਕਮੀ ਲੋਕਾਂ ਨੂੰ ਪ੍ਰਵਾਸ ਦੇ ਰਾਹ ਪਾ ਰਹੀ ਹੈ। ਅਕਤੂਬਰ 2020 ਦੇ ਬਾਅਦ ਹੁਣ ਤਕ ਅਮਰੀਕਾ ਦੇ ਅਧਿਕਾਰੀਆਂ ਨੇ ਗੈਰ-ਕਾਨੂੰਨੀ ਰੂਪ ਵਿੱਚ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲਗਭਗ 1,70000 ਭਾਰਤੀਆਂ ਨੂੰ ਹਿਰਾਸਤ ਵਿੱਚ ਲਿਆ। ਕੀ ਇਹ ਕਥਿਤ ਤੌਰ 'ਤੇ ਵਿਸ਼ਵ ਗੁਰੂ ਬਣ ਰਹੇ ਭਾਰਤ ਦੀ ਨਿੱਤ ਪ੍ਰਤੀ ਖੁਰ ਰਹੀ ਆਰਥਿਕਤਾ, ਵਧਦੀ ਬੇਰੁਜ਼ਗਾਰੀ ਅਤੇ ਭੈੜੇ ਮਨੁੱਖੀ ਜੀਵਨ ਪੱਧਰ ਤੋਂ ਪੀੜਤ ਹੋ ਕੇ ਪ੍ਰਵਾਸ ਦੇ ਰਾਹ ਪੈਣ ਦੀ ਨਿਸ਼ਾਨੀ ਨਹੀਂ?

ਦੇਸ਼ ਵਿੱਚ ਸਮੱਸਿਆਵਾਂ ਵੱਡੀਆਂ ਹਨ ਪਰ ਫੌਹੜੀਆਂ ਨਾਲ ਚੱਲਣ ਵਾਲੀ ਮੋਦੀ ਸਰਕਾਰ ਹਾਲੇ ਤਕ ਵੀ ਪਿਛਲੇ ਦੋ ਕਾਰਜ ਕਾਲਾਂ ਵਿੱਚ ਕੀਤੇ ਲੋਕ ਵਿਰੋਧੀ ਫ਼ੈਸਲਿਆਂ ਤੋਂ ਸਬਕ ਨਹੀਂ ਸਿੱਖ ਰਹੀ। ਸਰਕਾਰ ਖੇਤੀ ਕਾਨੂੰਨਾਂ ਦੀ ਕਿਸਾਨਾਂ ਦੇ ਵਿਰੋਧ ਅਧੀਨ ਵਾਪਸੀ ਉਪਰੰਤ ਨਵੀਂ ਖੇਤੀ ਨੀਤੀ ਨੂੰ ਲਾਗੂ ਕਰਨ ਲਈ ਪੱਬਾਂ ਭਾਰ ਹੈ ਅਤੇ ਇਸ ਨੀਤੀ ਅਧੀਨ ਉਹਨਾਂ ਬਿੱਲਾਂ ਨੂੰ ਮੁੜ ਲਾਗੂ ਕਰਨ ਦੇ ਚੱਕਰ ਵਿੱਚ ਹੈ ਅਤੇ ਦੇਸ਼ ਦੀ ਮੰਡੀ ਮੁੜ ਧੰਨ ਕੁਬੇਰਾਂ ਹੱਥ ਫੜਾਉਣ ਦੀ ਨੀਤੀ ਲਈ ਕੰਮ ਕਰ ਰਹੀ ਹੈ, ਕਿਉਂਕਿ ਇਸ ਨੀਤੀ ਤਹਿਤ ਅੰਨ ਖਰੀਦ ਕਾਰਪੋਰੇਟਾਂ ਹੱਥ ਫੜਾਉਣ ਦੀ ਯੋਜਨਾ ਹੈ। ਬਿਲਕੁਲ ਉਵੇਂ ਹੀ ਜਿਵੇਂ ਨੈਸ਼ਨਲ ਹਾਈਵੇ, ਪਾਇਲਟ ਪ੍ਰਾਜੈਕਟਾਂ ਅਧੀਨ ਕਿਸਾਨਾਂ ਦੀ ਜ਼ਮੀਨ ਅਕਵਾਇਰ ਕੀਤੀ ਜਾ ਰਹੀ ਹੈ ਤੇ ਕਈ ਹਾਲਤਾਂ ਵਿੱਚ ਉਹਨਾਂ ਨੂੰ ਵਾਜਬ ਮੁੱਲ ਵੀ ਨਹੀਂ ਮਿਲਦਾ।

ਪੰਜਾਬ ਹਿਤੈਸ਼ੀ, ਕਿਸਾਨ ਹਿਤੈਸ਼ੀ ਇਸ ਕਾਰਵਾਈ ਨੂੰ ਕਿਸਾਨਾਂ ਦੀ ਜ਼ਮੀਨ ਹਥਿਆਉਣ ਦੀ ਕਾਰਵਾਈ ਗਿਣਦੇ ਹਨ ਅਤੇ ਇਹ ਵੀ ਆਖਦੇ ਹਨ ਕਿ ਇਹਨਾਂ ਪ੍ਰਾਜੈਕਟਾਂ ਦਾ ਆਮ ਆਦਮੀ ਦੀ ਬਜਾਏ ਕਾਰਪੋਰੇਟਾਂ ਨੂੰ ਵੱਧ ਫਾਇਦਾ ਹੋਏਗਾ। ਉਂਜ ਵੀ ਜੇਕਰ ਇਹਨਾਂ ਪ੍ਰਾਜੈਕਟਾਂ ਨੂੰ ਵਾਚੀਏ ਤਾਂ ਇਹ "ਵਰਲਡ ਬੈਂਕ" ਵੱਲੋਂ ਲਏ ਕਰਜ਼ੇ ਨਾਲ ਬਣਾਇਆ ਜਾ ਰਿਹਾ ਹੈ, ਜਿਸਦੇ ਕਰਜ਼ ਦਾ ਭਾਰ ਆਮ ਲੋਕਾਂ ਉੱਤੇ ਹੀ ਪਵੇਗਾ ਅਤੇ ਉਹਨਾਂ ਨੂੰ ਇਸਦਾ ਫ਼ਾਇਦਾ ਕਣ ਮਾਤਰ ਵੀ ਨਹੀਂ ਮਿਲੇਗਾ।

ਪਰ ਕਿਉਂਕਿ ਸਰਕਾਰ ਮੰਡੀਕਰਨ ਦਾ ਨਿੱਜੀਕਰਨ ਕਰਨ ਦੇ ਰਾਹ ਤੁਰੀ ਹੋਈ ਹੈ, ਇਹ ਵੱਡੇ ਹਾਈਵੇ ਕਾਰਪੋਰੇਟਾਂ ਦੇ ਕਾਰੋਬਾਰ ਨੂੰ ਹੀ ਹੁਲਾਰਾ ਦੇਣਗੇ। ਹਾਲਾਂਕਿ ਕਿਹਾ ਜਾ ਰਿਹਾ ਹੈ ਕਿ ਇਹਨਾਂ ਪ੍ਰਾਜੈਕਟਾਂ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ, ਜੋ ਕਿ ਇੱਕ ਭਰਮਾਊ ਗੱਲ ਹੈ।

ਰੁਜ਼ਗਾਰ ਦੇਣ ਦੇ ਨਾਂਅ ਉੱਤੇ ਕੇਂਦਰ ਵੱਲੋਂ ਕੀਤੀਆਂ ਗੱਲਾਂ ਆਮ ਲੋਕਾਂ ਦਾ ਢਿੱਡ ਨਹੀਂ ਭਰ ਸਕੀਆਂ। ਦੇਸ਼ ਵੱਡਾ ਬਣੇਗਾ, ਆਰਥਿਕ ਤੌਰ 'ਤੇ ਤਰੱਕੀ ਕਰੇਗਾ, ਵਿਸ਼ਵ ਗੁਰੂ ਵਰਗੇ ਬਿਆਨ ਦੇਕੇ ਅਤੇ ਦੇਸ਼ ਵਿੱਚ ਧਰਮਾਂ ਦੇ ਧਰੁਵੀਕਰਨ ਨਾਲ ਚੋਣਾਂ ਜਿੱਤੇ ਕੇ ਪਹਿਲੀਆਂ ਦੋ ਵਾਰ ਦੀਆਂ ਸਰਕਾਰਾਂ ਅਤੇ ਹੁਣ ਵਾਲੀ ਸਰਕਾਰ ਵੀ 'ਸਭ ਦਾ ਵਿਕਾਸ' ਦਾ ਨਾਅਰਾ ਮਾਰਦੀ ਹੈ, ਪਰ ਅਸਲ ਅਰਥਾਂ ਵਿੱਚ ਉਸਦਾ ਅਜੰਡਾ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਹੈ। ਇੱਕ ਦੇਸ਼ - ਇੱਕ ਕੌਮ - ਇੱਕ ਭਾਸ਼ਾ - ਇੱਕ ਚੋਣ, ਇਸੇ ਅਜੰਡੇ ਦੀ ਕੜੀ ਹਨ। ਇਸੇ ਅਜੰਡੇ ਤਹਿਤ ਦੇਸ਼ ਨੂੰ ਇੱਕ ਦੇਸ਼ - ਇੱਕ ਪਾਰਟੀ - ਇੱਕ ਵਿਸ਼ੇਸ਼ ਵਿਅਕਤੀ, ਰਾਜ ਵੱਲ ਤੋਰਿਆ ਜਾ ਰਿਹਾ ਹੈ। ਇਸ ਕਰਕੇ ਸਮੇਂ-ਸਮੇਂ ਦੇਸ਼ ਦੇ ਸੰਘੀ ਢਾਂਚੇ ਦੀ ਸੰਘੀ ਘੁੱਟੀ ਜਾਂਦੀ ਹੈ, ਇਸੇ ਕਰਕੇ ਦੇਸ਼ ਦੇ ਸੰਵਿਧਾਨ ਨੂੰ ਤੋੜਿਆ ਮਰੋੜਿਆ ਜਾਂਦਾ ਹੈ, ਇਸੇ ਕਰਕੇ ਸੂਬਿਆਂ ਦੇ ਹੱਕ ਹਥਿਆਏ ਜਾ ਰਹੇ ਹਨ, ਇਸੇ ਕਰਕੇ ਕੌਮੀ ਸਿੱਖਿਆ ਨੀਤੀ ਤਹਿਤ ਲੋਕਾਂ ਦੀਆਂ ਬੋਲੀਆਂ ਅਤੇ ਸਭਿਆਚਾਰ ਉੱਤੇ ਸੱਟ ਮਾਰੀ ਜਾ ਰਹੀ ਹੈ। ਇਸ ਸਭ ਕੁਝ ਦੇ ਪਿੱਛੇ ਸੋਚ ਉਸ ਬੁਲਡੋਜ਼ਰ ਨੀਤੀ ਵਾਲੀ ਹੈ, ਜਿਸਦੀ ਵਰਤੋਂ ਉੱਤਰ ਪ੍ਰਦੇਸ਼ ਵਿੱਚ ਸ਼ਰੇਆਮ ਕੀਤੀ ਗਈ, ਜਿੱਥੇ ਪਹਿਲਾਂ ਧਰਮ ਧਰੁਵੀਕਰਨ ਨਾਲ ਹਿੰਦੂ ਵੋਟਾਂ ਇੱਕ ਪਾਸੇ ਇਕੱਠੀਆਂ ਕੀਤੀਆਂ ਗਈਆਂ, ਪਾਕਿਸਤਾਨ ਜਾਂ ਗੁਆਂਢੀ ਦੇਸ਼ਾਂ ਦੇ ਹਮਲੇ ਦਾ ਡਰ ਦੇ ਕੇ ਜਾਂ ਫਿਰ ਹੁਣ ਹਰਿਆਣਾ ਵਿੱਚ ਕਿਸਾਨ ਵਿਰੋਧੀ, ਜੱਟ ਵਿਰੋਧੀ ਲੋਕਾਂ ਨੂੰ ਇਕੱਠਿਆਂ ਕਰਕੇ ਇਹ ਦਰਸਾਉਣ ਦਾ ਯਤਨ ਹੋਇਆ, ਜੋ ਸਾਡੇ ਨਾਲ ਟਕਰਾਏਗਾ, ਸਾਡੀ ਸੋਚ ਦੇ ਉਲਟ ਕੰਮ ਕਰੇਗਾ, ਸਾਡੇ ਚਲਦੇ ਕੰਮਾਂ ਵਿੱਚ ਰੁਕਾਵਟ ਪਾਏਗਾ, ਉਸ ਨੂੰ ਵੋਟ ਪਾਊ ਚਾਨਕੀਆ ਨੀਤੀ ਨਾਲ ਸਬਕ ਸਿਖਾਵਾਂਗੇ। ਇਹਨਾਂ ਹਾਕਮਾਂ ਦੀ ਇਹ ਸੋਚ ਭਾਰਤੀ ਲੋਕਤੰਤਰ ਅਤੇ ਸੰਵਿਧਾਨ ਨੂੰ ਨਸ਼ਟ ਕਰਨ ਵੱਲ ਤੁਰਦੀ ਦਿਸਦੀ ਹੈ।

ਦੇਸ਼ ਦੇ ਹਾਕਮ ਕੰਧ 'ਤੇ ਲਿਖਿਆ ਉਦੋਂ ਪੜ੍ਹ ਲੈਣਗੇ, ਜਦੋਂ ਦੇਸ਼ ਦੇ ਲੋਕ ਹਾਕਮਾਂ ਨੂੰ ਸਮੇਂ-ਸਮੇਂ ਸੰਘਰਸ਼ ਕਰਕੇ ਦਿਖਾ ਦੇਣਗੇ ਕਿ ਦੇਸ਼ ਦੇ ਜਿਸ ਸੰਵਿਧਾਨ ਨੇ 75 ਵਰ੍ਹੇ ਪੂਰੇ ਕਰ ਲਏ ਹਨ ਤਾਂ ਇਸ ਲੋਕਤੰਤਰੀ ਸੋਚ ਵਾਲੇ ਸੰਵਿਧਾਨ ਨੂੰ ਭਵਿੱਖ ਵਿੱਚ ਵੀ ਕੋਈ ਭੈੜੀ ਸੋਚ, ਜਾਂ ਭੈੜੀ ਨਜ਼ਰ ਜਾਂ ਬੁਲਡੋਜ਼ਰ ਨੀਤੀ ਤਬਾਹ ਨਹੀਂ ਕਰ ਸਕੇਗੀ।

# ਪ੍ਰਾਪਰਟੀ ਕਾਰੋਬਾਰ, ਇਸ ਨਾਲ ਜੁੜੀਆਂ ਧਿਰਾਂ, ਮਸਲੇ ਅਤੇ ਲੁੱਟ

ਲਿਖਤ : ਚੰਦਰਪਾਲ ਅੱਤਰੀ
ਸੰਪਰਕ : 78891 - 11988

ਜ਼ਮੀਨ ਸਮਾਜ ਨੂੰ ਮੁੱਢ ਤੋਂ ਪ੍ਰਭਾਵਿਤ ਕਰਦੀ ਰਹੀ ਹੈ ਤੇ ਜ਼ਮੀਨ ਦਾ ਪ੍ਰਭਾਵ ਸਮਾਜ ਉੱਤੇ ਵੀ ਸਪਸ਼ਟ ਨਜ਼ਰ ਆਉਂਦਾ ਹੈ। ਉਂਝ ਤਾਂ ਜ਼ਮੀਨ ਨਾਲ ਸਮੁੱਚਾ ਸਮਾਜ ਜੁੜਿਆ ਹੁੰਦਾ ਹੈ ਪਰ ਇਸ ਲੇਖ ਵਿੱਚ ਅਸੀਂ ਕਿਸਾਨੀ, ਪ੍ਰਾਪਰਟੀ ਕਾਰੋਬਾਰੀ ਤੇ ਮਾਲ ਮਹਿਕਮੇ ਦੇ ਬਾਰੇ ਹੀ ਵਿਚਾਰਾਂਗੇ। ਲੰਮੇ ਸਮੇਂ ਤੋਂ ਕਿਸਾਨੀ ਨੂੰ ਹੀ ਜ਼ਮੀਨ ਦਾ ਅਸਲ ਮਾਲਕ ਮੰਨਿਆ ਗਿਆ ਹੈ ਪਰ ਇਸਦੇ ਬਾਵਜੂਦ ਅਜੇ ਤਕ ਕਿਸਾਨੀ ਦੀ ਹਾਲਤ ਸੁਧਰ ਨਹੀਂ ਪਾਈ ਹੈ ਜਦ ਕਿ ਇਸ ਨੂੰ ਵਰਤ ਕੇ ਪ੍ਰਾਪਰਟੀ ਕਾਰੋਬਾਰੀ ਅਤੇ ਮਾਲ ਮਹਿਕਮਾ ਆਪਣੀਆਂ ਪੌ ਬਾਰਾਂ ਕਰ ਗਿਆ ਹੈ।

ਪਹਿਲੇ ਸਮਿਆਂ ਵਿੱਚ ਜ਼ਮੀਨ ਵਿੱਚੋਂ ਮੁੱਖ ਤੌਰ 'ਤੇ ਖੇਤੀਬਾੜੀ ਵਾਲੀ ਆਮਦਨ ਹੀ ਹੁੰਦੀ ਸੀ ਪਰ ਹੁਣ ਜਿਉਂ-ਜਿਉਂ ਅਬਾਦੀ ਵਧ ਰਹੀ ਹੈ ਤਾਂ ਜ਼ਮੀਨ ਦੀ ਉਦਯੋਗ ਅਤੇ ਰਿਹਾਇਸ਼ ਆਦਿ ਲਈ ਵੀ ਵਰਤੋਂ ਹੋਣ ਲੱਗੀ ਹੈ। ਇਸਦੇ ਨਾਲ ਹੀ ਜ਼ਮੀਨ ਦੀ ਵੰਡ ਹੋਣ ਦੇ ਚਲਦਿਆਂ ਜ਼ਮੀਨ ਟੁਕੜਿਆਂ ਵਿੱਚ ਵੰਡਦੀ ਜਾ ਰਹੀ ਹੈ ਤੇ ਜ਼ਮੀਨ ਵਿੱਚੋਂ ਪੈਦਾਵਰ ਸਮੇਂ ਖਰਚ ਵਧਣ ਦੇ ਚਲਦਿਆਂ ਕਿਸਾਨੀ ਖੇਤੀ ਤੋਂ ਮੂੰਹ ਵੀ ਮੋੜ ਰਹੀ ਹੈ। ਜਦੋਂ ਜ਼ਮੀਨ ਵਿੱਚੋਂ ਪੈਦਾਵਰ ਘਟ ਜਾਵੇ, ਇਸਦਾ ਆਕਾਰ ਵੀ ਘੱਟ ਜਾਵੇ ਤਾਂ ਕਿਸਾਨੀ ਨੂੰ ਸਮੱਸਿਆਵਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਮਾਮਲੇ ਵਿੱਚ ਕਿਸਾਨੀ ਹਰ ਹਾਲ ਵਿੱਚ ਜ਼ਮੀਨ ਤੋਂ ਖਹਿੜਾ ਛੁਡਵਾਉਣ ਦੇ ਰਾਹ ਪੈ ਜਾਂਦੀ ਹੈ ਤੇ ਫਿਰ ਕਿਸਾਨੀ ਦੀ ਲੁੱਟ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਹਾਲਾਂਕਿ ਅਸੀਂ ਇਹ ਵੀ ਨਹੀਂ ਕਹਿੰਦੇ ਕਿ ਇਸ ਲੁੱਟ ਹੋਣ ਵਿੱਚ ਕਿਸਾਨੀ ਦਾ ਖੁਦ ਦਾ ਕੋਈ ਕਸੂਰ ਨਹੀਂ ਪਰ ਸਮਾਜ ਦੇ ਸੰਪੰਨ ਤੇ ਅਧਿਕਾਰਤ ਕਾਬਲ ਵਰਗ ਨੇ ਹੀ ਸਮਾਜ ਨੂੰ ਜਾਗਰੂਕ ਕਰਨਾ ਹੁੰਦਾ ਹੈ ਨਾ ਕਿ ਉਸ ਦੀ ਲੁੱਟ ਦੇ ਰਾਹ ਲੱਭਣੇ ਹੁੰਦੇ ਹਨ।

ਇਸ ਸਮੇਂ ਕਿਸਾਨੀ ਸਰਕਾਰੀ ਨੀਤੀਆਂ ਤੋਂ ਵੀ ਵੱਧ ਮਾਲ ਮਹਿਕਮੇ ਵੱਲੋਂ ਲੁੱਟ ਅਤੇ ਪ੍ਰਾਪਰਟੀ ਕਾਰੋਬਾਰੀਆਂ ਦੇ ਲਾਲਚ ਦਾ ਸ਼ਿਕਾਰ ਹੋ ਰਹੀ ਹੈ। ਮਾਲ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਕਿਸਾਨੀ ਤੋਂ ਜ਼ਮੀਨ ਦੀ ਫ਼ਰਦ-ਬਦਰ (ਰਿਕਾਰਡ ਵਿੱਚ ਦਰੁਸਤੀ) ਅਤੇ ਜ਼ਮੀਨ ਦੇ ਵਿਰਾਸਤ ਨਾਲ ਸੰਬੰਧਿਤ ਇੰਤਕਾਲ ਦੇ ਨਾਮ ਉੱਤੇ ਲਏ ਜਾਂਦੇ ਪੈਸੇ ਪੂਰੀ ਤਰ੍ਹਾਂ ਗੈਰ ਕਾਨੂੰਨੀ ਹਨ। ਨਵੇਂ ਨਿਯਮਾਂ ਤਹਿਤ ਮਾਲ ਮਹਿਕਮੇ ਦਾ ਵਧੇਰੇ ਕੰਮ ਔਨਲਾਈਨ ਹੋ ਚੁੱਕਾ ਹੈ ਤੇ ਜਦੋਂ ਫ਼ਰਦ ਲਿਖਣ ਸਮੇਂ ਸਾਰਾ ਕੰਮ (ਫ਼ਰਦ ਵਿੱਚ ਨਾਮ ਲਿਖਣਾ ਤੇ ਹਿੱਸੇ ਬਣਾਉਣਾ ਆਦਿ ਦਾ ਕੰਮ) ਮਾਲ ਮਹਿਕਮੇ ਦੇ ਅਧਿਕਾਰੀਆਂ ਨੇ ਹੀ ਕੀਤਾ ਹੋਇਆ ਹੁੰਦਾ ਹੈ ਤਾਂ ਉਸ ਲਈ ਮੁੜ-ਮੁੜ ਕਿਸਾਨੀ ਨੂੰ ਡਰਾ ਕੇ ਲੁੱਟਣ ਦੀ ਕੀ ਤੁਕ ਹੈ? ਇਸੇ ਤਰ੍ਹਾਂ ਵਿਰਾਸਤ ਦੇ ਇੰਤਕਾਲ ਦੇ ਲਈ ਕਿਸ ਗੱਲ ਦੀ ਰਕਮ ਦਿੱਤੀ ਜਾਵੇ। ਜਦੋਂ ਵਿਰਾਸਤ ਕਰਵਾਉਣ ਵਾਲਾ ਸਹੀ ਕਾਨੂੰਨੀ ਵਾਰਸਾਂ ਦੇ ਨਾਮ ਇੰਤਕਾਲ ਕਰਵਾ ਰਿਹਾ ਹੈ ਤਾਂ ਫਿਰ ਉਸ ਵਿੱਚ ਗਲਤ ਵੀ ਕੀ ਹੈ? ਪਰ ਵੇਖਣ ਵਿੱਚ ਆਉਂਦਾ ਹੈ ਕਿ ਕਦੇ ਫ਼ਰਦ ਵਿੱਚ ਗਲਤ ਨਾਮ ਦਾ ਹਵਾਲਾ ਦੇ ਕੇ ਤੇ ਕਦੇ ਆਧਾਰ ਕਾਰਡ ਤੇ ਕਦੇ ਮੌਤ ਸਰਟੀਫਿਕੇਟ ਵਿੱਚ ਗਲਤ ਇੰਦਰਾਜ਼ ਨੂੰ ਆਧਾਰ ਬਣਾ ਕੇ ਲੋਕਾਂ ਨੂੰ ਡਰਾਇਆ ਜਾਂਦਾ ਹੈ ਤੇ ਫਿਰ ਮੋਟੀ ਰਕਮ ਵਸੂਲੀ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਕੋਈ ਸਧਾਰਨ ਵਿਅਕਤੀ ਆਪਣੀ ਰਿਹਾਇਸ਼ ਲਈ ਛੋਟਾ ਪਲਾਟ ਖਰੀਦਦਾ ਹੈ ਜਾਂ ਕੋਈ ਵੱਡੀ ਡੀਲ ਵੀ ਹੁੰਦੀ ਹੈ ਤਾਂ ਰਜਿਸਟਰੀ ਲਿਖਣ ਸਮੇਂ ਖਰੀਦਦਾਰ ਕੋਲੋਂ ਰਜਿਸਟਰੀ ਖਰਚ ਤੋਂ ਇਲਾਵਾ ਇੰਤਕਾਲ ਅਤੇ ਪੰਜਾਬ ਲੈਂਡ ਰਿਕਾਰਡ ਸੁਸਾਇਟੀ (ਪੀ ਐੱਲ ਆਰ ਐੱਸ) ਸਮੇਤ ਹੋਰ ਸਾਰੀਆਂ ਫੀਸਾਂ ਵਸੂਲ ਲਈਆਂ ਜਾਂਦੀਆਂ ਹਨ ਪਰ ਇਸਦੇ ਬਾਵਜੂਦ ਵੱਖ-ਵੱਖ ਥਾਈਂ ਇੰਤਕਾਲ ਤੇ ਪੀ ਐੱਲ ਆਰ ਐੱਸ ਦੀਆਂ ਸੇਵਾਵਾਂ ਦੇ ਵੱਖਰੇ ਪੈਸੇ ਲਏ ਜਾਂਦੇ ਹਨ, ਜਿਵੇਂ ਕਿ ਇਸ ਸਮੇਂ ਸਾਡੇ ਡੇਰਾਬੱਸੀ ਖੇਤਰ ਵਿੱਚ ਇੰਤਕਾਲ ਲਈ ਪਟਵਾਰੀਆਂ ਵੱਲੋਂ ਪੰਦਰਾਂ ਸੌ ਰੁਪਏ ਵੱਖਰੇ ਲਏ ਜਾ ਰਹੇ ਹਨ ਤੇ ਇਹ ਵੱਖ-ਵੱਖ ਥਾਈਂ ਵੱਡੇ-ਛੋਟੇ ਸ਼ਹਿਰਾਂ ਮੁਤਾਬਕ ਵੱਧ-ਘੱਟ ਹੋ ਸਕਦੇ ਹਨ।

ਇਸ ਤੋਂ ਬਾਅਦ ਜੇਕਰ ਪ੍ਰਾਪਰਟੀ ਕਾਰੋਬਾਰੀਆਂ ਦੀ ਗੱਲ ਕਰੀਏ ਤਾਂ ਸਾਡੇ ਹਿਸਾਬ ਨਾਲ ਇਸ ਸਮੇਂ ਭਾਰਤ ਵਿੱਚ ਪ੍ਰਾਪਰਟੀ ਕਾਰੋਬਾਰ ਜਿੱਥੇ ਕਿਸ਼ੋਰ ਅਵਸਥਾ ਵਿੱਚ ਹੈ, ਉੱਥੇ ਹੀ ਇਸ ਵਿੱਚ ਬੇਹਿਸਾਬ ਧੋਖਾਧੜੀਆਂ ਹਨ। ਇਸ ਸਮੇਂ ਬਹੁਤ ਘੱਟ ਪ੍ਰਾਪਰਟੀ ਕਾਰੋਬਾਰੀ ਅਜਿਹੇ ਹਨ, ਜੋ ਰਿਹਾਇਸ਼ੀ ਜਾਂ ਕਮਰਸ਼ੀਅਲ ਥਾਂ ਵੇਚਣ ਸਮੇਂ ਆਪਣੇ ਵੱਲੋਂ ਕੀਤੇ ਵਾਅਦਿਆਂ ਉੱਤੇ ਖਰੇ ਉੱਤਰਦੇ ਹੋਣ। ਅਜੋਕੇ ਸਮੇਂ ਵਿੱਚ ਨਾਮਾਤਰ ਕਾਲੋਨੀਆਂ ਵਿੱਚ ਬੁਨਿਆਦੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਕਾਲੋਨੀਆਂ ਨਿੱਜੀ ਹੁੰਦੀਆਂ ਹਨ ਤੇ ਇਸ ਵਿੱਚ ਸੜਕਾਂ, ਲਾਈਟਾਂ ਤੇ ਸੀਵਰੇਜ ਸਰਕਾਰੀ ਪੁਆਈ ਜਾਂਦੀ ਹੈ। ਬਹੁਤ ਘੱਟ ਕਾਲੋਨੀਆਂ ਵਿੱਚ ਆਪਣੇ ਟਿਊਬਵੈੱਲ ਤੇ ਵੱਖਰੇ ਬਿਜਲੀ ਟਰਾਂਸਫਾਰਮਰ ਲਗਵਾਏ ਜਾਂਦੇ ਹਨ ਤੇ ਇਸ ਤਰ੍ਹਾਂ ਕਰ ਕੇ ਨਾ ਸਿਰਫ ਸਰਕਾਰੀ ਮਾਲੀਏ ਦਾ ਨੁਕਸਾਨ ਹੁੰਦਾ ਹੈ, ਸਗੋਂ ਪ੍ਰਾਪਰਟੀ ਗਾਹਕ ਵੀ ਚਿੱਟੇ ਦਿਨ ਲੁੱਟ ਲਏ ਜਾਂਦੇ ਹਨ। ਵਧੇਰੇ ਕਾਲੋਨੀਆਂ ਪਾਸ ਨਾ ਹੋਣ ਕਾਰਨ ਪਲਾਟ ਜਾਂ ਦੁਕਾਨਾਂ ਵੇਚਣ ਸਮੇਂ ਇਨ੍ਹਾਂ ਦੇ ਨੰਬਰ ਨਹੀਂ ਲਿਖੇ ਜਾਂਦੇ, ਹਿੱਸੇ ਦੀਆਂ ਰਜਿਸਟਰੀਆਂ ਲਿਖੀਆਂ ਜਾਂਦੀਆਂ ਹਨ, ਜੋ ਬਾਅਦ ਵਿੱਚ ਪ੍ਰੇਸ਼ਾਨੀਆਂ ਦਾ ਸਬੱਬ ਬਣ ਜਾਂਦੀਆਂ ਹਨ।

ਇਹ ਹਿੱਸੇ ਦੀਆਂ ਰਜਿਸਟਰੀਆਂ ਕਾਨੂੰਨੀ ਦਿੱਕਤਾਂ ਵੀ ਪੈਦਾ ਕਰਦੀਆਂ ਹਨ। ਪ੍ਰਾਪਰਟੀ ਕਾਰੋਬਾਰੀਆਂ ਵੱਲੋਂ ਇਹ ਸਭ ਗੱਲਾਂ ਗਾਹਕ ਤੋਂ ਲੁਕਾਈਆਂ ਜਾਂਦੀਆਂ ਹਨ ਜਾਂ ਵਧਾ-ਚੜ੍ਹਾ ਕੇ ਪੇਸ਼ ਕੀਤੀਆਂ ਜਾਂਦੀਆਂ ਹਨ। ਕਾਲੋਨੀਆਂ ਕੱਟਣ ਸਮੇਂ ਪ੍ਰਾਪਰਟੀ ਕਾਰੋਬਾਰੀਆਂ ਵੱਲੋਂ ਬੁਨਿਆਦੀ ਸ਼ਰਤਾਂ ਪੂਰੀਆਂ ਨਾ ਕਰਨ ਕਾਰਨ ਹੀ ਮਾਲ ਮਹਿਕਮੇ ਦੇ ਵੱਡੇ ਅਧਿਕਾਰੀ ਪਲਾਟ ਜਾਂ ਦੁਕਾਨ ਦੀ ਰਜਿਸਟਰੀ ਸਮੇਂ ਆਪਣਾ ਹਿੱਸਾ ਭਾਲਦੇ ਹਨ, ਜੋ ਮਜਬੂਰੀਵੱਸ ਗਾਹਕ ਦੇ ਸਿਰ ਪੈਂਦਾ ਹੈ ਤੇ ਅੰਤ ਵਿੱਚ ਕਿਸਾਨੀ ਵਿੱਚ ਜਾਣਕਾਰੀ ਦੀ ਘਾਟ, ਮਾਲ ਮਹਿਕਮੇ ਤੇ ਪ੍ਰਾਪਰਟੀ ਕਾਰੋਬਾਰੀਆਂ ਦਾ ਲਾਲਚ ਜਿੱਥੇ ਕਿਸਾਨੀ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉੱਥੇ ਘਟੀਆ ਸ਼ਹਿਰੀ ਸਿਸਟਮ ਦੀ ਪੈਦਾਇਸ਼ ਬਣ ਜਾਂਦਾ ਹੈ।

ਇਸ ਉਪਰੰਤ ਜੇਕਰ ਅਸੀਂ ਮੁੜ ਕਿਸਾਨੀ ਜਾਂ ਆਮ ਲੋਕਾਈ ਦੇ ਪੱਖ ਉੱਤੇ ਆਈਏ ਤਾਂ ਅਸੀਂ ਮੰਨਦੇ ਹਾਂ ਕਿ ਇਹ ਧਿਰਾਂ (ਕਿਸਾਨੀ ਤੇ ਆਮ ਲੋਕ) ਇਸ ਲੁੱਟ ਦਾ ਸ਼ਿਕਾਰ ਹਨ ਪਰ ਕੁਝ ਹੱਦ ਤਕ ਇਸ ਲੁੱਟ ਲਈ ਇਹ ਖੁਦ ਵੀ ਜ਼ਿੰਮੇਵਾਰ ਹਨ।

ਆਪਣੇ ਅਧਾਰ ਕਾਰਡ, ਪਰਿਵਾਰਕ ਮੈਂਬਰਾਂ ਦੇ ਮੌਤ ਸਰਟੀਫਿਕੇਟ, ਵੋਟ ਕਾਰਡ ਤੇ ਪੈੱਨ ਕਾਰਡ ਆਦਿ ਦਸਤਾਵੇਜ਼ ਵੀ ਜੇਕਰ ਅਸੀਂ ਦਰੁਸਤ ਨਹੀਂ ਕਰਵਾ ਸਕਦੇ ਤਾਂ ਫਿਰ ਦੂਜਿਆਂ ਨੂੰ ਦੋਸ਼ ਕਿਉਂ ਦੇਈਏ? ਇਸੇ ਤਰ੍ਹਾਂ ਅਸੀਂ ਪਰਿਵਾਰ ਵਿੱਚ ਮੰਦਭਾਗੀ ਘਟਨਾ ਹੋਣ ਉਪਰੰਤ ਮਾਲ-ਮਹਿਕਮੇ ਦੇ ਅਧਿਕਾਰੀਆਂ ਨੂੰ ਮੂੰਹ ਮੰਗੀ ਰਕਮ ਦੇਣ ਲਈ ਤਿਆਰ ਹੋ ਜਾਂਦੇ ਹਾਂ ਪਰ ਸਮਾਂ ਰਹਿੰਦਿਆਂ ਨਾ ਮਾਤਰ ਰਕਮ ਨਾਲ ਤਿਆਰ ਹੋਣ ਵਾਲੀ ਰਜਿਸਟਰਡ ਵਸੀਅਤ ਨਹੀਂ ਬਣਵਾਉਂਦੇ ਜਦੋਂ ਕਿ ਇਹ ਸਾਡੇ ਲਈ ਬੇਹੱਦ ਲਾਭਦਾਇਕ ਸਾਬਤ ਹੁੰਦੀ ਹੈ। ਕਈ ਵਾਰ ਤਾਂ ਅਸੀਂ ਰਜਿਸਟਰਡ ਵਸੀਅਤ ਨਾ ਹੋਣ ਦੇ ਚਲਦਿਆਂ ਸਾਲਾਂ ਬੱਧੀ ਜ਼ਮੀਨ ਆਪਣੇ ਨਾਮ ਹੀ ਨਹੀਂ ਲਗਵਾਉਂਦੇ ਜੋ ਸਮਾਂ ਬੀਤਣ ਨਾਲ ਬਾਅਦ ਵਿੱਚ ਨਾਮ ਲਗਵਾਉਣੀ ਹੀ ਮੁਸ਼ਕਿਲ ਹੋ ਜਾਂਦੀ ਹੈ। ਇਸਦੇ ਨਾਲ ਹੀ ਜ਼ਮੀਨ ਵੇਚਣ ਸਮੇਂ ਵੀ ਕਿਸਾਨੀ ਕੁਲੈਕਟਰ ਰੇਟ ਤੇ ਬਾਜ਼ਾਰੀ ਕੀਮਤ ਨੂੰ ਲੈ ਕੇ ਭੰਬਲਭੂਸੇ ਵਿੱਚ ਰਹਿੰਦੀ ਹੈ ਤੇ ਇਹ ਭੰਬਲਭੂਸਾ ਉਨ੍ਹਾਂ ਲਈ ਵੱਡੀ ਦਿੱਕਤ ਬਣ ਜਾਂਦਾ ਹੈ। ਜਾਣਕਾਰੀ ਦੀ ਘਾਟ ਅਤੇ ਆਪਣੇ ਲਾਲਚ ਦੇ ਚਲਦਿਆਂ ਕਿਸਾਨੀ ਬਾਜ਼ਾਰੀ ਭਾਅ ਮੁਕਾਬਲੇ ਕੁਲੈਕਟਰ ਭਾਅ ਉੱਤੇ ਜ਼ਮੀਨ ਦੀ ਰਜਿਸਟਰੀ ਕਰਵਾਉਣ ਲਈ ਤਿਆਰ ਹੋ ਜਾਂਦੀ ਹੈ। ਇਹ ਸਭ ਕੁਝ ਉਦੋਂ ਹੁੰਦਾ ਹੈ, ਜਦੋਂ ਰਜਿਸਟਰੀ ਦਾ ਖਰਚਾ ਖਰੀਦਦਾਰ ਖਾਸ ਕਰ ਕੇ ਪ੍ਰਾਪਰਟੀ ਕਾਰੋਬਾਰੀ ਜਾਂ ਵਪਾਰੀ ਵਰਗ ਨੇ ਖੁਦ ਦੇਣਾ ਹੁੰਦਾ ਹੈ, ਕਿਉਂਕਿ ਅੱਜ ਦੇ ਸਮੇਂ ਵਿੱਚ ਕਿਸਾਨੀ ਦੀ ਜ਼ਮੀਨ ਕਿਸਾਨ ਖਰੀਦਣ ਦੀ ਸਥਿਤੀ ਵਿੱਚ ਹੀ ਨਹੀਂ ਹੈ। ਇਸ ਉਪਰੰਤ ਜਦੋਂ ਕਿਸਾਨੀ ਦੀ ਜ਼ਮੀਨ ਐਕਵਾਇਰ ਹੁੰਦੀ ਹੈ ਤੇ ਫਿਰ ਇਸਦੇ ਚਲਦਿਆਂ ਅਕਸਰ ਗੱਲ ਅੰਦੋਲਨ ਤਕ ਚਲੀ ਜਾਂਦੀ ਹੈ ਤੇ ਇਸ ਨਾਲ ਕਈ ਵਾਰ ਆਰਥਿਕ ਦੇ ਨਾਲ-ਨਾਲ ਵੱਡਾ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਇਸ ਤਰ੍ਹਾਂ ਜ਼ਮੀਨ ਦੇ ਮਾਮਲੇ ਵਿੱਚ ਹਰ ਧਿਰ ਕਿਤੇ ਨਾ ਕਿਤੇ ਆਪਣੀ ਥਾਂ ਗਲਤ ਹੈ ਤੇ ਸਭਨਾਂ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ। ਜੇ ਅਸੀਂ ਸਾਰੇ ਆਪੋ-ਆਪਣੇ ਨਿੱਜੀ ਹਿਤਾਂ ਤੋਂ ਉੱਪਰ ਉੱਠ ਜਾਈਏ ਤਾਂ ਨਾ ਸਿਰਫ ਕਿਸਾਨੀ ਸਮੇਤ ਹੋਰਨਾਂ ਧਿਰਾਂ ਸੌਖੀਆਂ ਹੋ ਜਾਣਗੀਆਂ, ਸਗੋਂ ਸ਼ਹਿਰੀ ਸਿਸਟਮ ਵਧੀਆ ਬਣਨ ਦੇ ਨਾਲ-ਨਾਲ ਸਮਾਜ ਵਿੱਚੋਂ ਭ੍ਰਿਸ਼ਟਾਚਾਰ ਅਤੇ ਰਿਸ਼ਵਤ ਰੂਪੀ ਕੋਹੜ ਭਾਵੇਂ ਪੂਰੀ ਤਰ੍ਹਾਂ ਖਤਮ ਨਾ ਹੋ ਸਕੇ ਪਰ ਘਟ ਜ਼ਰੂਰ ਜਾਵੇਗਾ।



*“ ਪ੍ਰਾਪਰਟੀ ਕਾਰੋਬਾਰੀਆਂ ਦੀ ਗੱਲ ਕਰੀਏ ਤਾਂ ਸਾਡੇ ਹਿਸਾਬ ਨਾਲ ਇਸ ਸਮੇਂ ਪ੍ਰਾਪਰਟੀ ਕਾਰੋਬਾਰ ਜਿੱਥੇ ਕਿਸ਼ੋਰ ਅਵਸਥਾ ਵਿੱਚ ਹੈ, ਉੱਥੇ ਹੀ ਇਸ ਵਿੱਚ ਬੇਹਿਸਾਬ ਧੋਖਾਧੜੀਆਂ ਹਨ। ਇਸ ਸਮੇਂ ਬਹੁਤ ਘੱਟ ਪ੍ਰਾਪਰਟੀ ਕਾਰੋਬਾਰੀ ਅਜਿਹੇ ਹਨ, ਜੋ ਰਿਹਾਇਸ਼ੀ ਜਾਂ ਕਮਰਸ਼ੀਅਲ ਥਾਂ ਵੇਚਣ ਸਮੇਂ ਆਪਣੇ ਵੱਲੋਂ ਕੀਤੇ ਵਾਅਦਿਆਂ ਉੱਤੇ ਖਰੇ ਉੱਤਰਦੇ ਹੋਣ। ਅਜੋਕੇ ਸਮੇਂ ਵਿੱਚ ਨਾਮਾਤਰ ਕਾਲੋਨੀਆਂ ਵਿੱਚ ਬੁਨਿਆਦੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਕਾਲੋਨੀਆਂ ਨਿੱਜੀ ਹੁੰਦੀਆਂ ਹਨ ਤੇ ਇਸ ਵਿੱਚ ਸੜਕਾਂ, ਲਾਈਟਾਂ ਤੇ ਸੀਵਰੇਜ ਸਰਕਾਰੀ ਪੁਆਈ ਜਾਂਦੀ ਹੈ। ਬਹੁਤ ਘੱਟ ਕਾਲੋਨੀਆਂ ਵਿੱਚ ਆਪਣੇ ਟਿਊਬਵੈੱਲ ਤੇ ਵੱਖਰੇ ਬਿਜਲੀ ਟਰਾਂਸਫਾਰਮਰ ਲਗਵਾਏ ਜਾਂਦੇ ਹਨ ਤੇ ਇਸ ਤਰ੍ਹਾਂ ਕਰ ਕੇ ਨਾ ਸਿਰਫ ਸਰਕਾਰੀ ਮਾਲੀਏ ਦਾ ਨੁਕਸਾਨ ਹੁੰਦਾ ਹੈ, ਸਗੋਂ ਪ੍ਰਾਪਰਟੀ ਗਾਹਕ ਵੀ ਚਿੱਟੇ ਦਿਨ ਲੁੱਟ ਲਏ ਜਾਂਦੇ ਹਨ। ”*

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258(ਸਰੀ)

Accounting Services Inc.
ICC ACCOUNTING SERVICES INC.






ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

1 ਜਨਵਰੀ 1993 : ਸ਼ਹੀਦੀ ਦਿਹਾੜਾ

# ਇੰਡੀਅਨ ਸਟੇਟ ਅਤੇ ਪੰਜਾਬ ਪੁਲਿਸ ਵੱਲੋਂ ਸਿੱਖ ਨੌਜਵਾਨੀ ਦੀ ਨਸਲਕੁਸ਼ੀ ਦਾ ਨੰਗਾ ਚਿੱਟਾ ਸੱਚ :

## ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਕੇ ਦੀ ਪੁਲਿਸ ਹਿਰਾਸਤ ਵਿੱਚ ਤਸੀਹੇ ਦੇ ਕੇ ਕੀਤੀ ਹੱਤਿਆ ਦਾ ਮਾਮਲਾ

ਵੈਨਕੂਵਰ (ਡਾ. ਗੁਰਵਿੰਦਰ ਸਿੰਘ): ਮਨੁੱਖੀ ਹੱਕਾਂ ਦੇ ਅਲੰਬਰਦਾਰ ਮਰਹੂਮ ਜਸਟਿਸ ਅਜੀਤ ਸਿੰਘ ਬੈਂਸ (ਰਿਟਾਇਰਡ) ਦੀ ਸੰਸਥਾ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਇਕ ਰਿਪੋਰਟ, ਜੋ ਕਿ ਪੰਜਾਬ ਦੇ ਸਾਬਕਾ ਐਡੀਸ਼ਨਲ ਡਿਪਟੀ ਜਨਰਲ ਪੁਲਿਸ ਸਿਕਿਉਰਟੀ ਬੀ ਪੀ ਤਿਵਾੜੀ ਆਈਪੀਐਸ ਵੱਲੋਂ ਤਿਆਰ ਕੀਤੀ ਗਈ ਸੀ, ਇਹ ਪਿਛਲੇ ਦਿਨੀਂ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਜਾਰੀ ਕੀਤੀ ਗਈ। ਜਿਸ ਤੋਂ ਖੁੱਲੇ ਤੌਰ 'ਤੇ ਸਪਸ਼ਟ ਹੋਇਆ ਹੈ ਕਿ ਪੰਜਾਬ ਪੁਲਿਸ ਅਤੇ ਇੰਡੀਅਨ ਸਟੇਟ ਵੱਲੋਂ ਸਿੱਖ ਨੌਜਵਾਨੀ ਦੀ ਨਸਲ ਕੁਸ਼ੀ ਕੀਤੀ ਗਈ। ਭਾਈ ਗੁਰਦੇਵ ਸਿੰਘ ਕਾਓਂਕੇ, ਜੋ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਨ, ਉਹਨਾਂ ਨੂੰ ਪਿੰਡ ਕਾਓਂਕੇ ਤੋਂ 25 ਦਸੰਬਰ 1992 ਨੂੰ 200 ਬੰਦਿਆਂ ਦੀ ਮੌਜੂਦਗੀ ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਉਹਨਾਂ ਦੀ ਗਵਾਹੀ ਇਤਿਹਾਸਿਕ ਹੈ।

ਪੰਜਾਬ ਦੇ ਉਸ ਵੇਲੇ ਦੇ ਦੁਸ਼ਟ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਅਗਵਾਈ ਅਤੇ ਬੁੱਚੜ ਪੁਲਿਸ ਅਧਿਕਾਰੀ ਕੇਪੀਐਸ ਗਿੱਲ ਦੀ ਰਹਿਨੁਮਾਈ ਹੇਠ ਜਿਸ ਤਰੀਕੇ ਨਾਲ ਸਿੱਖ ਨੌਜਵਾਨੀ ਦੀ ਨਸਲਕੁਸ਼ੀ ਹੋਈ, ਇਸ ਰਿਪੋਰਟ ਦੀ ਮਿਸਾਲ, ਇਸ ਦੀ ਗਵਾਹੀ ਭਰਦੀ ਹੈ। ਦੁਖਦਾਈ ਗੱਲ ਇਹ ਹੈ ਕਿ ਨੰਗੇ ਚਿੱਟੇ ਸੱਚ ਨੂੰ ਝੂਠਾ ਸਾਬਤ ਕਰਨ ਲਈ ਕਿਵੇਂ ਝੂਠੀਆਂ ਗਵਾਹੀਆਂ ਤਿਆਰ ਕੀਤੀਆਂ ਗਈਆਂ ਅਤੇ ਕਿਸ ਤਰੀਕੇ ਨਾਲ ਸੱਚਾਈ 'ਤੇ ਪਰਦਾ ਪਾਇਆ ਗਿਆ, ਉਹ ਆਪਣੇ ਆਪ ਵਿੱਚ ਦੁਖਾਂਤ ਹੈ।

ਰਿਪੋਰਟ ਵਿੱਚ ਇੱਕ ਅਹਿਮ ਘਟਨਾ ਇਹ ਵੀ ਹੈ ਕਿ ਭਾਈ ਗੁਰਦੇਵ ਸਿੰਘ ਕਾਓਂਕੇ ਨੂੰ ਬੁੱਚੜ ਸਵਰਨ ਸਿੰਘ ਐਸਐਸਪੀ ਜਗਰਾਉਂ ਨੇ ਹਿਰਾਸਤ ਵਿੱਚ ਰੱਖਿਆ ਸੀ, ਉੱਥੇ ਹੀ ਦੋ ਜਥੇਦਾਰਾਂ; ਭਾਈ ਤੇਜਪਾਲ ਸਿੰਘ ਗਰੇਵਾਲ ਪੁੱਤਰ ਰਸ਼ਪਾਲ ਸਿੰਘ ਅਤੇ ਜਥੇਦਾਰ ਸੂਰਜ ਸਿੰਘ ਪੁੱਤਰ ਕਾਲੜਾ ਸਿੰਘ ਨੇ ਬਿਆਨ ਵਿੱਚ ਦੱਸਿਆ ਕਿ ਜਦ ਭਾਈ ਗੁਰਦੇਵ ਸਿੰਘ ਜਗਰਾਓ ਪੁਲਿਸ ਵਲੋਂ ਫੜੇ ਹੋਏ ਸਨ, ਉਸ ਵੇਲੇ ਇਹਨਾਂ ਦੋਹੀ ਜਥੇਦਾਰਾਂ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲਬਾਤ ਕੀਤੀ, ਜੋ ਕਿ ਮਾਨ ਸਿੰਘ ਗਰਚਾ ਦੇ ਘਰੇ ਮੌਜੂਦ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਉਸ ਵੇਲੇ ਦੇ ਐਸਪੀ ਸਵਰਨ ਸਿੰਘ ਘੋਟਣਾ ਨਾਲ ਜਗਰਾਉਂ ਵਿੱਚ ਟੈਲੀਫੋਨ ਤੇ ਗੱਲਬਾਤ ਕੀਤੀ ਕਿ ਭਾਈ ਗੁਰਦੇਵ ਸਿੰਘ ਬਾਹਰਲਾ ਖਾਣਾ ਨਹੀਂ ਖਾਂਦੇ, ਇਹਨਾਂ ਨੂੰ ਘਰ ਦਾ ਖਾਣਾ ਅਤੇ ਕੱਪੜੇ ਦਿੱਤੇ ਜਾਣ। ਜਿਸ 'ਤੇ ਸਵਰਨ ਸਿੰਘ ਐਸਐਸਪੀ ਨੇ ਯਕੀਨ ਦਵਾਇਆ ਕਿ ਭਾਈ ਗੁਰਦੇਵ ਸਿੰਘ ਨੂੰ ਘਰ ਦਾ ਖਾਣਾ ਤੇ ਕੱਪੜੇ ਦਿੱਤੇ ਜਾਣਗੇ, ਕਿਉਂਕਿ ਭਾਈ ਗੁਰਦੇਵ ਸਿੰਘ ਨੂੰ ਅੱਤਵਾਦੀਆਂ (ਸਿੱਖ ਖਾੜਕੂਆਂ) ਦੀ ਪੁੱਛਗਿਛ ਲਈ ਜਗਰਾਉਂ ਪੁਲਿਸ ਨੇ ਬੁਲਾਇਆ ਸੀ। ਹੈਰਾਨੀ ਇਸ ਗੱਲ ਦੀ ਹੈ ਕਿ ਸਾਬਕਾ ਮੁੱਖ ਮੰਤਰੀ ਬਾਦਲ ਦਾ ਇਹ ਕਥਨ ਵੀ ਇਸ ਰਿਪੋਰਟ ਦੇ ਵਿੱਚ ਹਿੱਸਾ ਹੈ, ਜੋ ਦੋ ਜਥੇਦਾਰਾਂ ਦੇ ਹਵਾਲੇ ਦੇ ਨਾਲ ਸ਼ਾਮਿਲ ਹੈ।

ਕੀ ਸਾਬਕਾ ਮੁੱਖ ਮੰਤਰੀ ਬਾਦਲ ਨੂੰ ਭਾਈ ਗੁਰਦੇਵ ਸਿੰਘ ਕਾਓਂਕੇ ਦੀ ਗੈਰ ਕਾਨੂੰਨੀ ਹਿਰਾਸਤ ਦਾ ਇਲਮ ਸੀ? ਕੀ ਉਨਾਂ ਨੇ ਸੱਚ ਮੁੱਚ ਬੁੱਚੜ ਐਸਐਸਪੀ ਸਵਰਨ ਘੋਟਣੇ ਨਾਲ ਗੱਲਬਾਤ ਕੀਤੀ? ਕੀ ਉਹਨਾਂ ਅਕਾਲੀ ਦਲ ਦੀ ਅਗਵਾਈ ਵਿੱਚ ਭਾਈ ਗੁਰਦੇਵ ਸਿੰਘ ਕਾਓਂਕੇ ਦੀ ਰਿਹਾਈ ਵਾਸਤੇ ਵੱਡੇ ਪੱਧਰ ਤੇ ਕਾਰਜ ਕੀਤਾ? ਕੀ ਉਹ ਹਾਈ ਕੋਰਟ ਵਿੱਚ ਇਸ ਗੱਲ ਦੇ ਲਈ ਗਵਾਹ ਬਣੇ? ਇਹ ਸਾਰੇ ਗੰਭੀਰ ਸਵਾਲ ਘੋਖਣ ਯੋਗ ਹਨ। ਇਸ ਮਾਮਲੇ ਤੋਂ ਇਲਾਵਾ ਹੋਰ ਬਹੁਤ ਸਾਰੇ ਅਹਿਮ ਇੰਕਸ਼ਾਫ਼ ਵੀ ਇਸ ਰਿਪੋਰਟ ਵਿੱਚ ਝਲਕਦੇ ਹਨ। ਇਹ ਰਿਪੋਰਟ ਗਿਆਨੀ ਰਘਬੀਰ ਸਿੰਘ, ਜਥੇਦਾਰ ਅਕਾਲ ਤਖਤ ਨੂੰ, ਮਨੁੱਖੀ ਅਧਿਕਾਰ ਸੰਗਠਨ ਸੰਸਥਾ ਦੇ ਕਹਿਣ ਅਨੁਸਾਰ, ਸਭ ਤੋਂ ਪਹਿਲਾਂ ਸੌਂਪੀ ਗਈ ਸੀ, ਪਰ ਉਹਨਾਂ ਨੇ ਜਾਰੀ ਨਹੀਂ ਕੀਤੀ। ਜਥੇਦਾਰ ਭਾਈ ਰਘਵੀਰ ਸਿੰਘ ਦਾ ਬਿਆਨ ਵੀ ਕਾਫੀ ਪਛੜ ਕੇ ਆ ਚੁੱਕਿਆ ਹੈ, ਪਰ ਇਸ ਤੋਂ ਪਹਿਲਾਂ ਹੀ ਇਹ ਰਿਪੋਰਟ ਜਸਟਿਸ ਅਜੀਤ ਸਿੰਘ ਬੈਂਸ (ਰਿਟਾਇਰਡ ਜਸਟਿਸ) ਦੀ ਸੰਸਥਾ ਮਨੁੱਖੀ ਅਧਿਕਾਰ ਸੰਗਠਨ ਸੰਸਥਾ ਵੱਲੋਂ ਜਾਰੀ ਕਰ ਦਿੱਤੀ ਗਈ ਹੈ। ਇਹ ਰਿਪੋਰਟ ਹੂਬਹੂ ਪੰਜਾਬੀ ਟਰਬਿਊਨ ਸਰੀ ਦੇ ਪਾਠਕਾਂ ਲਈ ਧੰਨਵਾਦ ਸਹਿਤ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

**ਭਾਈ ਗੁਰਦੇਵ ਸਿੰਘ ਕਾਉਂਕੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਨੂੰ ਜਗਰਾਓ ਪੁਲਿਸ ਵੱਲੋਂ ਘਰੋਂ ਚੁੱਕ ਕੇ ਮਾਰਨ ਸਬੰਧੀ ਸ੍ਰੀ ਬੀ.ਪੀ. ਤਿਵਾੜੀ ਆਈ.ਪੀ.ਐਸ. ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਸਕਿਉਰਟੀ, ਪੰਜਾਬ, ਚੰਡੀਗੜ੍ਹ ਵੱਲੋਂ ਕੀਤੀ ਇੰਨਕੁਆਰੀ ਦੀ ਇੰਨਕੁਆਰੀ ਰਿਪੋਰਟ ਦੀ ਕਾਪੀ ਜੋ ਜਸਟਿਸ ਅਜੀਤ ਸਿੰਘ ਬੈਂਸ (ਰਟਾ.) ਦੀ ਸੰਸਥਾ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਅੱਜ ਜਾਰੀ ਕੀਤੀ।**

### ਰਿਪੋਰਟ

**ਵਿਸ਼ਾ:-ਭਾਈ ਗੁਰਦੇਵ ਸਿੰਘ ਕਾਉਂਕੇ ਸਾਬਕਾ ਸਾਈਮ ਮੁਕਾਮ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਪੁਲਿਸ ਹਿਰਾਸਤ ਵਿੱਚ ਹੋਈ ਮੌਤ ਸਬੰਧੀ।**

ਹਵਾਲਾ ਆਪ ਜੀ ਦੇ ਦਫਤਰ ਤੇ ਨੰਬਰ 265/ਪੀਐਸ/ਡੀਜੀਪੀ/ਪੰਜਾਬ-98 (ਆਰ) ਮਿਤੀ 7/6/98 ਦੇਸ ਸਬੰਧ ਵਿੱਚ ਉ. ਸੰਖੇਪ ਵਿੱਚ ਦੋਸ਼ ਇਹ ਹੈ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਸਾਬਕਾ ਸਾਈਮ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਗੈਰ ਕਾਨੂੰਨੀ ਤੌਰ ਤੇ ਮਿਤੀ 25/12/92 ਨੂੰ ਉਸ ਦੇ ਪਿੰਡੋਂ ਗ੍ਰਿਫਤਾਰ ਕੀਤਾ ਗਿਆ। ਮਿਤੀ 25/12/92 ਤੋਂ 1/1/93 ਤੱਕ ਗੈਰ ਕਾਨੂੰਨੀ ਢੰਗ ਨਾਲ ਪੁਲਿਸ ਹਿਰਾਸਤ ਵਿੱਚ ਰੱਖ ਕੇ ਤਸੀਹੇ ਦੇ ਕੇ ਮਾਰ ਦਿੱਤਾ ਗਿਆ।

ਮਾਨਯੋਗ ਮੁੱਖ ਮੰਤਰੀ ਜੀ ਪੰਜਾਬ ਨੇ ਮਿਤੀ 6/6/98 ਨੂੰ ਇਹ ਇੰਨਕੁਆਰੀ 3 ਮਹੀਨੇ ਵਿੱਚ ਪੂਰੀ ਕਰਨ ਦਾ ਹੁਕਮ ਦਿੱਤਾ ਸੀ ਜਦੋਂ ਕਿ ਮੈਂ ਏ.ਡੀ.ਜੀ.ਪੀ. ਟ੍ਰੇਨਿੰਗ ਲੱਗਾ ਹੋਇਆ ਸੀ ਅਤੇ ਪ੍ਰਸਨਲ ਸਟਾਫ ਦੀ ਬਹੁਤ ਘਾਟ ਸੀ, ਸਿਰਫ ਸ੍ਰੀ ਹਰਤੇਜ ਸਿੰਘ ਸੇਖੋਂ ਹੁਣ ਐਸ.ਪੀ.ਡੀ. ਖੰਨਾ ਨੂੰ ਮੇਰੇ ਨਾਲ ਸਹਿਯੋਗ ਦੇਣ ਲਈ ਮੁਕੱਰਰ ਕੀਤਾ ਗਿਆ ਸੀ। ਮਿਤੀ 30/7/98 ਨੂੰ ਮੈਂ ਪਿੰਡ ਕਾਉਂਕੇ ਕਲਾਂ ਪੁਲਿਸ ਜ਼ਿਲ੍ਹਾ ਜਗਰਾਓ, ਸੀ.ਆਈ.ਏ ਸਟਾਫ ਅਤੇ ਪਿੰਡ ਕੰਨੀਆਂ ਜਿਥੋਂ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਕਲਾਂ ਪੁਲਿਸ ਅਤੇ ਅੱਤਵਾਦੀਆਂ ਦੇ ਮੁਕਾਬਲੇ ਵਿਚੋਂ ਭੱਜਣ ਵਿਚ ਸਫਲ ਹੋਇਆ ਸੀ।

ਭਾਈ ਗੁਰਦੇਵ ਸਿੰਘ ਜਥੇਦਾਰ ਕਾਉਂਕੇ ਕਲਾ ਦੇ ਸਬੰਧ ਵਿੱਚ ਮੈਨੂੰ ਜੋ ਇੰਨਕੁਆਰੀ ਹਾਸਿਲ ਹੋਈ ਸੀ ਇਸਦੀ ਇੰਨਕੁਆਰੀ ਮੈਂ 20/7/98 ਨੂੰ ਪਿੰਡ ਕਾਉਂਕੇ ਕਲਾਂ ਜਾ ਕੇ ਗਵਾਹਾਂ ਦੇ ਬਿਆਨ ਕਲਮਬੰਦ ਕੀਤੇ ਅਤੇ ਥਾਣਾ ਜਗਰਾਓ ਸੀ.ਆਈ.ਏ ਸਟਾਫ ਅਤੇ ਪਿੰਡ ਕੰਨੀਆਂ ਦੀ ਉਹ ਜਗ੍ਹਾ ਜਿੱਥੇ ਕਿ ਗੁਰਦੇਵ ਸਿੰਘ ਕਾਉਂਕੇ ਪੁਲਿਸ ਹਿਰਾਸਤ ਵਿੱਚੋਂ ਭੱਜਣਾ ਦੱਸਿਆ ਜਾਂਦਾ ਹੈ ਦਾ ਮੌਕਾ ਮੁਲਾਜ਼ਾ ਕੀਤਾ ਤਾਂ।

ਇਸ ਇਨਕੁਆਰੀ ਦੇ ਵਿੱਚ ਦਰਸ਼ਨ ਸਿੰਘ ਸਾਬਕਾ ਸਿਪਾਹੀ ਪੰਜਾਬ ਪੁੱਤਰ ਭਜਨ ਸਿੰਘ ਜਾਤ ਨਾਈ ਵਾਸੀ ਹਠੂਰ ਥਾਣਾ ਜਗਰਾਓ ਦਾ ਬਿਆਨ ਲਿਖਿਆ ਗਿਆ। ਦਰਸ਼ਨ ਸਿੰਘ ਨੇ ਆਪਣੇ ਬਿਆਨ ਜੋ ਹਿਊਮਨ ਰਾਈਟਸ ਪਾਸ ਦਿੱਤਾ ਸੀ, ਉਸ ਵਿਚ ਉਸ ਨੇ ਕਿਹਾ ਸੀ ਕਿ ਗੁਰਦੇਵ ਸਿੰਘ ਕਾਉਂਕੇ ਨੂੰ ਮਿਤੀ 20/12/92 ਨੂੰ ਜਗਰਾਓ ਦੀ ਪੁਲਿਸ ਪਿੰਡ ਕਾਉਂਕੇ ਤੋਂ ਲੈ ਗਈ ਸੀ। ਦਰਸ਼ਨ ਸਿੰਘ ਨੇ ਇਹ ਵੀ ਜ਼ਾਹਿਰ ਕੀਤਾ ਕਿ ਮੈਂ ਹਰ ਰੋਜ਼ ਦੀ ਤਰ੍ਹਾਂ ਸੀ.ਆਈ.ਏ ਸਟਾਫ ਵਿੱਚ ਭੁੱਕੀ ਪੋਸਤ ਲੈਣ ਜਾਂਦਾ ਸੀ। ਇਸ ਕਰਕੇ ਦਰਸ਼ਨ ਸਿੰਘ ਦੇ ਖਿਲਾਫ ਭੁੱਕੀ ਲਿਆਉਣ ਬਾਰੇ ਐਨ.ਡੀ.ਪੀ. ਐਕਟ ਥੱਲੇ ਕਾਰਵਾਈ ਹੋਣੀ ਚਾਹੀਦੀ ਸੀ ਪਰ ਹੁਣ ਦਰਸ਼ਨ ਸਿੰਘ ਆਪਣੇ ਇਕਬਾਲੀਆ ਬਿਆਨ ਤੋਂ ਮੁੱਕਰ ਗਿਆ ਹੈ ਅਤੇ ਹੁਣ ਦਰਸ਼ਨ ਸਿੰਘ ਪਾਸੋਂ ਭੁੱਕੀ ਪੋਸਤ ਬਰਾਮਦ ਨਹੀਂ ਹੋ ਸਕਦੀ। ਇਸ ਕਰਕੇ ਦਰਸ਼ਨ ਸਿੰਘ ਦੇ ਖਿਲਾਫ ਐਨ.ਡੀ.ਪੀ. ਐਕਟ ਥੱਲੇ ਕਾਰਵਾਈ ਨਹੀਂ ਕੀਤੀ ਜਾ ਸਕਦੀ। ਦਰਸ਼ਨ ਸਿੰਘ ਮਿਤੀ 11/11/92 ਨੂੰ ਪੁਲਿਸ ਲਾਈਨ ਬਦਲੀ ਤੇ ਜਾ ਚੁੱਕਾ ਸੀ ਜੋ ਪਹਿਲਾਂ ਸਿਟੀ ਜਗਰਾਓ ਵਿਚ ਲੱਗਿਆ ਹੋਇਆ ਸੀ। ਦਰਸ਼ਨ ਸਿੰਘ ਨੇ ਜੋ ਬਿਆਨ ਪਹਿਲਾਂ ਹਿਊਮਨ ਰਾਈਟਸ ਪਾਸ ਲਿਖਾਇਆ ਸੀ। ਉਸ ਬਿਆਨ ਨੂੰ ਬਦਲ ਕੇ ਮੇਰੇ ਪਾਸ ਮਿਤੀ 10/7/98 ਨੂੰ ਇੰਨਕੁਆਰੀ ਦੇ ਸਮੇਂ ਹੋਰ ਬਿਆਨ ਲਿਖਾਇਆ, ਜੋ ਮੇਲ ਨਹੀਂ ਖਾਂਦਾ ਅਤੇ ਇਹ ਵੀ ਲਿਖਾਇਆ ਕਿ ਦਰਸ਼ਨ ਸਿੰਘ ਦੇ ਬਿਆਨ ਦਾ ਬਾਰ ਬਾਰ ਬਦਲਣ ਕਾਰਨ ਉਸ ਉਪਰ ਯਕੀਨ ਨਹੀਂ ਕੀਤਾ ਜਾ ਸਕਦਾ ਕਿ ਕਿਹੜਾ ਬਿਆਨ ਸੱਚਾ ਹੈ

2. ਗੁਰਮੇਲ ਕੌਰ ਪਤਨੀ ਸਵ: ਸ੍ਰ. ਗੁਰਦੇਵ ਸਿੰਘ ਕਾਉਂਕੇ ਨੇ ਆਪਣੇ ਬਿਆਨ ਵਿੱਚ ਤਹਿਰੀਰ ਕਰਵਾਇਆ ਕਿ 25/12/92 ਨੂੰ ਭਾਈ ਗੁਰਦੇਵ ਸਿੰਘ ਕਾਉਂਕੇ ਕਲਾਂ ਨੂੰ ਗੁਰਮੀਤ ਸਿੰਘ ਇੰਸਪੈਕਟਰ ਐਸ.ਐਚ.ਓ ਜਗਰਾਓ ਸਮੇਤ ਪਾਰਟੀ ਨੇ ਆਪਣੀ ਜਿਪਸੀ ਵਿੱਚ ਪਿੰਡ ਕਾਉਂਕੇ ਤੋਂ ਬਿਠਾ ਕੇ ਲੈ ਗਏ ਸਨ। ਉਸ ਸਮੇਂ ਮੇਰੇ ਲੜਕੇ ਰਾਮ ਸਿੰਘ, ਹਰੀ ਸਿੰਘ ਹਾਜ਼ਰ ਸਨ. ਜਦੋਂ ਗੁਰਦੇਵ ਸਿੰਘ ਨੂੰ ਗੁਰਮੀਤ ਸਿੰਘ ਇੰਸਪੈਕਟਰ ਜੀਪ ਵਿੱਚ ਬਿਠਾ ਰਿਹਾ ਸੀ। ਉਸ ਵਕਤ ਕਰੀਬ ਪਿੰਡ ਦੇ 200 ਆਦਮੀ ਹਾਜ਼ਰ ਸਨ। ਇਨ੍ਹਾਂ ਬਾਰੇ 40 ਵਿਅਕਤੀਆਂ ਨੇ ਬਿਆਨ ਤਹਿਰੀਰ ਕਰਵਾਏ ਹਨ। ਉਸ ਤੋਂ ਬਾਅਦ ਗੁਰਮੇਲ ਕੌਰ ਆਪਣੇ ਬੇਟੇ ਹਰੀ ਸਿੰਘ, ਰਾਮ ਸਿੰਘ ਅਤੇ ਪਿੰਡ ਦੇ ਹੋਰ ਆਦਮੀਆਂ ਨਾਲ ਥਾਣਾ ਜਗਰਾਓ ਸੀ.ਆਈ.ਏ ਸਟਾਫ ਜਗਰਾਓ ਖਾਣਾ ਅਤੇ ਕੱਪੜੇ ਦੇਣ ਲਈ ਆਉਂਦੀ ਰਹਿੰਦੀ ਸੀ। ਮਿਤੀ 20/12/1992 ਨੂੰ ਜਗਰਾਓ ਪੁਲਿਸ ਭਾਈ ਗੁਰਦੇਵ ਸਿੰਘ ਨੂੰ ਉਸ ਦੇ ਘਰੋਂ ਲੈ ਆਈ ਸੀ, ਉਸ ਦਿਨ ਭਾਈ ਗੁਰਦੇਵ ਸਿੰਘ ਦਾ ਦੋਹਤਾ ਜੋ 7 ਦਿਨ ਦਾ ਸੀ. ਦੀ ਮੌਤ ਹੋ ਗਈ ਸੀ, ਜਦੋਂ ਜਥੇਦਾਰ ਗੁਰਦੇਵ ਸਿੰਘ ਨੂੰ ਪੁਲਿਸ ਥਾਣੇ ਲੈ ਆਂਦਾ ਤਾਂ ਪਿੰਡ ਦੇ ਲੋਕਾਂ ਦੇ ਕਹਿਣ ਪਰ ਕਿ ਗੁਰਦੇਵ ਸਿੰਘ ਕਾਉਂਕੇ ਦਾ ਦੋਹਤਾ ਮਰ ਗਿਆ ਹੈ। ਇਸ ਦਾ ਸੰਸਕਾਰ ਕਰਨਾ ਹੈ, ਛੱਡਾ ਦਿੱਤਾ ਜਾਵੇ। ਪਿੰਡ ਦੇ ਲੋਕਾਂ ਦੇ ਕਹਿਣ ਤੇ ਗੁਰਦੇਵ ਸਿੰਘ ਨੂੰ ਛੱਡ ਦਿੱਤਾ। ਮਿਤੀ 26/12/92 ਨੂੰ ਗੁਰਮੇਲ ਕੌਰ ਖਾਣਾ ਤਿਆਰ ਕਰਕੇ ਇਕ ਮਾਈ ਦੇ ਨਾਲ ਖਾਣਾ ਲੈ ਕੇ ਗਈ ਸੀ, ਉਸ ਮਾਈ ਨੇ ਖਾਣਾ ਅੰਦਰ ਜਾ ਕੇ ਭਾਈ ਗੁਰਦੇਵ ਸਿੰਘ ਨੂੰ ਥਾਣੇ ਵਿੱਚ ਇਕੱਲੀ ਨੇ ਦੇ ਦਿੱਤਾ। ਗੁਰਮੇਲ ਕੌਰ ਨੂੰ ਪੁਲਿਸ ਵਾਲਿਆਂ ਨੇ ਅੰਦਰ ਨਹੀਂ ਜਾਣ ਦਿੱਤਾ। ਮਾਈ ਨੇ ਗੁਰਮੇਲ ਕੌਰ ਨੂੰ ਬਾਹਰ ਆ ਕੇ ਦੱਸਿਆ ਕਿ ਮੈਂ ਥਾਣੇ ਅੰਦਰ ਭਾਈ ਗੁਰਦੇਵ ਸਿੰਘ ਨੂੰ ਖਾਣਾ ਦੇ ਕੇ ਆਈ ਹਾਂ। ਜਿਸ ਦੀ ਹਾਲਤ ਮਾੜੀ ਹੈ। ਗੁਰਮੇਲ ਕੌਰ ਸਮੇਤ ਆਪਣੇ ਬੇਟੇ ਹਰੀ ਸਿੰਘ, ਰਾਮ ਸਿੰਘ ਪਿੰਡ ਦੇ ਹੋਰ ਪੁਰਸ਼ਾਂ ਨਾਲ ਭਾਈ ਗੁਰਦੇਵ ਸਿੰਘ ਨੂੰ ਥਾਣਾ/ਸੀ.ਆਈ.ਏ ਜਗਰਾਓ ਖਾਣਾ ਅਤੇ ਕੱਪੜੇ ਦੇਣ ਜਾਂਦੀ ਸੀ।

ਮਹਿੰਦਰ ਸਿੰਘ ਪੁੱਤਰ ਗੁਲਜ਼ਾਰਾ ਸਿੰਘ ਪੱਤੀ ਕਾ ਦਾ ਕਾਉਂਕੇ ਨੇ ਆਪਣੇ ਬਿਆਨ ਦਿੱਤੇ ਤਹਿਰੀਰ ਕਰਵਾਇਆ ਹੈ ਕਿ ਮਿਤੀ 25/12/92 ਨੂੰ ਗੁਰਮੀਤ ਸਿੰਘ ਇੰਸਪੈਕਟਰ ਐਸ.ਐਚ.ਓ ਜਗਰਾਓ ਸਮੇਤ ਪਾਰਟੀ ਗੁਰਦਆਰੇ ਕਾਉਂਕੇ ਕਲਾਂ ਆਇਆ, ਗੁਰਦੁਆਰੇ ਨੂੰ ਘੇਰਾ ਪਾ ਲਿਆ। ਗੁਰਦੁਆਰੇ ਅੰਦਰ ਭਾਈ ਗੁਰਦੇਵ ਸਿੰਘ ਕਥਾ ਕਰ ਰਿਹਾ ਸੀ। ਗੁਰਦੁਆਰੇ ਦੇ ਅੰਦਰੋਂ ਗੁਰਦੇਵ ਸਿੰਘ ਨੂੰ ਬਾਹਰ ਬੁਲਾ ਲਿਆ ਅਤੇ ਨਾਲ ਚੱਲਣ ਲਈ ਕਿਹਾ। ਭਾਈ ਗੁਰਦੇਵ ਸਿੰਘ ਨੇ ਕਿਹਾ ਪਹਿਲਾਂ ਘਰ ਜਾਣਾ ਹੈ, ਗੁਰਦੁਆਰੇ ਵਿਚੋਂ ਭਾਈ ਗੁਰਦੇਵ ਸਿੰਘ ਸਮੇਤ 200 ਬੰਦਿਆ ਦੇ ਨਾਲ ਘਰ ਆ ਗਿਆ ਅਤੇ ਉਸ ਦੇ ਘਰ ਸਾਰੀ ਸੰਗਤ ਤੇ ਸਾਹਮਣੇ ਅਤੇ ਘਰਦਿਆਂ ਦੇ ਸਾਹਮਣੇ ਗੁਰਮੀਤ ਸਿੰਘ ਇੰਸਪੈਕਟਰ ਜਿਪਸੀ ਵਿੱਚ ਸਮੇਤ ਪੁਲਿਸ ਪਾਰਟੀ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਬਿਠਾ ਕੇ ਲੈ ਗਿਆ। ਇਸ ਬਾਰੇ ਕਰੀਬ 40 ਬੰਦਿਆਂ ਦਾ ਸਾਂਝਾ ਵੀ ਲਿਖਿਆ ਹੈ। ਇਸ ਤਰ੍ਹਾਂ 200 ਬੰਦਿਆਂ ਦੇ ਸਾਹਮਣੇ ਪੁਲਿਸ ਭਾਈ ਗੁਰਦੇਵ ਸਿੰਘ ਨੂੰ ਲੈ ਗਈ ਜਿਸ ਨੂੰ ਝੂਠਾ ਨਹੀਂ ਆਖਿਆ ਜਾ ਸਕਦਾ।

ਹਰਚੰਦ ਸਿੰਘ ਪੁੱਤਰ ਨਰੰਜਣ ਸਿੰਘ ਦਰਜੀ ਵਾਸੀ ਚੂਹੜਚੱਕ ਨੇ ਦੱਸਿਆ ਹੈ ਕਿ ਸਵੇਰੇ 6 ਵਜੇ ਹਰਭਗਵਾਨ ਸਿੰਘ ਡੀ.ਐਸ.ਪੀ ਜਗਰਾਓ ਉਸ ਨੂੰ ਪਿੰਡ ਚੂਹੜਚੱਕ ਤੋਂ ਚੁੱਕ ਕੇ ਸੀ.ਆਈ.ਏ ਸਟਾਫ ਲੈ ਆਇਆ ਸੀ। ਜਿੱਥੇ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਕਲਾਂ ਸੀ.ਆਈ.ਏ ਵਿੱਚ ਹਾਜ਼ਿਰ ਸੀ। ਉਸ ਦੇ ਸਾਹਮਣੇ ਉਸ ਦੀ ਅਤੇ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਤਫਤੀਸ਼ ਹੁੰਦੀ ਰਹੀ। ਉਸ ਦੀ ਤਫਤੀਸ਼ ਦੌਰਾਨ ਮਾਰਕੁੱਟ ਸਵਰਨ ਸਿੰਘ ਐਸ.ਐਸ.ਪੀ ਕਮਲਜੀਤ ਸਿੰਘ ਡੀ.ਐਸ.ਪੀ. ਹਰਭਗਵਾਨ ਸਿੰਘ ਡੀ.ਐਸ.ਪੀ. ਏ.ਐਸ.ਆਈ ਚੰਨਣ ਸਿੰਘ ਕਰਦੇ ਹੁੰਦੇ ਸੀ। ਪਿੰਡ ਦੇ ਲੋਕਾਂ ਦੇ ਜ਼ੋਰ ਪਾਉਣ ਪਰ ਮਿਤੀ 6/1/93 ਨੂੰ ਹਰਚੰਦ ਸਿੰਘ ਨੂੰ ਛੱਡ ਦਿੱਤਾ ਗਿਆ।

ਹਰੀ ਸਿੰਘ ਪੁੱਤਰ ਭਾਈ ਗੁਰਦੇਵ ਸਿੰਘ ਕਾਉਂਕੇ ਕਲਾਂ ਨੇ ਆਪਣੇ ਭਾਈ ਰਾਮ ਸਿੰਘ ਸਮੇਤ ਆਪਣੇ ਬਿਆਨ ਤਹਿਰੀਰ ਕਰਾਏ ਅਤੇ ਮਿਤੀ 25/12/92 ਨੂੰ ਉਨ੍ਹਾਂ ਨੇ ਪਿਤਾ ਭਾਈ ਗੁਰਦੇਵ ਸਿੰਘ ਨੂੰ 200 ਬੰਦਿਆਂ ਦੇ ਸਾਹਮਣੇ ਗੁਰਮੀਤ ਸਿੰਘ ਇੰਸਪੈਕਟਰ ਆਪਣੀ ਜਿਪਸੀ ਵਿੱਚ ਸਮੇਤ ਪੁਲਿਸ ਪਾਰਟੀ ਬਿਠਾ ਕੇ ਲੈ ਗਿਆ।

ਰਣਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਜੱਟ ਵਾਸੀ ਕਾਉਂਕੇ ਨੇ ਦੱਸਿਆ ਕਿ ਥਾਣੇਦਾਰ ਹਰਬੰਸ ਸਿੰਘ ਉਸਨੂੰ ਪਿੰਡ ਕਾਉਂਕੇ ਤੋਂ ਫੜ ਕੇ ਥਾਣਾ ਜਗਰਾਓ ਲੈ ਗਿਆ ਸੀ। ਜਿੱਥੇ ਭਾਈ ਗੁਰਦੇਵ ਸਿੰਘ ਪਹਿਲਾਂ ਹਾਜ਼ਰ ਸੀ। ਜਿਸ ਨੇ ਆਪਣੇ ਬਿਆਨ ਵਿੱਚ ਜ਼ਾਹਿਰ ਕੀਤਾ ਹੈ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਜਗਰਾਓ ਨੇ ਕਾਫੀ ਕੁੱਟਿਆ ਮਾਰਿਆ ਹੈ, ਪਿੰਡ ਦੇ ਲੋਕਾਂ ਦੇ ਕਹਿਣ ਪਰ ਰਣਜੀਤ ਸਿੰਘ ਨੂੰ ਪੁਲਿਸ ਨੇ ਮਿਤੀ 9/1/93 ਨੂੰ ਰਿਹਾਅ ਕਰ ਦਿੱਤਾ। ਜੋ ਇਹ ਸਚਾਈ ਜ਼ਾਹਿਰ ਕਰਦਾ ਹੈ। ਤੇਜਵੰਤ ਸਿੰਘ ਗਰੇਵਾਲ ਪੁੱਤਰ ਰਛਪਾਲ ਸਿੰਘ ਅਤੇ ਜਥੇਦਾਰ ਸੂਰਜ ਸਿੰਘ ਪੁੱਤਰ ਕਾਲੜਾ ਸਿੰਘ ਨੇ ਆਪਣੇ ਬਿਆਨ ਵਿੱਚ ਦੱਸਿਆ ਹੈ ਕਿ ਜਦ ਭਾਈ ਗੁਰਦੇਵ ਸਿੰਘ ਜਗਰਾਓ ਪੁਲਿਸ ਨੇ ਫੜਿਆ ਸੀ ਤਾਂ ਉਸ ਵਕਤ ਇਨ੍ਹਾਂ ਦੋਨਾਂ ਜਥੇਦਾਰਾਂ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲਬਾਤ ਕੀਤੀ ਸੀ। ਜੋ ਕਿ ਮਾਨ ਸਿੰਘ ਗਰੜਾ ਦੇ ਘਰ ਹਾਜ਼ਿਰ ਸੀ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਉਸ ਵੇਲ੍ਹੇ ਦੇ ਐਸ.ਪੀ. ਸ੍ਰ. ਸਵਰਨ ਸਿੰਘ ਨਾਲ ਜਗਰਾਓ ਵਿਖੇ ਟੈਲੀਫੋਨ ਪਰ ਗੱਲਬਾਤ ਕੀਤੀ ਕਿ ਭਾਈ ਗੁਰਦੇਵ ਸਿੰਘ ਬਾਹਰਲਾ ਖਾਣਾ ਨਹੀਂ ਖਾਂਦੇ ਅਤੇ ਇਹਨਾਂ ਨੂੰ ਘਰ ਦਾ ਖਾਣਾ ਅਤੇ ਕੱਪੜੇ ਬਦਲਣ ਲਈ ਦਿੱਤੇ ਜਾਣ। ਜਿਸ ਪਰ ਸਵਰਨ ਸਿੰਘ ਐਸ.ਐਸ.ਪੀ ਨੇ ਇਹ ਯਕੀਨ ਦਿਵਾਇਆ ਕਿ ਭਾਈ ਗੁਰਦੇਵ ਸਿੰਘ ਨੂੰ ਘਰ ਦਾ ਖਾਣਾ ਅਤੇ ਕੱਪੜੇ ਦਿੱਤੇ ਜਾਣਗੇ ਕਿਉਂਕਿ ਭਾਈ ਗੁਰਦੇਵ ਸਿੰਘ ਨੂੰ ਅੱਤਵਾਦੀਆਂ ਦੀ ਪੁੱਛਗਿੱਛ ਲਈ ਜਗਰਾਓ ਪੁਲਿਸ ਨੇ ਬੁਲਾਇਆ ਹੈ।

ਗੁਰਮੀਤ ਸਿੰਘ ਇੰਸਪੈਕਟਰ ਦੇ ਬਿਆਨ ਮੁਤਾਬਿਕ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਮਿਤੀ 2/1/93 ਨੂੰ ਮੁਕੱਦਮਾ ਨੰਬਰ 181/92 ਜੇਰ ਧਾਰਾ 302/34 ਭਾਵ ਥਾਣਾ ਜਗਰਾਓ ਵਿਖੇ ਸਵੇਰੇ 10.30 ਵਜੇ ਗ੍ਰਿਫਤਾਰ ਕੀਤਾ ਸੀ। ਗੁਰਦੇਵ ਸਿੰਘ ਦੀ ਹੱਥਕੜੀ ਦਾ ਕੁੰਡੇ ਤਰਸੇਮ ਸਿੰਘ ਸਿਪਾਹੀ 262/ਜਗਰਾਓ ਦੀ ਬੈਲਟ ਵਿੱਚ ਪਾ ਦਿੱਤਾ ਸੀ। ਬੈਲਟ ਪ੍ਰਾਈਵੇਟ ਸੀ। ਤਰਸੇਮ ਸਿੰਘ ਸਿਪਾਹੀ 262 ਅਤੇ ਗੁਲਜ਼ਾਰ ਸਿੰਘ ਥਾਣੇਦਾਰ 383/ਪੀ.ਆਰ ਜਗੀਰ ਸਿੰਘ ਥਾਣੇਦਾਰ 1375/ਜਗਰਾਓ ਦੇ ਬਿਆਨ ਵਿੱਚ ਆਇਆ ਹੈ ਕਿ ਤਰਸੇਮ ਸਿੰਘ ਨੇ ਪ੍ਰਾਈਵੇਟ ਬੈਲਟ ਲਾਈ ਹੋਈ ਸੀ। ਗੁਰਮੀਤ ਸਿੰਘ ਇੰਸਪੈਕਟਰ ਦੇ ਬਿਆਨ ਵਿੱਚ ਵੀ ਬੈਲਟ ਪ੍ਰਾਈਵੇਟ ਦੱਸੀ ਹੈ। ਗੁਰਤੇਜ ਸਿੰਘ ਨੰਬਰ 628/ਜਗਰਾਓ ਤਾਇਨਾਤ ਵਰਦੀ ਸੁਨਾਮ ਨੇ ਬਿਆਨ ਵਿੱਚ ਜ਼ਾਹਿਰ ਕੀਤਾ ਹੈ ਕਿ ਸਿਪਾਹੀ ਤਰਸੇਮ ਸਿੰਘ ਨੰਬਰ 262 ਨੇ ਉਸ ਵਕਤ ਸਰਕਾਰੀ ਬੈਲਟ ਲਗਾਈ ਹੋਈ ਸੀ ਕਿਉਂਕਿ ਤਰਸੇਮ ਸਿੰਘ 262 ਨੇ ਜਦ ਨਵੀਂ ਬੈਲਟ ਲਈ ਅਰਜ਼ੀ ਜਾਰੀ ਕਰਵਾਈ ਤਾਂ ਉਸ ਵਕਤ ਆਪਣੀ ਲਿਖਤੀ ਦਰਖਾਸਤ ਵਿੱਚ ਲਿਖਿਆ

ਪਿਛਲੇ ਸਫ਼ੇ ਦਾ ਬਾਕੀ

ਕਿ ਜਦੋਂ ਗੁਰਦੇਵ ਸਿੰਘ ਕਾਉਂਕੇ ਪੁਲਿਸ ਹਿਰਾਸਤ ਕੰਨੀਆਂ ਤੋਂ ਭੱਜਿਆ ਤਾ ਉਸ ਦੀ ਸਰਕਾਰੀ ਬੈਲਟ ਟੁੱਟ ਗਈ। ਮੁੱਖ ਮੁਨਸ਼ੀ ਅਮਰਜੀਤ ਸਿੰਘ 157 ਥਾਣਾ ਸਿਧਵਾਂ ਬੇਟ ਨੇ ਆਪਣੇ ਵਿੱਚ ਤਹਿਰੀਰ ਕਰਵਾਇਆ ਕਿ ਜੋ ਬੈਲਟ ਤਰਸੇਮ ਸਿੰਘ ਦੀ ਗੁਰਦੇਵ ਸਿੰਘ ਕਾਉਂਕੇ ਕਲਾਂ ਦੇ ਪੁਲਿਸ ਹਿਰਾਸਤ ਵਿੱਚ ਭੱਜਣ ਵਕਤ ਟੁੱਟੀ ਸੀ, ਥਾਣੇ ਦੇ ਰਿਕਾਰਡ ਰਜਿਸਟਰ ਨੰਬਰ 19 ਵਿੱਚ ਦਰਜ ਹੈ, ਜੋ ਸਰਕਾਰੀ ਹੈ।

ਨਿਰਮਲ ਸਿੰਘ ਸਾਬਕਾ ਫੌਜੀ ਨੇ ਆਪਣੇ ਬਿਆਨ ਵਿੱਚ ਜ਼ਾਹਿਰ ਕੀਤਾ ਹੈ ਕਿ ਮਿਤੀ 25/12/92 ਨੂੰ ਅਸੀਂ ਗੁਰਦੁਆਰੇ ਵਿੱਚ ਕਥਾ ਸੁਨਣ ਲਈ ਗਏ ਸੀ, ਜਿਵੇਂ ਕਿ ਭਾਈ ਗੁਰਦੇਵ ਸਿੰਘ ਨੇ ਕਥਾ ਕੀਤੀ ਅਤੇ ਕਥਾ ਕਰਨ ਤੋਂ ਬਾਅਦ ਭਾਈ ਗੁਰਦੇਵ ਸਿੰਘ ਆਪਣੇ ਘਰ ਗਏ ਅਤੇ ਨਿਰਮਲ ਸਿੰਘ ਨੇ ਆਪਣੇ ਬਿਆਨ ਵਿੱਚ 11 ਹੋਰ ਵਿਅਕਤੀਆਂ ਦੇ ਨਾਲ ਸਹਿਮਤ ਹੋ ਕੇ ਇਹ ਕਿਹਾ ਕਿ ਉਸ ਦਿਨ ਸਾਡੇ ਪਿੰਡ ਵਿੱਚ ਕੋਈ ਵੀ ਪੁਲਿਸ ਪਾਰਟੀ ਨਹੀਂ ਆਈ। ਪਿੰਡ ਕਾਉਂਕੇ ਕਲਾ ਬਹੁਤ ਹੀ ਵੱਡਾ ਪਿੰਡ ਹੈ। ਇਸ ਪਿੰਡ ਵਿੱਚ ਕਾਫੀ ਪੱਤੀਆ ਹਨ. ਆਬਾਦੀ ਜ਼ਿਆਦਾ ਹੈ। ਜਿਹੜੇ 11 ਬੰਦਿਆਂ ਨੇ ਨਿਰਮਲ ਸਿੰਘ ਨਾਲ ਬਿਆਨ ਦਿੱਤੇ ਹਨ, ਉਹ ਬਾਦਾ ਪੱਤੀ ਕਾਉਂਕੇ ਦੇ ਨਹੀਂ ਹਨ, ਜਿਥੇ ਗੁਰਦੇਵ ਸਿੰਘ ਕਾਉਂਕੇ ਦਾ ਘਰ ਹੈ, ਨਿਰਮਲ ਸਿੰਘ ਸਾਬਕਾ ਫੌਜੀ ਦੇ ਬਿਆਨ ਤੇ ਇਹ ਯਕੀਨ ਨਹੀਂ ਕੀਤਾ ਜਾ ਸਕਦਾ ਕਿ ਉਸ ਦਿਨ ਕਾਉਂਕੇ ਵਿੱਚ ਪੁਲਿਸ ਪਾਰਟੀ ਨਹੀਂ ਆਈ ਹੈ।

ਮਿਤੀ 2/1/93 ਨੂੰ ਸੀ.ਆਈ.ਏ ਜਗਰਾਓ ਅਤੇ ਥਾਣਾ ਜਗਰਾਓ ਵਿਖੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵਰੰਟ ਅਫਸਰ ਨੇ ਰੇਡ ਕੀਤੀ ਸੀ ਪਰ ਭਾਈ ਗੁਰਦੇਵ ਸਿੰਘ ਨਹੀਂ ਮਿਲਿਆ। ਸੀ.ਆਈ.ਏ ਸਟਾਫ ਵਿੱਚ ਹਾਜ਼ਿਰ ਇੰਸਪੈਕਟਰ ਅਜੀਤ ਸਿੰਘ ਵਰੰਟ ਅਫਸਰ ਪਾਸ ਬਿਆਨ ਦਿੱਤਾ ਕਿ ਸੀ.ਆਈ.ਏ ਸਟਾਫ ਵਿੱਚ ਹੈ, ਜੋ ਨਹੀਂ ਹੁੰਦਾ। ਜੋ ਇੰਸਪੈਕਟਰ ਸਰਾਸਰ ਝੂਠ ਬੋਲਿਆ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸ੍ਰ. ਸਵਰਨ ਸਿੰਘ ਐਸ.ਐਸ.ਪੀ ਅਤੇ ਗੁਰਮੀਤ ਸਿੰਘ ਇੰਸਪੈਕਟਰ ਐਸ.ਐਚ.ਓ ਨੇ ਯਕੀਨ ਦਿਵਾਇਆ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਤਲਾਸ਼ ਲਈ ਐਸ.ਪੀ.ਡੀ ਜਗਰਾਓ ਪੜਤਾਲ ਕਰਨਗੇ ਪਰ ਕਿਸੇ ਵੀ ਐਸ.ਐਸ.ਪੀ ਨੇ ਇਸ ਬਾਰੇ ਐਸ.ਪੀ.ਡੀ ਨੂੰ ਕੋਈ ਹੁਕਮ ਨਹੀਂ ਦਿੱਤਾ ਅਤੇ ਨਾ ਹੀ ਪੜਤਾਲ ਕਰਵਾਈ ਹੈ। ਬਲਵੀਰ ਕੁਮਾਰ ਬਾਵਾ ਐਸ.ਪੀ.ਡੀ ਜਗਰਾਓ ਨੇ ਇਸ ਸਬੰਧ ਵਿੱਚ ਕੋਈ ਵੀ ਇੰਨਕੁਆਰੀ ਨਹੀਂ ਕੀਤੀ ਬਲਕਿ ਆਪਣੇ ਬਿਆਨ ਵਿਚ ਜ਼ਾਹਿਰ ਕੀਤਾ ਹੈ ਕਿ ਮੇਰੇ ਰੀਡਰ ਨੇ ਜਿਮਨੀਆਂ ਤਿਆਰ ਕਰਕੇ ਮੇਰੇ ਦਸਤਖਤ ਕਰਵਾ ਲਏ ਸੀ। ਗੁਰਦੇਵ ਸਿੰਘ ਕਾਉਂਕੇ ਦੀ ਪੜਤਾਲ ਸਬੰਧੀ ਰਿਪੋਰਟ ਤਿਆਰ ਕਰਕੇ ਸੀਨੀਅਰ ਅਫਸਰ ਨੂੰ ਨਹੀਂ ਭੇਜੀ। ਮੌਕੇ ਤੇ ਐਸ.ਪੀ.ਡੀ. ਸ੍ਰ. ਹਰਨੇਕ ਸਿੰਘ ਦਾ ਬਤੌਰ ਐਸ.ਪੀ.ਡੀ ਮੌਕੇ ਪਰ ਜਾਣ ਦਾ ਫਰਜ਼ ਬਣਦਾ ਸੀ। ਸ੍ਰੀ ਹਰਨੇਕ ਸਿੰਘ ਦੇ ਬਿਆਨ ਦੇ ਮੁਤਾਬਿਕ ਐਸ.ਐਸ.ਪੀ ਸਵਰਨ ਸਿੰਘ ਨੇ ਉਨ੍ਹਾਂ ਐਸ.ਪੀ. ਉਪਰੇਸ਼ਨ ਨੂੰ ਸਿਰਫ ਪਿੰਡ ਵਿੱਚ ਅੱਤਵਾਦੀਆਂ ਬਾਰੇ ਤਲਾਸ਼ੀ ਲੈਣ ਲਈ ਭੇਜਿਆ ਸੀ।

ਸਿਪਾਹੀ ਤਰਸੇਮ ਸਿੰਘ ਨੂੰ ਮਿਤੀ 3/7/93 ਨੂੰ ਗੁਰਦੇਵ ਸਿੰਘ ਕਾਉਂਕੇ ਦੇ ਪੁਲਿਸ ਹਿਰਾਸਤਾਂ ਵਿਚੋਂ ਭੱਜਣ ਸਬੰਧੀ ਮੁਅੱਤਲ ਕਰ ਦਿੱਤਾ ਗਿਆ ਸੀ, ਜਿਸਦੀ ਇੰਨਕੁਆਰੀ ਸ੍ਰ. ਪ੍ਰਿਤਪਾਲ ਸਿੰਘ ਡੀ.ਐਸ.ਪੀ/ਐਸ ਜਗਰਾਓ ਨੇ ਕੀਤੀ ਅਤੇ ਸਿਪਾਹੀ ਤਰਸੇਮ ਸਿੰਘ ਦੀ ਇੰਨਕੁਆਰੀ ਦੇ ਵਿੱਚ ਉਸਨੂੰ ਕੋਈ ਦੋਸ਼ ਪੱਤਰ ਨਹੀਂ ਦਿੱਤਾ ਬਲਕਿ ਗੁਰਮੀਤ ਸਿੰਘ ਇੰਸਪੈਕਟਰ ਐਸ.ਐਚ.ਓ ਜਗਰਾਓ ਦਾ ਬਿਆਨ ਲਿਖ ਕੇ ਇੰਨਕੁਆਰੀ ਮੁਅੱਤਲ ਕਰਨ ਦੀ ਸਿਫਾਰਿਸ਼ ਕੀਤੀ। ਜਿਸ ਪਰ ਉਸ ਵਕਤ ਦੇ ਐਸ.ਐਸ.ਪੀ ਸ੍ਰ. ਹਰਿੰਦਰ ਸਿੰਘ ਚਾਹਲ ਨੇ ਇੰਨਕੁਆਰੀ ਦਰਖਾਸਤ ਦਾਖਿਲ ਕਰ ਦਿੱਤੀ। ਜਦੋਂ ਕਿ ਤਰਸੇਮ ਸਿੰਘ 262 ਦੇ ਖਿਲਾਫ ਚੰਗੀ ਤਰ੍ਹਾਂ ਇੰਨਕੁਆਰੀ ਕਰਕੇ ਸਜ਼ਾ ਦੇਣ ਦਾ ਫਰਜ਼ ਮੰਨਦਾ ਸੀ। ਇਸ ਤੋਂ ਬਾਅਦ ਸਿਪਾਹੀ ਤਰਸੇਮ ਸਿੰਘ 262 ਦੀ ਹੌਸਲਾ ਅਫਜਾਈ ਕਰਨ ਲਈ ਉਸ ਵਕਤ ਦੇ ਐਸ.ਐਸ.ਪੀ ਹਰਿੰਦਰ ਸਿੰਘ ਚਾਹਲ ਨੇ ਸੀ-2 ਦੀ ਸਿਫਾਰਿਸ਼ ਕਰ ਦਿੱਤੀ ਅਤੇ ਉਸ ਵਕਤ ਦੇ ਡੀ.ਆਈ.ਜੀ ਲੁਧਿਆਣਾ ਰੇਜ ਸ੍ਰੀ ਰਾਜਨ ਗੁਪਤਾ ਨੇ ਸਿਪਾਹੀ ਤਰਸੇਮ ਸਿੰਘ 262 ਨੂੰ ਫਿਰ ਹੌਸਲਾ



ਅਫਜਾਈ ਕਰਨ ਲਈ ਉਸ ਵਕਤ ਦੇ ਐਸ.ਐਸ.ਪੀ ਸ੍ਰੀ ਜਗਦੀਸ਼ ਕੁਮਾਰ ਨੇ ਆਊਟ ਆਫ ਟਰਨ ਹਵਾਲਦਾਰ ਬਣਾਉਣ ਦੀ ਸਿਫਾਰਿਸ਼ ਕਰ ਦਿੱਤੀ ਅਤੇ ਉਸ ਵਕਤ ਦੇ ਡੀ.ਆਈ.ਜੀ ਲੁਧਿਆਣਾ ਰੇਜ ਸ੍ਰੀ ਸ਼ਸ਼ੀ ਕਾਂਤ ਨੇ ਜਗਰਾਓ ਦੇ 28 ਸੀ-2 ਸਿਪਾਹੀਆਂ ਨੂੰ ਛੱਡ ਕੇ ਸਿਪਾਹੀ ਤਰਸੇਮ ਸਿੰਘ ਸੀ-2 262 ਨੂੰ ਐਡਹਾਕ ਹਵਾਲਦਾਰ ਬਣਾ ਦਿੱਤਾ। ਮਿਤੀ 2/1/93 ਨੂੰ ਕੰਨੀਆ ਦੇ ਕੋਲ ਜਦ ਗੁਰਦੇਵ ਸਿੰਘ ਕਾਉਂਕੇ ਨੂੰ ਲੁਧਿਆਣਾ ਦੀ ਬਰਾਮਦਗੀ ਲਈ ਪੁਲਿਸ ਪਾਰਟੀ ਲੈ ਜਾ ਰਹੀ ਸੀ ਤਾਂ ਅੱਤਵਾਦੀਆਂ ਨੇ ਪੁਲਿਸ ਪਰ ਫਾਇਰ ਕਰਕੇ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਹਿਰਾਸਤ ਵਿਚੋਂ ਛੁਡਾ ਲਿਆ। ਇਸ ਪਰ ਇੰਸਪੈਕਟਰ ਗੁਰਮੀਤ ਸਿੰਘ ਨੇ ਵਾਇਰਲੈੱਸ ਪਰ ਜ਼ਿਲ੍ਹਾ ਦੇ ਸਾਰੇ ਅਫਸਰਾਂ ਨੂੰ ਇਤਲਾਹ ਦਿੱਤੀ, ਮੌਕੇ ਤੇ ਡੀ.ਐਸ.ਪੀ. ਕੰਵਰਜੀਤ ਸਿੰਘ ਹਲਕਾ ਅਫਸਰ ਜਗਰਾਓ ਅਤੇ ਜੋਗਿੰਦਰ ਸਿੰਘ ਮੁੱਖ ਥਾਣਾ ਅਫਸਰ ਸਿੱਧਵਾਂ ਬੇਟ ਮੌਕੇ ਤੇ ਆ ਗਏ, ਇਸ ਪਰ ਮੁਕੱਦਮਾ ਨੰਬਰ 1 ਮਿਤੀ 2-1-93 ਅਧੀਨ ਧਾਰਾ 307/34/224 ਆਈ.ਪੀ.ਸੀ 25 ਆਫਸਰ ਐਕਟ, ਪੀ.ਐਸ ਸਿਧਵਾ ਦਰਜ ਰਜਿਸਟਰ ਕੀਤਾ ਗਿਆ। ਸ੍ਰ. ਜੋਗਿੰਦਰ ਸਿੰਘ ਐਸ.ਐਚ.ਓ ਸਿਧਵਾਂ ਬੇਟ ਨੇ ਆਪਣੀ ਜ਼ਿਮਨੀ ਵਿੱਚ ਲਿਖਿਆ ਕਿ ਸ੍ਰ. ਕੰਵਰਜੀਤ ਸਿੰਘ ਡੀ.ਐਸ.ਪੀ. ਹਲਕਾ ਅਫਸਰ ਜਗਰਾਓ ਮੌਕਾ ਤੇ ਹਾਜ਼ਿਰ ਹੋ ਗਏ ਅਤੇ ਪੁਲਿਸ ਪਾਰਟੀਆਂ ਨੂੰ ਸਬ ਹਦਾਇਤਾਂ ਕੀਤੀਆ ਹਨ ਅਤੇ ਗੁਰਮੀਤ ਸਿੰਘ ਇੰਸਪੈਕਟਰ ਐਸ.ਐਚ.ਓ ਜਗਰਾਓ ਸਿਪਾਹੀ ਤਰਸੇਮ ਸਿੰਘ ਨੰਬਰ 262 ਗੁਲਜ਼ਾਰ ਸਿੰਘ ਐਸ.ਆਈ 383 ਪੀ.ਆਰ.ਪੀ.ਪੀ ਹਠੂਰ ਸਿੰਘ, ਜੰਗੀਰ ਸਿੰਘ ਐਸ.ਆਈ.. 1373 ਜਗਰਾਓ, ਤੇਜਾ ਸਿੰਘ ਏ.ਐਸ.ਆਈ ਜਗਰਾਓ, ਪ੍ਰੀਤਮ ਸਿੰਘ ਏ.ਐਸ.ਆਈ 67/ਸੰਗਰੂਰ ਪੀ.ਐਸ. ਸਿਧਵਾ ਬੇਟ, ਜੋਗਾ ਸਿੰਘ ਹਵਾਲਦਾਰ 348 ਜਗਰਾਓ, ਜਗਜੀਤ ਸਿੰਘ ਏ.ਐਸ.ਆਈ 304 ਜਗਰਾਓ ਅਤੇ ਹੋਰ ਹਾਜ਼ਿਰ ਸ਼ਾਮਿਲ ਪਾਰਟੀ ਹੋਮ ਗਾਰਡਜ਼ ਅਤੇ ਐਸ.ਪੀ.ਓ ਮੁਲਾਜ਼ਮਾ ਨੇ ਵੀ ਇਹ ਜ਼ਾਹਿਰ ਕੀਤਾ ਕਿ ਕੰਵਰਜੀਤ ਸਿੰਘ ਡੀ.ਐਸ.ਪੀ ਹਲਕਾ ਜਗਰਾਓ ਮੌਕੇ ਪਰ ਕੰਪਨੀ ਹਾਜ਼ਿਰ ਆ ਗਏ ਸੀ ਅਤੇ ਡੀ.ਐਸ.ਪੀ ਸਾਹਿਬ ਦੀ ਜੀਪ ਦੀ ਲਾਗ ਬੁੱਕ ਮਿਤੀ 2-1-93 ਨੂੰ ਟੂਰ ਪ੍ਰੋਗਰਾਮ ਵਿੱਚ ਵੀ ਇਹ ਜ਼ਾਹਿਰ ਹੈ ਕਿ ਕੰਵਰਜੀਤ ਸਿੰਘ ਡੀ.ਐਸ.ਪੀ ਮੌਕਾ ਪਰ ਗਏ ਸਨ। ਪਰ ਕੰਵਰਜੀਤ ਸਿੰਘ ਡੀ.ਐਸ.ਪੀ ਨੇ ਆਪਣੇ ਬਿਆਨ ਵਿੱਚ ਸਾਫ ਮੁੱਕਰ ਗਏ ਹਨ ਕਿ ਮੈਂ ਮੌਕੇ ਤੇ ਪਿੰਡ ਕੰਨੀਆਂ ਨਹੀਂ ਗਿਆ। ਕੰਵਰਜੀਤ ਸਿੰਘ ਡੀ.ਐਸ.ਪੀ ਦੇ ਬਿਆਨ ਮੰਨਣਯੋਗ ਨਹੀਂ ਲੱਗਦੇ।

ਸਿੱਟਾ

ਸਾਰੇ ਹਾਲਾਤਾਂ ਨੂੰ ਦੇਖਦੇ ਹੋਏ ਇਹ ਸਾਬਿਤ ਹੁੰਦਾ ਹੈ ਕਿ 25/12/92 ਨੂੰ ਉਸ ਵਕਤ ਦੇ ਇੰਸਪੈਕਟਰ ਗੁਰਮੀਤ ਸਿੰਘ ਐਸ.ਐਚ.ਓ ਜਗਰਾਓ ਤੇ ਹੁਣ ਡੀ.ਐਸ.ਪੀ ਅਮਲੋਹ ਪੁਲਿਸ ਪਾਰਟੀ ਸਮੇਤ ਭਾਈ ਗੁਰਦੇਵ ਸਿੰਘ ਕਾਉਂਕਿ ਨੂੰ ਉਸ ਦੇ ਘਰੋਂ ਲਿਆਇਆ ਜੋ ਕਿ ਮੁੜ ਕੇ ਵਾਪਿਸ ਨਹੀਂਆਇਆ। ਪੁਲਿਸ ਦਾ ਇਸ ਗੱਲ ਦਾ ਖੰਡਨ ਕਰਨਾ ਮੰਨਣਯੋਗ ਨਹੀਂ ਹੈ ਅਤੇ ਨਾ ਹੀ ਪੁਲਿਸ ਦਾ ਇਹ ਕਹਿਣਾ ਮੰਨਣਯੋਗ ਹੈ ਕਿ 2-1-93 ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਅਤੇ ਪਿੰਡ ਕੰਨੀਆਂ ਦੇ ਹੱਦ ਵਿੱਚ ਅੱਤਵਾਦੀਆਂ ਦੀ ਪੁਲਿਸ ਤੇ ਫਾਇਰਿੰਗ ਦੌਰਾਨ ਉਹ ਬੈਲਟ ਤੋੜ ਕੇ ਭੱਜ ਗਿਆ। ਇਸ ਗੱਲ ਤੇ ਕੋਈ ਸਬੂਤ ਸਾਹਮਣੇ ਨਹੀਂ ਆਇਆ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਨੇ ਮਾਰ- ਕੁੱਟ ਕੇ ਮਾਰ ਦਿੱਤਾ। ਮਾਰ-ਕੁੱਟ ਦੇ ਜਿਹੜੇ ਗਵਾਹ ਲੱਭੇ ਉਨ੍ਹਾਂ ਵਿਚੋਂ ਇਕ ਸਾਬਕਾ ਸਿਪਾਹੀ ਦਰਸ਼ਨ ਸਿੰਘ ਹੈ ਜਿਸਨੇ ਹਿਊਮਨ ਰਾਈਟਸ ਦੇ ਸਾਹਮਣੇ ਬਿਆਨਾਂ ਅਤੇ ਸਾਡੇ ਸਾਹਮਣੇ ਬਿਆਨਾਂ ਵਿੱਚ ਕਾਫੀ ਫਰਕ ਹੈ ਅਤੇ ਨਾਲ ਹੀ ਜਿਹਨਾਂ ਹੋਰ ਵਿਅਕਤੀਆਂ ਦਾ ਇਹ ਕਹਿਣਾ ਹੈ ਕਿ ਉਨ੍ਹਾਂ ਦੇ ਸਾਹਮਣੇ ਮਾਰ-ਕੁਟਾਈ ਹੋਈ ਹੈ। ਉਸ ਵਕਤ ਦੇ ਕਿਸੀ ਅਫਸਰ ਨੇ ਇਸ ਗੈਰ ਕਾਨੂੰਨੀ ਹਰਕਤ ਬਾਰੇ ਕਿਸੀ ਨੇ ਨਾ ਤਾਂ ਦਰਖਾਸਤ ਦਿੱਤੀ ਅਤੇ ਨਾ ਹੀ ਕੋਈ ਡਾਕਟਰੀ ਮੁਆਨਾ ਕਰਾਇਆ। ਲੱਗਦਾ ਹੈ ਕਿ ਉਨ੍ਹਾਂ ਦੀ ਕਹਾਣੀ ਤੇ ਯਕੀਨ ਕਰਨਾ ਉਚਿੱਤ ਨਹੀਂ ਹੋਵੇਗਾ। ਸਾਬਕਾ ਸਿਪਾਹੀ ਦਰਸ਼ਨ ਸਿੰਘ ਨੇ ਹਿਊਮਨ ਰਾਈਟਸ ਦੇ ਸਾਹਮਣੇ ਬਿਆਨ ਦਿੱਤਾ ਸੀ ਕਿ ਉਸਦੇ ਸਾਹਮਣੇ ਉਹ ਸੀ.ਆਈ. ਸਟਾਫ ਵਿੱਚ ਭੁੱਕੀ ਲਿਆ ਕੇ ਲੋਕਾਂ ਨੂੰ ਦਿੰਦਾ ਰਿਹਾ ਅਤੇ ਇਸ ਕਰਕੇ ਉਹ ਸੀ.ਆਈ.ਏ ਸਟਾਫ ਵਿੱਚ ਜਦੋਂ ਗਿਆ ਤਾਂ ਭਾਈ ਗੁਰਦੇਵ ਸਿੰਘ ਕਾਉਂਕੇ ਦੇਖਿਆ ਸੀ। ਬਾਅਦ ਵਿੱਚ ਉਨ੍ਹਾਂ ਨੇ ਆਪਣਾ ਬਦਲ ਲਿਆ, ਇਸ ਵਕਤ ਨਾ ਹੀ ਕੋਈ ਬਰਾਮਦਗੀ ਹੋ ਸਕਦੀ ਹੈ ਅਤੇ ਨਾ ਹੀ ਕੋਈ ਸਬੂਤ ਹੈ ਅਤੇ ਨਾ ਹੀ ਉਸਦੇ ਬਿਆਨ ਤੇ ਵਿਸ਼ਵਾਸ਼ ਕੀਤਾ ਜਾ ਸਕਦਾ ਹੈ। ਸਾਰੇ ਬਿਆਨਾਂ ਨੂੰ ਦੇਖ ਕੇ ਲੱਗਦਾ ਹੈ ਕਿ ਨਜ਼ਾਇਜ ਤੌਰ ਤੇ ਭਾਈ ਗੁਰਦੇਵ ਸਿੰਘ ਕਾਉਂਕੇ ਪੁਲਿਸ ਦੀ ਹਿਰਾਸਤ ਵਿੱਚ ਰੱਖਕੇ ਝੂਠਾ ਮੁਕੱਦਮਾ ਬਣਾਉਣ ਦੀ ਕਹਾਣੀ ਸਾਰੇ ਛੋਟੇ ਤੇ ਵੱਡੇ ਅਫਸਰਾਂ ਨੂੰ ਪਤਾ ਸੀ ਪਰ ਉਸ ਵਕਤ ਦੀ ਪੁਲਿਸ ਦਾ ਜੋ ਮਾਹੌਲ ਸੀ, ਉਸ ਤੋਂ ਜ਼ਾਹਿਰ ਹੁੰਦਾ ਹੈ ਕਿ ਪੁਲਿਸ ਅਫਸਰ ਜਾ ਤਾਂ ਜਿਮਨੀਆਂ ਲਿਖਦੇ ਹੀ ਨਹੀਂ ਜਾਂ ਰੀਡਰ ਦੀ ਲਿਖੀ ਹੋਈ ਜ਼ਿਮਨੀ ਬਿਨ੍ਹਾਂ ਪੜੇ ਦਸਤਖਤ ਕਰਦੇ ਰਹੇ। ਪਰ ਇਹ ਇਕ ਵਿਭਾਗੀ ਦੁਰਾਚਾਰ (Department Misconduct) ਹੈ। ਇਸ ਵਿਭਾਗੀ ਦੁਰਾਚਾਰ ਨੂੰ ਕ੍ਰੀਮੀਨਲ ਮਿਸਕਨਡੱਕਟ ਕਹਿਣਾ ਉਚਿਤ ਨਹੀਂ ਹੋਵੇਗਾ। ਕੁਝ ਅਫਸਰ ਡਰਦੇ ਮਾਰੇ ਝੂਠ ਬੋਲ ਰਹੇ ਹਨ।

ਹੋਮਗਾਰਡ ਦੇ ਜਵਾਨਾਂ ਅਤੇ ਐਸ.ਪੀ.ਓ ਨੂੰ ਥਰੀਹ ਨਟ ਦੀ ਰਾਈਫਲ ਦੇਣਾ, ਜਿਸ ਸਿਪਾਹੀ ਤੋਂ ਇਕ ਮੁਜ਼ਰਿਮ ਭੱਜ ਗਿਆ ਹੋਵੇ ਉਸਨੂੰ ਰਸਮੀ ਤੌਰ ਤੇ ਮੁਅੱਤਲ ਕਰਕੇ ਇਕ ਤਰਫੀ ਵਿਭਾਗੀ ਕਰਵਾਈ ਕਰਵਾ ਕੇ ਮਾਮਲਾ ਠੱਪ ਕਰਨਾ ਅਤੇ ਸੀ-2 ਦਿਵਾ ਕੇ ਉਸ ਤੋਂ 28 ਸੀਨੀਅਰ ਮੁਲਾਜ਼ਮਾਂ ਨੂੰ ਨਜ਼ਰ ਅੰਦਾਜ਼ ਕਰਕੇ ਉਸਨੂੰ ਤਰੱਕੀ ਦੇਣਾ ਇਹ ਜ਼ਾਹਿਰ ਕਰਦਾ ਹੈ ਕਿ ਪੁਲਿਸ ਦੇ ਕੰਮਕਾਜ ਤੇ ਕੋਈ ਰਫੀਅਤ/ਦਾਇਰ ਨਹੀਂ ਦੇਖੇ ਗਏ ਅਤੇ ਨਾਲ ਹੀ ਇਸ ਗੱਲ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਉਸ ਵਕਤ ਦੇ ਪੰਜਾਬ ਪੁਲਿਸ ਦੇ ਮੁੱਖੀ ਸ੍ਰੀ ਕੇ.ਪੀ.ਐਸ ਗਿੱਲ ਸਨ, ਜਿੰਨਾਂ ਨੂੰ 60 ਸਾਲ ਹੋਣ ਤੋਂ ਬਾਅਦ ਵੀ ਸਾਰੇ ਰੂਲਾਂ ਦੀ ਉਲੰਘਣਾ ਕਰਕੇ ਕੇਂਦਰੀ ਸਰਕਾਰ ਅਤੇ ਪੰਜਾਬ ਸਰਕਾਰ ਨੇ ਅਗਲੇ ਹੁਕਮਾਂ ਤੱਕ ਜਿਹੜਾ ਕਿ ਇਕ ਸਾਲ ਦਾ ਸਮਾਂ ਡੀ.ਜੀ.ਪੀ ਦੇ ਅਹੁਦੇ ਤੇ ਰਹਿਣਾ ਦਾ ਦਿੱਤਾ ਗਿਆ। ਇਹੋ ਜਿਹੇ ਹਾਲਾਤ ਵਿੱਚ ਛੋਟੇ ਪੁਲਿਸ ਅਧਿਕਾਰੀਆਂ ਨੇ ਉਸੇ ਤਰ੍ਹਾਂ ਚੱਲਣਾ ਸੀ ਜਿਸ ਤਰ੍ਹਾਂ ਸ੍ਰੀ ਗਿੱਲ ਚਾਹੁੰਦੇ ਸਨ। ਨਾ ਮਾਲੂਮ ਕਿੰਨੇ ਮੁਲਾਜ਼ਮ ਇਹੋ ਜਿਹੇ ਉੱਚੇ ਅਹੁਦੇ ਤੇ ਔਨ ਰੈਂਕਡ ਪੇ (Own Ranked Pay) ਦੇ ਆਧਾਰ ਤੇ ਕੰਮ ਕਰਦੇ ਰਹੇ ਅਤੇ ਉਨ੍ਹਾਂ ਮਰਜ਼ੀ ਦੇ ਖਿਲਾਫ ਜਾਣ ਦੀ ਕਿਸੇ ਦੀ ਹਿੰਮਤ ਨਹੀਂ ਸੀ। ਜਿਸ ਤਰ੍ਹਾਂ 28 ਸੀਨੀਅਰ ਮੁਲਾਜ਼ਮਾਂ ਨੂੰ ਨਜ਼ਰ ਅੰਦਾਜ਼ ਕਰਕੇ ਸਜ਼ਾ ਦੇਣ ਦੇ ਦੋ-ਦੋ ਐਸ.ਐਸ.ਪੀ ਅਤੇ ਦੋ-ਦੋ ਡੀ.ਆਈ.ਜੀ ਨੇ ਸਿਪਾਹੀ ਤਰਸੇਮ ਸਿੰਘ ਹੌਲਦਾਰ ਬਣਾਇਆ, ਇਹ ਵੀ ਸ੍ਰੀ ਕੇ.ਪੀ.ਐਸ ਗਿੱਲਦੇ ਉਨ੍ਹਾਂ ਨਿਯਮਾਂ ਦੀ ਉਲੰਘਣਾ ਦਾ ਹੀ ਹਿੱਸਾ ਜਾਪਦਾ ਹੈ।

ਅਤੇ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਮੌਤ ਬਾਰੇ ਪੂਰੇ ਪੰਜਾਬ ਵਿੱਚ ਜਿੰਨਾ ਸ਼ੋਰ ਸ਼ਰਾਬਾ ਮੱਚਿਆ ਸੀ, ਸ੍ਰੀ ਕੇ.ਪੀ.ਐਸ ਗਿੱਲ ਨੂੰ ਜਾਣਕਾਰੀ ਰਹੀ ਹੋਵੇਗੀ ਅਤੇ ਇਕ ਦਿਨ ਦੇ ਅੰਦਰ ਜਗਰਾਓ ਪੁਲਿਸ ਜ਼ਿਲ੍ਹੇ ਦੇ ਐਸ.ਐਸ.ਪੀ. ਐਸ.ਪੀ.ਡੀ. ਡੀ.ਐਸ.ਪੀ ਬਦਲ ਦਿੱਤੇ ਗਏ। ਜਿਸ ਕਰਕੇ ਲੋਕਾਂ ਵਿੱਚ ਇੱਕ ਸ਼ੱਕ ਹੋਇਆ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਨੇ ਮਾਰ ਕੇ ਉਥੋਂ ਦੇ ਵੱਡੇ ਅਫਸਰਾਂ ਨੂੰ ਬਦਲ ਕੇ ਨਵੇਂ ਅਫਸਰ ਲਗਾ ਦਿੱਤੇ ਹਨ। ਹਾਈਕੋਰਟ ਵਿੱਚ ਸਰਕਾਰੀ ਵਕੀਲ ਤੋਂ ਇਹ ਕਹਿਲਾਇਆ ਗਿਆ ਕਿ ਐਸ.ਪੀ.ਡੀ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਤਲਾਸ਼ ਕਰ ਰਹੇ ਹਨ। ਜਦੋਂ ਕਿ ਇਸ ਬਾਰੇ ਐਸ.ਪੀ.ਡੀ. ਫੌਰੀ ਤੌਰ ਤੇ ਬਦਲ ਚੁੱਕੇ ਸਨ ਅਤੇ ਨਵੇਂ ਐਸ.ਪੀ.ਡੀ. ਸ੍ਰੀ ਬਲਵੀਰ ਕੁਮਾਰ ਬਾਵਾ ਨੂੰ ਕੋਈ ਲਿਖਤੀ ਹੁਕਮ ਨਹੀਂ ਮਿਲਿਆ ਅਤੇ ਉਨ੍ਹਾਂ ਨੇ ਬਿਆਨ ਦਿੱਤਾ ਹੈ ਜਿਹੜੀ ਜਿਮਨੀਆਂ ਉਨ੍ਹਾਂ ਦੇ ਰੀਡਰ ਨੇ ਲਿਖੀਆਂ ਸਨ. ਬਿਨ੍ਹਾਂ ਪੜੇ ਹੀ ਦਸਤਖਤ ਕਰ ਦਿੱਤੇ ਸਨ। ਸਾਰੇ ਤੱਥਾਂ ਦੀ ਪੜਤਾਲ ਤੋਂ ਇਹ ਪਾਇਆ ਗਿਆ ਹੈ ਕਿ ਉਸ ਵਕਤ ਦੇ ਐਸ.ਐਚ.ਓ ਇੰਸਪੈਕਟਰ ਗੁਰਮੀਤ ਸਿੰਘ ਦੇ ਖਿਲਾਫ ਨਜ਼ਾਇਜ ਪੁਲਿਸ ਹਿਰਾਸਤ ਵਿੱਚ ਰੱਖਣ (Wrongful Conifned) ਅਤੇ ਝੂਠਾ ਰਿਕਾਰਡ ਬਣਾਇਆ (Falisifcaiton of Records) ਆਦਿ ਦੋਸ਼ਾਂ ਦੇ ਆਧਾਰ ਤੇ ਮੁਕੱਦਮਾ ਦਰਜ ਕਰਨਾ ਉਚਿੱਤ ਹੋਵੇਗਾ ਅਤੇ ਸਾਬਕਾ ਫੌਜਦਾਰੀ ਬਕਾਇਦਾ ਤਫਤੀਸ਼ ਕੀਤੀ ਜਾਵੇ। ਇਸ ਤਫਤੀਸ਼ ਦੇ ਦੌਰਾਨ ਬਾਕੀ ਪੁਲਿਸ ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਕਾਰਨਾਮਿਆਂ ਦੀ ਵੀ ਜਾਂਚ ਕੀਤੀ ਜਾਵੇ ਅਤੇ ਪੁਲਿਸ ਆਪਣੀ ਰਿਪੋਰਟ ਦਫਾ 173 ਜਾਪਤਾ ਫੌਜਦਾਰੀ ਅਦਾਲਤ ਵਿੱਚ ਪੇਸ਼ ਕਰੇ।

ਮਿਤੀ 27/7/99 ਐਸ.ਡੀ.

(ਬੀ.ਪੀ. ਤਿਵਾੜੀ) ਆਈ.ਪੀ.ਐਸ. ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਸਕਿਉਰਟੀ, ਪੰਜਾਬ, ਚੰਡੀਗੜ੍ਹ।



### ਏਥੋਂ ਕਰਨ ਅੱਜ ਕੱਲ੍ਹ

# ਬਿਰਖ ਵੀ ਕਿਤੇ ਹੋਰ ਜਾਣ ਦੇ ਮਸ਼ਵਰੇ

**ਲਿਖਤ : ਸੁਖਪਾਲ ਸਿੰਘ ਗਿੱਲ, ਸੰਪਰਕ : 98781—11445**

ਭਾਰਤ ਦੀ ਅਜ਼ਾਦੀ ਲਈ ਪੰਜਾਬੀਆਂ ਨੇ ਸਭ ਤੋ ਵੱਧ ਕੁਰਬਾਨੀਆਂ ਕੀਤੀਆਂ ਜੋ ਪੱਗੜੀ ਸੰਭਾਲ ਓ ਜੱਟਾ ਲਹਿਰ ਤੋਂ ਲੈ ਕੇ ਕਿਸਾਨੀ ਮੋਰਚੇ 2020—21 ਤੱਕ ਨਿਰੰਤਰ ਬਰਕਰਾਰ ਰਹੀਆਂ।ਪੰਜਾਬ ਨੂੰ ਹਰ ਪੱਖੋਂ ਗ੍ਰਹਿਣ ਲਾਉਣ ਦੀਆਂ ਕੋਸ਼ਿਸ਼ਾਂ ਵੀ ਜਾਰੀ ਰਹੀਆਂ ਪਰ ਸ਼ਾਨਾਂਮੱਤੀ ਇਤਿਹਾਸ ਕਾਇਮ ਰਿਹਾ।ਪੰਜਾਬੀਆਂ ਦਾ ਪ੍ਰਵਾਸ ਨਾਲ ਪੁਰਾਣਾ ਰਿਸ਼ਤਾ ਹੈ।1950 ਤੋਂ ਹੀ ਪੰਜਾਬੀ ਇੰਗਲੈਂਡ ਵਿੱਚ ਵਸਣ ਲੱਗ ਪਏ ਉਦੋਂ ਤਾਂ ਗੁਲਾਮੀ ਦੀ ਮਾਰ ਵੀ ਸੀ ਪਰ ਅਜ਼ਾਦੀ ਤੋਂ ਬਾਅਦ ਇੰਨੀਆਂ ਕੁਰਬਾਨੀਆਂ ਦੇਣ ਦੇ ਬਾਵਜੂਦ ਵੀ ਪੰਜਾਬ ਦੇ ਇਤਿਹਾਸ, ਭੂਗੋਲਿਕ ਸਥਿੱਤੀਆਂ, ਵਾਤਾਵਰਨ, ਆਰਥਿਕ ਪੱਖ, ਸੱਭਿਆਚਾਰਕ ਅਤੇ ਭਾਈਚਾਰਕ ਏਕਤਾ ਨੂੰ ਖਦੇੜਨ ਦੀਆਂ ਸਾਜਿਸ਼ਾਂ ਵੀ ਚੱਲਦੀਆਂ ਰਹੀਆਂ।ਅਜ਼ਾਦੀ ਤੋਂ ਬਾਅਦ ਵੀ 01 ਨਵੰਬਰ 1966 ਨੂੰ ਪੰਜਾਬ ਫਿਰ ਟੁੱਟਿਆ ਜਿਸਦਾ ਸਿਰਜਿਆ ਸੁਪਨਾ ਵੀ ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਦੀ ਵਿਰਾਸਤ ਨੂੰ ਸਾਂਭਣ ਵਿੱਚ ਨਾਕਾਮਯਾਬ ਰਿਹਾ।ਇਹ ਮਾਮਲਾ ਅਜੇ ਲੋਕਾਂ ਦੀ ਕਚਿਹਰੀ ਵਿੱਚ ਲੰਬਿਤ ਪਿਆ ਹੈ।ਅੱਜ ਪੰਜਾਬ ਦੀ ਦਸ਼ਾ—ਦਿਸ਼ਾ ਵਿਗੜਦੀ ਜਾ ਰਹੀ ਹੈ।ਨਤੀਜਾ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਹੋ ਰਿਹਾ ਹੈ।ਮਾਪੇ ਬੇਵੱਸ ਅਤੇ ਲਾਚਾਰ ਹਨ।ਰੁਜ਼ਗਾਰ, ਸਿਹਤ ਅਤੇ ਵਿਸ਼ਵਾਸ਼ ਨਾਲ ਜੀਉਣ ਦੀ ਤਾਂਘ ਬਾਹਰਲੇ ਦੇਸ਼ਾਂ ਨੂੰ ਜਾਣ ਲਈ ਜਵਾਨੀ ਨੂੰ ਪ੍ਰੇਰਿਤ ਕਰ ਰਹੀ ਹੈ।

ਸਮੇਂ ਦੇ ਹਾਲਾਤਾਂ ਅਤੇ ਭਵਿੱਖੀ ਤਸਵੀਰ ਨੂੰ ਸਮਝਦੇ ਹੋਏ ਪੰਜਾਬੀਆਂ ਨੇ ਬੱਚਿਆਂ ਦੇ ਭਵਿੱਖ ਵਿਦੇਸ਼ਾਂ ਵਿੱਚ ਸੁਰੱਖਿਅਤ ਸਮਝਿਆ।ਬੱਚਿਆਂ ਨੂੰ ਵਿਦੇਸ਼ ਭੇਜਣ ਤੇ ਰੁਝਾਨ ਤੋਂ ਕਿਸੇ ਸਰਕਾਰ ਨੇ ਚਿੰਤਾ ਜ਼ਾਹਰ ਨਹੀਂ ਕੀਤੀ।ਪੰਜਾਬ ਵਿੱਚ 55 ਲੱਖ ਘਰ ਹਨ।2014 ਤੋ 2021 ਤੱਕ 54.36 ਲੱਖ ਪਾਸਪੋਰਟ ਬਣੇ।ਪੰਜਾਬ ਵਿੱਚ 14 ਪਾਸਪੋਰਟ ਕੇਂਦਰ ਹਨ ਜੋ 7 ਤੋਂ 11 ਦਿਨਾਂ ਦੇ ਵਿੱਚ ਪਾਸਪੋਰਟ ਤਿਆਰ ਕਰ ਦਿੰਦੇ ਹਨ।2018 ਵਿੱਚ 60331, 2019 ਵਿੱਚ 73574, 2020 ਵਿੱਚ 33412 ਅਤੇ ਫਰਵਰੀ 2021 ਤੱਕ 5791 ਪਾਸਪੋਰਟ ਬਣੇ।ਇਸ ਪਿੱਛੇ ਪੰਜਾਬੀਆਂ ਦੀ ਸ਼ਾਨਾਂਮੱਤੀ ਅਤੇ ਠਾਠ—ਬਾਠ ਵਾਲਾ ਜੀਵਨ ਵੀ ਛੁਪਿਆ ਹੋਇਆ ਹੈ।ਰੁਜ਼ਗਾਰ ਪੱਖੋਂ ਖੁਸੇ ਪੰਜਾਬ ਨੇ ਮਾਂ ਬੋਲੀ ਪੰਜਾਬੀ ਵੀ ਵਿਸਾਰੀ।ਭਾਸ਼ਾ ਦਾ ਰੁਜ਼ਗਾਰ ਨਾਲ ਸਿੱਧਾ ਸੰਬੰਧ ਹੈ।ਸਾਡੇ ਬੱਚੇ ਅੰਗਰੇਜ਼ੀ ਵੱਲ ਤਾਂ ਹੀ ਹੋ ਰਹੇ ਹਨ ਕਿਉਂਕਿ ਉਹ ਭਵਿੱਖ ਨੂੰ ਵਿਦੇਸ਼ਾਂ ਵਿੱਚ ਸੁਰੱਖਿਅਤ ਸਮਝਦੇ ਹਨ।ਬਾਹਰੀ ਸੂਬਿਆਂ ਤੋਂ ਰੋਜ਼ੀ ਰੋਟੀ ਖਾਤਰ ਆਏ ਮਜ਼ਦੂਰ ਵੀਰ ਆਪਣੇ ਪਰਿਵਾਰਾਂ ਨੂੰ ਪੰਜਾਬ ਵਿੱਚ ਵਸਾ ਕੇ ਪੰਜਾਬੀ ਸਕੂਲਾਂ ਵਿੱਚ ਪੜ੍ਹਾ ਰਹੇ ਹਨ।ਇਸ ਸੰਬੰਧੀ ਡਾਕਟਰ ਸੁਰਜੀਤ ਪਾਤਰ ਨੇ ਲੁਧਿਆਣਾ ਦੇ ਇੱਕ ਪਿੰਡ ਦੇ ਸਕੂਲ ਵਿੱਚ ਪ੍ਰਵਾਸੀ ਵੀਰ ਦੀ ਲੜਕੀ ਪੰਜਾਬੀ ਲਿਖਦੀ ਦੇਖੀ ਤਾਂ ਇਉਂ ਨਕਸ਼ਾ ਉਲੀਕਿਆ : —

" ਪਿੱਛੇ—ਪਿੱਛੇ ਰਿਜ਼ਕ ਦੇ ਆਇਆ ਨੰਦ ਕਿਸ਼ੋਰ,
ਚੱਲ ਕੇ ਦੂਰ ਬਿਹਾਰ ਤੋਂ ਗੱਡੀ ਬੈਠ ਸਿਆਲਦਾ ਨਾਲ ਬਥੇਰੇ ਹੋਰ,
ਰਾਮਕਲੀ ਵੀ ਨਾਲ ਸੀ ਸੁਘੜ ਲੁਗਾਈ ਉਸਦੀ ਲੁਧਿਆਣੇ ਦੇ ਕੋਲ ਹੀ ਇੱਕ ਪਿੰਡ ਬਾਲੇਵਾਲ ਵਿੱਚ,
ਜੜ੍ਹ ਲੱਗੀ ਤੇ ਪੁੰਗਰੀ, ਰਾਮਕਲੀ ਦੀ ਕੁੱਖ ਤੋਂ ਜਨਮੀ ਬੇਟੀ ਉਸਦੀ,
ਨਾਂ ਰੱਖਿਆਂ ਸੀ ਮਾਧੁਰੀ ਕੱਲ੍ਹ ਮੈਂ ਦੇਖੀ ਮਾਧੁਰੀ,
ਉਸੇ ਪਿੰਡ ਸਕੂਲ ਵਿੱਚ ਗੁੱਤਾਂ ਬੰਨ ਕੇ ਰੀਬਨ ਦੇ
ਵਿੱਚ ਸੋਹਣੀ ਪੱਟੀ ਪੋਚ ਕੇ,
ੳ, ਅ ਲਿਖ ਰਹੀ ਸੀ, ੳ, ਅ ਲਿਖ ਰਹੀ ਸੀ।"

ਪੰਜਾਬੀਆਂ ਦਾ ਮਿਹਨਤੀ ਸੁਭਾਅ,ਖੁੱਲਾ ਖਾਣ—ਪੀਣ, ਭਾਈਚਾਰਕ ਏਕਤਾ ਅਤੇ ਵਾਤਾਵਰਨ ਬਲਵਾਨ ਸੀ।ਇਸਨੂੰ 'ਬਲਿਹਾਰੀ ਕੁਦਰਤਿ ਵਸਿਆ' ਦੇ ਫਲਸਫ਼ੇ ਤੋਂ ਵੀ ਦੂਰ ਕਰਨ ਦੀ ਕੋਸ਼ਿਸ਼ ਕੀਤੀ।ਕਈ ਰਾਜਾਂ ਵਿੱਚ ਵਾਤਾਵਰਨ ਸੰਭਾਲਣ ਲਈ ਯੋਗ ਨੀਤੀਆਂ ਤੈਅ ਹੋਈਆਂ।ਕਈ ਰਾਜਾਂ ਵਿੱਚ ਬਾਹਰੀ ਸੂਬਿਆਂ ਦੇ ਵਸਨੀਕਾਂ ਨੂੰ ਜ਼ਮੀਨ ਦਾ ਬੈਨਾਮਾ ਵੀ ਨਹੀਂ ਕੀਤਾ ਜਾਂਦਾ।ਚਲੋ ਖੈਰ ਇਸਦਾ ਮੇਲ ਪੰਜਾਬ ਨਾਲ ਕਰਵਾਉਣਾ ਵਾਜਬ ਨਹੀਂ ਹੈ।ਸਾਡੇ ਪੰਜਾਬ ਵਿੱਚ ਅਜ਼ਾਦੀ ਤੋਂ ਬਾਅਦ ਵੀ ਜੋ ਮਰਜ਼ੀ ਚੱਲੀ ਜਾਵੇ ਸਭ ਠੀਕ।

ਭੰਜਾਬ ਦੀਆਂ ਕਈ ਕਲਮਾਂ ਨੇ ਕਾਫੀ ਸਮੇਂ ਤੋ ਰੌਲਾ ਪਾਇਆ ਕਿ ਸਾਂਭੋ ਪੰਜਾਬ ਨੂੰ, ਊੜਾ, ਜੂੜਾ, ਮਾਂ ਬੋਲੀ, ਜ਼ਮੀਨ, ਸੱਭਿਆਚਾਰ ਤੇ ਭਾਈਚਾਰਕ ਏਕਤਾ ਦੀ ਰਾਖੀ ਕਰੋ।ਸੁਣੀ ਸਭ ਨੇ ਮਰਜ਼ੀ ਆਪਣੀ ਹੀ ਕੀਤੀ।ਹਾਲਾਤ ਦਿਨੋਂ—ਦਿਨ ਇਸ ਨਤੀਜੇ ਤੇ ਪੁੱਜੇ ਕਿ ਜੰਮਦੇ ਬੱਚੇ ਦਾ ਭਵਿੱਖ ਪਹਿਲਾਂ ਹੀ ਦਿੱਸਣ ਲੱਗ ਪੈਂਦਾ ਹੈ।ਭਗਵੰਤ ਮਾਨ ਦਾ ਇੱਕ ਗਾਣਾ ਹਾਲਾਤਾਂ ਅਨੁਸਾਰ ਦੂਰ ਦਰਸ਼ੀ ਰੱਖਦਾ ਹੋਇਆ ਬਿਲਕੁਲ ਢੁੱਕਵਾਂ ਹੈ :—

"ਚੱਕ ਤੇ ਟਿੱਬੇ ਲਾਤਾ ਝੋਨਾ,
ਧਰਤੀ ਕਹਿੰਦੇ ਉਗਲੇ ਸੋਨਾ"
ਸਬਮਰਸੀਬਲਾਂ ਨੇ ਖਿੱਚਤਾ ਪਾਣੀ,
ਫਸਲ ਬੀਜ ਲਈ ਧਰਤੀ ਖਾਣੀ,
ਰੇਹਾਂ ਪਾ ਸਪਰੇਆਂ ਮੰਡੀਆਂ 'ਚ ਲਾਤੀਆਂ ਢੇਰੀਆਂ,
ਨੀ ਅੱਜ ਕੱਲ ਦਿਖਦੀਆਂ ਨਹੀਂ ਕਿੱਕਰਾਂ,
ਟਾਹਲੀਆਂ, ਬੇਰੀਆਂ,
ਖੇਤੀ ਅੱਜ ਕੱਲ੍ਹ ਬਣ ਕੇ ਰਹਿ ਗਈ
ਸੌਦਾ ਮਿੱਤਰੋ ਘਾਟੇ ਦਾ,
ਅੰਨਦਾਤੇ ਨੂੰ ਫਿਕਰ ਖਾ ਗਿਆ,
ਦਾਲ, ਚੀਨੀ ਤੇ ਆਟੇ ਦਾ,
ਅੱਧੋਂ ਵੱਧ ਜਵਾਨੀ ਖਾ ਲਈ
ਲਾਲਚ ਖੋਰ ਕੈਮਿਸਟਾਂ ਨੇ,
ਨਸ਼ੇ 'ਚ ਉਜੜੇ ਘਰਾਂ ਦੀਆਂ
ਹੁਣ ਮਾਨਾਂ ਲੰਬੀਆਂ ਲਿਸਟਾਂ ਨੇ,
ਬਚਿਆ ਖੁਚਿਆ ਸਿਆਸਤ ਖਾ ਗਈ, ਠੱਗ ਚੋਰਾਂ ਕੋਲ ਤਾਕਤ ਆ ਗਈ,
ਫੁੱਲ ਉਗੇਂਦੀ ਧਰਤੀ ਤੇ ਉੱਗ ਪੈਣ ਨਾ ਥੋਰਾਂ, ਵਤਨ ਪੰਜਾਬ ਦੀਆਂ ਡਾਹਢੇ ਦੇ ਹੱਥ ਡੋਰਾਂ।

ਅਮਰੀਕਾ, ਕੈਨੇਡਾ, ਇੰਗਲੈਂਡ, ਯੂਰਪੀਅਨ ਅਤੇ ਅਰਬ ਵਰਗੇ ਮੁਲਕਾਂ ਵਿੱਚ ਸਾਡੇ ਮਿਹਨਤੀ ਅਤੇ ਪੜ੍ਹ—ਲਿਖੇ ਨੌਜਵਾਨ ਵਹੀਰਾਂ ਘੱਤ ਜਾ ਰਹੇ ਹਨ।2016 ਤੋਂ ਕੈਨੇਡਾ ਦਾ ਰੁਝਾਨ ਜ਼ਿਆਦਾ ਵਧਿਆ। 75 ਹਜ਼ਾਰ ਪੰਜਾਬੀ ਕੈਨੇਡਾ ਗਿਆ।ਕੈਨੇਡਾ ਨੇ 200 ਕਾਲਜ ਵਿਦੇਸ਼ੀਆਂ ਲਈ ਖੋਲੇ ਜਿਸਦਾ ਟੀਚਾ4 ਲੱਖ 94 ਹਜ਼ਾਰ ਸੀ। 2018 ਵਿੱਚ ਇੱਕ ਲੱਖ 25 ਹਜ਼ਾਰ ਵਿਦਿਆਰਥੀ ਪੰਜਾਬ ਤੋ ਕੈਨੇਡਾ ਗਿਆ।ਇਸੇ ਦੌਰਾਨ 25 ਹਜ਼ਾਰ ਵਿਦਿਆਰਥੀ ਆਸਟ੍ਰੇਲੀਆ ਗਿਆ।ਪੰਜਾਬ ਦਾ ਖਜ਼ਾਨਾ ਜਵਾਨੀ ਅਤੇ ਪੜ੍ਹਾਈ ਵਿਦੇਸ਼ਾਂ ਨੇ ਲੈ ਲਈ।ਹਰ ਸਾਲ 27 ਹਜ਼ਾਰ ਕਰੋੜ ਰੁਪਈਆ ਪੰਜਾਬੀਆਂ ਦਾ ਵਿਦੇਸ਼ੀ ਖਾਤਿਆਂ ਵਿੱਚ ਜਾਂਦਾ ਹੈ।ਕੈਨੇਡਾ ਦੀ 3 ਕਰੋੜ 60 ਲੱਖ ਅਬਾਦੀ ਹੈ।ਇਸ ਅਬਾਦੀ ਦਾ 1.3 ਫੀਸਦੀ ਪੰਜਾਬੀ ਹੈ।ਯੂਨਾਈਟਿਡ ਨੇਸ਼ਨਜ਼ ਆਫਿਸ ਆਫ ਡਰੱਗਜ਼ ਐਂਡ ਕਰਾਈਮ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚੋਂ 20 ਹਜ਼ਾਰ ਵਿਅਕਤੀ ਹਰ ਸਾਲ ਗੈਰ ਕਾਨੂੰਨੀ ਤਰੀਕੇ ਨਾਲ ਪ੍ਰਵਾਸ ਕਰਦੇ ਹਨ।ਪੰਜਾਬ ਵਿੱਚ 90 ਲੱਖ ਦੇ ਲਗਭਗ ਬੇਰੁਜਗਾਰੀ ਦਾ ਅੰਕੜਾ ਹੈ।ਸਰਕਾਰਾਂ ਇਸ ਵਿਸ਼ੇ ਤੇ ਚਿੰਤਾ ਮੁਕਤ ਰਹੀਆਂ।

ਪੰਜਾਬ ਦੇ ਹਰ ਪੱਖੋਂ ਬਣੇ ਹਾਲਾਤਾਂ ਨੇ ਅਵਿਸ਼ਵਾਸ਼ ਅਤੇ ਵਿਵਸਥਾ ਤੇ ਯਕੀਨ ਨਾ ਰਹਿਣ ਦੀ ਭਾਵਨਾ ਬਣਾ ਦਿੱਤੀ।ਜਿਸ ਵਿੱਚੋਂ "ਚੱਲ ਉੱਡ ਚੱਲੀਏ" ਦਾ ਹਿੱਕ ਉੱਤੇ ਪੱਥਰ ਧਰ ਕੇ ਮਨ ਬਣਾਉਣਾ ਪਿਆ ਅਤੇ ਪੈਂਦਾ ਹੈ ਜੋ ਭਵਿੱਖ ਵਿੱਚ ਵੀ ਬਰਕਰਾਰ ਰਹੇਗਾ।ਇਸ ਦੋੜ ਵਿੱਚ ਇਮੀਗਰੇਸ਼ਨ ਦੀ ਲੁੱਟ ਅਤੇ ਵਪਾਰੀਕਰਨ ਦਾ ਸਾਹਮਣਾ ਕਰਕੇ ਵੀ ਪੰਜਾਬੀ ਆਪਣੇ ਹਾਲਾਤਾਂ ਦੇ ਠੀਕ ਹੋਣ ਨੂੰ ਬਿਲਕੁਲ ਵੀ ਯਕੀਨ ਨਹੀਂ ਕਰਦੇ।ਡਾਕਟਰ ਸੁਰਜੀਤ ਪਾਤਰ ਦਾ ਸੁਨੇਹਾ ਪੰਜਾਬ ਦੇ ਹਾਲਾਤਾਂ ਤੇ ਪੂਰਾ ਢੁੱਕਦਾ ਹੈ :—

"ਏਥੋਂ ਕੁੱਲ ਪਰਿੰਦੇ ਹੀ ਉੱਡ ਗਏ,
ਏਥੋਂ ਮੇਘ ਆਉਂਦੇ ਵੀ ਮੁੜ ਗਏ,
ਏਥੋਂ ਕਰਨ ਅੱਜ ਕੱਲ੍ਹ ਬਿਰਖ ਵੀ,
ਕਿਤੇ ਹੋਰ ਜਾਣ ਦੇ ਮਸ਼ਵਰੇ"।

ਸ਼ਾਲਾ!ਪੰਜਾਬ ਦਾ ਖੁਸਿਆ ਰੁਤਬਾ ਬਹਾਲ ਹੋ ਕੇ ਪੁਰਾਣਾ ਪੰਜਾਬ ਰੁਜ਼ਗਾਰ ਮੁਖੀ, ਤਰੱਕੀ ਵਾਲਾ ਅਤੇ ਸਮੇਂ ਦਾ ਹਾਣੀ ਬਣਨ ਵਾਲਾ ਸੂਬਾ ਬਣੇ ਜਿਸ ਵਿੱਚ ਸਾਰੇ ਪੰਜਾਬੀ ਆਰਥਿਕ, ਸੱਭਿਆਚਾਰਕ, ਧਾਰਮਿਕ, ਸਿਹਤ, ਵਾਤਾਵਰਨ ਅਤੇ ਭਾਈਚਾਰਕ ਏਕਤਾ ਪੱਖੋਂ ਮੁੜ ਬਲਵਾਨ ਬਣਨ ਤਾਂ ਜੋ ਵਿਦੇਸ਼ੀ ਨਾਗਰਿਕ ਬਣਨ ਦਾ ਰੁਝਾਨ ਰੁਕੇ।ਸ਼ੌਂਕ ਦੇ ਤੌਰ ਤੇ ਜ਼ਰੂਰ ਜਾਣ।ਤੇਰੀ ਜੈ ਪੰਜਾਬੀ ਮਾਤਾ।

---

# ਆਪਣੀ ਜਿੰਮੇਵਾਰੀ ਆਪ ਚੁੱਕੋ



ਲਿਖਤ
ਹਰਕੀਰਤ ਕੌਰ
9779118066

ਸਾਡੀ ਮਨੁੱਖਾਂ ਦੀ ਆਦਤ ਹੈ ਕਿ ਅਸੀਂ ਜਿਆਦਾਤਰ ਆਪਣੇ ਅਣਸੁਖਾਵੇਂ ਹਲਾਤਾਂ ਦੇ ਜਿੰਮੇਵਾਰ ਦੂਸਰਿਆਂ ਨੂੰ ਠਹਿਰਾਉਂਦੇ ਹਾਂ। ਜੇਕਰ ਕੋਈ ਨਿਰਾਸ਼ ਹੁੰਦਾ ਹੈ ਤਾਂ ਜਿਆਦਾਤਰ ਕੋਸ਼ਿਸ਼ ਇਹ ਹੁੰਦੀ ਹੈ ਕਿ ਇਸਦਾ ਸਿਹਰਾ ਕਿਸ ਸਿਰ ਬੰਨਿਆ ਜਾਵੇ ਤਾਂ ਜੋ ਨਿਰਾਸ਼ਤਾ ਦੇ ਕਾਰਨ ਜੋ ਬਚੈਨੀ ਜਾਂ ਕਰੋਧ ਆ ਰਿਹਾ ਹੈ ਉਹ ਕਿਸੇ ਦੂਸਰੇ ਉੱਪਰ ਕੱਢ ਸਕੀਏ । ਇਸ ਗੱਲ ਨੂੰ ਅਸੀਂ ਦੁਰਕਾਰ ਨਹੀਂ ਸਕਦੇ । ਅੱਜ ਦੀ ਭੱਜਦੌੜ ਵਾਲੀ ਜਿੰਦਗੀ ਵਿੱਚ ਇਹ ਹਰ ਘਰ ਦੀ ਕਹਾਣੀ ਬਣੀ ਹੋਈ ਹੈ। ਅਸੀਂ ਲੋਕ ਹਮੇਸ਼ਾ ਦੂਸਰਿਆਂ ਦੇ ਕੰਨੀ ਝਾਕਦੇ ਰਹਿੰਦੇ ਹਾਂ। ਆਪਣੇ ਹੱਥੀ ਕੁਝ ਕਰਨਾ ਸਾਨੂੰ ਬਹੁਤ ਭਾਰੀ ਲੱਗਦਾ ਹੈ। ਘਰੇਲੂ ਕੰਮਾਂ ਤੋਂ ਲੈਕੇ ਸਾਡੇ ਜੀਵਨ ਨੂੰ ਲੀਹ ਤੇ ਲਿਆਉਣ ਤੱਕ ਦੇ ਫੈਂਸਲਿਆਂ ਤੱਕ ਅਸੀਂ ਲੋਕਾਂ ਉੱਪਰ ਨਿਰਭਰ ਰਹਿੰਦੇ ਹਾਂ। ਦੂਸਰਿਆਂ ਉੱਪਰ ਨਿਰਭਰ ਹੋਣ ਜਾਂ ਹਮੇਸ਼ਾ ਰਿੱਜੀ ਖੀਰ ਭਾਲਣ ਵਾਲਿਆਂ ਦੇ ਸਾਹਮਣੇ ਦੋ ਸਥਿਤੀਆਂ ਹਮੇਸ਼ਾ ਆਉਂਦੀਆਂ ਹਨ। ਇਸ ਵਿੱਚੋਂ ਪਹਿਲੀ ਸਥਿਤੀ ਇਹ ਹੁੰਦੀ ਹੈ ਕਿ ਪਹਿਲਾਂ ਤਾਂ ਅਸੀਂ ਆਪਣੇ ਜੀਵਨ ਦੀ ਜਿੰਮੇਵਾਰੀ ਆਪ ਚੁੱਕਦੇ ਹੀ ਨਹੀਂ ਹਾਂ, ਬੱਚੇ ਜਿਆਦਾਤਰ ਮਾਪਿਆਂ ਉੱਪਰ ਹੀ ਨਿਰਭਰ ਹੋਏ ਰਹਿੰਦੇ ਹਨ, ਜੇਕਰ ਮਾਪਿਆਂ ਨੇ ਬੱਚਿਆਂ ਨੂੰ ਪੜ੍ਹਾ ਲਿਖਾ ਦਿੱਤਾ ਹੈ ਤਾਂ ਹੁਣ ਬੱਚਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣਾ ਰੁਜ਼ਗਾਰ ਆਪ ਲੱਭਣ। ਖੁਦ ਹਿੰਮਤ ਕਰਨ ਤੇ ਨੌਕਰੀਆਂ ਲੱਭਣ। ਆਪਣੇ ਆਪ ਦੀ ਜਿੰਮੇਵਾਰੀ ਚੁੱਕਦੇ ਹੋਏ ਮਾਪਿਆਂ ਦੇ ਹੱਥਾਂ ਵੱਲ ਨਾ ਵੇਖਣ ਬਲਕਿ ਮਾਪਿਆਂ ਨੂੰ ਕਮਾ ਕੇ ਦੇਣ। ਪਰ ਬਹੁਤ ਸਾਰੇ ਨੌਜਵਾਨ ਅਜਿਹੇ ਹੁੰਦੇ ਹਨ ਜੋ ਪੜਾਈ ਲਿਖਾਈ ਕਰਨ ਉਪਰੰਤ ਵੀ ਮਾਪਿਆਂ ਕੋਲੋਂ ਆਸ ਰੱਖਦੇ ਹਨ ਕਿ ਹੁਣ ਨੌਕਰੀ ਜਾਂ ਕਾਰੋਬਾਰ ਵੀ ਉਹੀਓ ਸ਼ੁਰੂ ਕਰ ਕੇ ਦੇਣ। ਜੋ ਕਿ ਬਿਲਕੁਲ ਗਲਤ

ਅਤੇ ਗੈਰ ਜਿੰਮੇਵਾਰੀ ਵਾਲੀ ਹਰਕਤ ਹੈ। ਇਸ ਤੋਂ ਇਲਾਵਾ ਦੂਸਰੀ ਸਥਿਤੀ ਇਹ ਹੁੰਦੀ ਹੈ ਕਿ ਕੁਝ ਮਾਪੇ ਆਪਣੇ ਬੱਚਿਆਂ ਨੂੰ ਜਿੰਮੇਵਾਰੀ ਚੁੱਕਣ ਹੀ ਨਹੀਂ ਦਿੰਦੇ, ਉਹਨਾਂ ਦੇ ਹਰ ਫੈਸਲੇ ਨੂੰ ਨਿਕਾਰ ਦਿੱਤਾ ਜਾਂਦਾ ਹੈ । ਬੱਚਿਆਂ ਦੀ ਪੜਾਈ ਲਿਖਾਈ ਤੋਂ ਲੈਕੇ ਨੌਕਰੀ ਤੱਕ ਮਾਪੇ ਏਨੀ ਜਿਆਦਾ ਸਖਤਾਈ ਰੱਖਦੇ ਹਨ ਕਿ ਬੱਚਿਆਂ ਉਪਰ ਕਈ ਅਜਿਹੇ ਫੈਸਲੇ ਥੋਪ ਦਿੱਤੇ ਜਾਂਦੇ ਹਨ , ਜਿਸ ਵਿੱਚ ਉਹ ਕਦੇ ਵੀ ਖੁਸ਼ ਨਹੀਂ ਹੁੰਦੇ। ਅਜਿਹੀਆਂ ਹਾਲਤਾਂ ਵਿੱਚ ਨਿਰਾਸ਼ਤਾ ਦੇ ਆਲਮ ਲੋਕਾਂ ਦੀਆਂ ਜ਼ਿੰਦਗੀਆਂ ਤੇ ਆ ਚੜਦੇ ਹਨ ਤੇ ਫਿਰ ਸ਼ੁਰੂ ਹੁੰਦਾ ਹੈ ਇੱਕ ਦੂਸਰੇ ਉੱਪਰ ਇਲਜ਼ਾਮ ਲਾਉਣ ਦਾ ਸਿਲਸਿਲਾ, ਜਿਸ ਦਾ ਅੰਤ ਕਲੇਸ਼ ਦੇ ਰੂਪ ਵਿੱਚ ਹੁੰਦਾ ਹੈ।

ਹੁਣ ਇਹਨਾਂ ਦੋਨਾਂ ਸਥਿਤੀਆਂ ਨੂੰ ਜਾਨਣ ਉਪਰੰਤ ਹੁਣ ਦੋ ਚੀਜ਼ਾਂ ਸਾਹਮਣੇ ਆਉਦੀਆਂ ਹਨ , ਇੱਕ ਤਾਂ ਇਹ ਕਿ ਕੁਝ ਬੱਚੇ (ਨੌਜਵਾਨ) ਸਾਰੀ ਉਮਰ ਆਪਣੀ ਜਿੰਮੇਵਾਰੀ ਚੁੱਕਣਾ ਹੀ ਨਹੀਂ ਚਾਉਂਦੇ। ਉਹ ਹਮੇਸ਼ਾ ਚਾਹੰਦੇ ਹਨ ਕਿ ਉਹਨਾਂ ਦੇ ਮਾਪੇ ਹੀ ਉਹਨਾਂ ਦੇ ਸਾਰੇ ਕੰਮ ਕਰਨ ਤੇ ਇੱਕ ਅਜਿਹੇ ਮਾਪੇ ਜੋ ਆਪਣੇ ਬੱਚਿਆਂ ਨੂੰ ਕੋਈ ਜਿੰਮੇਵਾਰੀ ਦੇਣਾ ਹੀ ਨਹੀਂ ਚਾਹੁੰਦੇ ਅਤੇ ਸਾਰੀ ਉਮਰ ਆਪਣੇ ਫੈਂਸਲਿਆਂ ਉੱਤੇ ਹੀ ਨਿਰਭਰ ਰੱਖਣਾ ਚਾਹੁੰਦੇ ਹਨ। ਇਹਨਾਂ ਦਾ ਸਿੱਟਾ ਇਹ ਨਿਕਲਦਾ ਹੈ ਕਿ ਦੋਨਾਂ ਹੀ ਸਥਿਤੀਆਂ ਵਿੱਚ ਇੱਕ ਚੰਗੀ ਸ਼ਖਸੀਅਤ ਦਾ ਨਿਰਮਾਣ ਨਹੀਂ ਹੋ ਸਕਦਾ। ਇੱਕ ਚੰਗੀ ਸ਼ਖਸੀਅਤ ਤਾਂ ਹੀ ਸਿਰਜੀ ਜਾਂ ਸਕਦੀ ਹੈ ਜੇਕਰ ਹਰ ਕੋਈ ਆਪਣੀ

ਜਿੰਮੇਵਾਰੀ ਆਪ ਚੁੱਕੇ। ਸਾਨੂੰ ਆਪਣੀ ਜਿੰਦਗੀ ਦੇ ਹਰ ਫੈਸਲਾ ਆਪ ਲੈਣਾ ਚਾਹੀਦਾ ਹੈ ਹਾਂ ਇਹ ਜਰੂਰ ਕਿ ਉਸ ਵਿੱਚ ਤੁਸੀਂ ਆਪਣੇ ਮਾਪਿਆਂ ਅਤੇ ਹੋਰ ਤਜ਼ਰਬੇਕਾਰ ਲੋਕਾਂ ਦੀ ਸਲਾਹ ਜਰੂਰ ਲੈ ਸਕਦੇ ਹੋ ਪਰ ਤੁਹਾਡੀ ਜਿੰਦਗੀ ਦੇ ਫ਼ੈਸਲੇ ਤੁਹਾਡੇ ਦੁਆਰਾ ਲਏ ਹੋਣੇ ਚਾਹੀਦੇ ਹਨ ਤਾਂ ਜੋ ਕੱਲ ਨੂੰ ਜੋ ਵੀ ਨਤੀਜਾ ਆਉਦਾ ਹੈ ਤਾਂ ਉਸਦੇ ਜਿੰਮੇਵਾਰ ਵੀ ਤੁਸੀਂ ਆਪ ਹੋ ਸਕੋ। ਇਸੇ ਤਰ੍ਹਾਂ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਕੋਈ ਜਿੰਮੇਵਾਰ ਆਪ ਨਹੀਂ ਚੁੱਕਣ ਦਿੰਦੇ ਤਾਂ ਭਵਿੱਖ ਵਿੱਚ ਬੱਚੇ ਦੇ ਅਸਫ਼ਲ ਹੋਣ ਕਾਰਨ ਮਾਪਿਆਂ ਨੂੰ ਬਹੁਤ ਕੁਝ ਸੁਣਨਾ ਪੈਂਦਾ ਹੈ।

ਥੋੜੇ ਸਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਾਨੂੰ ਆਪਣੇ ਆਪ ਦੀ ਜਿੰਮੇਵਾਰੀ ਆਪ ਚੁੱਕਣੀ ਚਾਹੀਦੀ ਹੈ। ਜਿਹੜੇ ਲੋਕ ਹਮੇਸ਼ਾ ਦੂਸਰਿਆਂ ਦਾ ਸਹਾਰਾ ਤੱਕਦੇ ਰਹਿੰਦੇ ਹਨ, ਉਹ ਹਮੇਸ਼ਾ ਹੋਰਾਂ ਲਈ ਤੇ ਆਪਣੇ ਆਪ ਲਈ ਵੀ ਬੋਝ ਬਣ ਕੇ ਰਹਿ ਜਾਂਦੇ ਹਨ। ਇੱਕ ਵਧੀਆ, ਬੇਬਾਕ ਸ਼ਖਸੀਅਤ ਲਈ ਜਰੂਰੀ ਹੈ ਕਿ ਤੁਸੀ ਆਪਣੇ ਜੀਵਨ ਦੇ ਨਿਰਮਾਤਾ ਆਪ ਬਣੋ। ਆਪਣੇ ਨਿੱਕੇ ਨਿੱਕੇ ਕੰਮਾਂ ਤੋਂ ਲੈਕੇ ਜਿੰਦਗੀ ਦੇ ਵੱਡੇ ਫੈਸਲਿਆਂ ਤੱਕ ਦੀ ਜਿੰਮੇਵਾਰੀ ਆਪ ਚੁੱਕੋ। ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨੂੰ ਛੋਟੇ ਛੋਟੇ ਫੈਸਲੇ ਕਰਨ ਦੇ ਮੌਕੇ ਦੇਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਬੱਚੇ ਆਪਣੇ ਜੀਵਨ ਨੂੰ ਵਧੀਆ ਤਰੀਕੇ ਨਾਲ ਤੋਰ ਸਕਣ। ਬਚਪਨ ਤੋਂ ਨਿੱਕੀਆਂ ਨਿੱਕੀਆਂ ਜਿੰਮੇਵਾਰੀਆਂ ਤੇ ਫੈਸਲੇ ਲੈਣ ਦੀ ਆਦਤ ਬੱਚਿਆਂ ਨੂੰ ਭਵਿੱਖ ਦੇ ਸੂਝਵਾਨ ਫੈਂਸਲਾ ਨਿਰਮਾਤਾ ਬਣਾਵੇਗੀ। ਇਸ ਲਈ ਨੌਜਵਾਨ ਬੱਚਿਆਂ ਨੂੰ ਆਪਣੇ ਜੀਵਨ ਦੀ ਜਿੰਮੇਵਾਰੀ ਆਪ ਚੁੱਕਣੀ ਚਾਹੀਦੀ ਹੈ ਅਤੇ ਮਾਪਿਆਂ ਨੂੰ ਇਸ ਵਿੱਚ ਬੱਚਿਆਂ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।



# ਸ਼ਰਨਾਰਥੀ

ਲਿਖਤ : ਡਾ. ਬੀਨਾ ਬੁਦਕੀ, ਸੰਪਰਕ: 98998-32513
– ਪੰਜਾਬੀ ਰੂਪ: ਅਵਤਾਰ ਸਿੰਘ ਢਿੱਲੋਂ

ਕਰਫਿਊ, ਹੜਤਾਲ ਅਤੇ ਗੋਲੀ ਨਾਲ ਮਰਦੇ ਮਾਸੂਮ ਲੋਕ। ਰਾਕੇਸ਼ ਦੀ ਮੌਤ ਨੇ ਪ੍ਰਾਨਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਹ ਰੋਜ਼ ਸਵੇਰੇ ਪੁਰਖੂ ਕੈਂਪ ਤੋਂ ਸਾਂਬਾ ਵਿੱਚ ਕੰਮ ਕਰਨ ਜਾਂਦਾ ਸੀ। ਪਿਛਲੇ ਇੱਕ ਮਹੀਨੇ ਤੋਂ ਜੰਮੂ ਵਿੱਚ ਬਾਬਾ ਅਮਰਨਾਥ ਜ਼ਮੀਨ ਵਿਵਾਦ ਕਰਕੇ ਹੜਤਾਲਾਂ, ਕਰਫਿਊ ਅਤੇ ਅਨੇਕ ਵਾਰਦਾਤਾਂ ਹੋ ਰਹੀਆਂ ਸਨ। ਦੇਰ ਰਾਤ ਤੱਕ ਰਾਕੇਸ਼ ਦੇ ਵਾਪਸ ਨਾ ਆਉਣ 'ਤੇ ਰਾਗਿਨੀ ਪਰੇਸ਼ਾਨ ਪ੍ਰਾਨਾ ਕੋਲ ਆਈ। ਹੌਲੀ ਹੌਲੀ ਸਭ ਨੂੰ ਪਤਾ ਲੱਗਿਆ ਅਤੇ ਕੈਂਪ ਦੇ ਨੌਜਵਾਨ ਉਸ ਨੂੰ ਲੱਭਣ ਤੁਰ ਪਏ। ਸਵੇਰ ਹੋ ਗਈ ਪਰ ਰਾਕੇਸ਼ ਦਾ ਕੁਝ ਪਤਾ ਨਾ ਲੱਗਿਆ। ਸਵੇਰ ਹੁੰਦੇ ਹੀ ਰਾਗਿਨੀ ਵੀ ਉਸ ਨੂੰ ਲੱਭਣ ਸਾਰਿਆਂ ਦੇ ਨਾਲ ਚੱਲ ਪਈ। ਕਾਲੂ ਚੱਕ ਦੇ ਕੋਲ ਇੱਕ ਚਾਹ ਵਾਲੇ ਨੇ ਦੱਸਿਆ ਕਿ ਇੱਕ ਆਦਮੀ ਦੀ ਲਾਸ਼ ਹੁਣ ਤੱਕ ਇਧਰ ਪਈ ਸੀ। ਹੁਣੇ ਹੁਣੇ ਪੁਲੀਸ ਵਾਲੇ ਉਸ ਨੂੰ ਚੁੱਕ ਕੇ ਉਸ ਪਾਸੇ ਲੈ ਗਏ ਨੇ। ਰਾਗਿਨੀ ਅਤੇ ਹੋਰ ਸਾਰੇ ਪਾਗਲਾਂ ਵਾਂਗ ਉੱਧਰ ਨੂੰ ਭੱਜਣ ਲੱਗੇ। ਜੰਗਲ ਵਿੱਚ ਸੁੰਨਸਾਨ ਥਾਂ ਚਾਰ ਪੁਲੀਸ ਵਾਲੇ ਕਿਸੇ ਦਾ ਦਾਹ ਸਸਕਾਰ ਕਰਨ ਦੀ ਤਿਆਰੀ ਕਰ ਰਹੇ ਸਨ। ਲੋਕਾਂ ਨੂੰ ਆਉਂਦਿਆਂ ਦੇਖ ਕੇ ਪੁਲੀਸ ਵਾਲਿਆਂ ਨੇ ਅੱਗ ਲਗਾ ਦਿੱਤੀ ਤੇ ਭੱਜਣ ਲੱਗੇ। ਰਾਗਿਨੀ ਵੀ ਭੱਜਦੀ ਹੋਈ ਉੱਥੇ ਪਹੁੰਚੀ, ਉੱਥੇ ਹੀ ਰਾਕੇਸ਼ ਦੀ ਜੈਕੇਟ ਉਸ ਨੂੰ ਦਿਸੀ। ਸਾਰਿਆਂ ਨੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਫਿਰ ਵੀ ਰਾਕੇਸ਼ ਦੀ ਅਧਸੜੀ ਲਾਸ਼ ਮਿਲੀ। ਕਾਹਲੀ ਵਿੱਚ ਪੁਲੀਸ ਵਾਲੇ ਜੈਕੇਟ ਚੁੱਕਣੀ ਭੁੱਲ ਗਏ ਸਨ। ਰਾਕੇਸ਼ ਦੀ ਅਧਸੜੀ ਲਾਸ਼ ਨੂੰ ਕੂੜੇ ਦੇ ਢੇਰ 'ਤੇ ਪੈਟਰੋਲ ਪਾ ਕੇ ਪੁਲੀਸ ਵਾਲਿਆਂ ਨੇ ਸਾੜਿਆ ਸੀ।

ਰਾਕੇਸ਼ ਦੀ ਲਾਸ਼ ਨੇ ਸ਼ਹਿਰ ਵਿੱਚ ਤਣਾਅ ਨੂੰ ਵਧਾਉਣ ਲਈ ਬਲਦੀ 'ਚ ਤੇਲ ਦਾ ਕੰਮ ਕੀਤਾ। ਸਿਆਸੀ ਪਾਰਟੀਆਂ ਵੀ ਉਸ ਨੂੰ ਮੁੱਦਾ ਬਣਾ ਕੇ ਖ਼ੂਬ ਚੁੱਕਣ ਲੱਗੀਆਂ, ਪਰ ਰਾਗਿਨੀ ਆਪਣੇ ਮਾਸੂਮ ਬੱਚੇ ਨੂੰ ਗੋਦ ਵਿੱਚ ਲੈ ਕੇ ਕਿਸੇ ਤੋਂ ਕੀ ਨਿਆਂ ਮੰਗਦੀ? ਸਰਕਾਰ ਤੇ ਸਿਆਸੀ ਪਾਰਟੀਆਂ ਨੇ ਭਰੋਸੇ ਦਿੱਤੇ, ਉਮੀਦਾਂ ਜਗਾਈਆਂ। ਘੱਟ ਪੜ੍ਹੀ-ਲਿਖੀ ਰਾਗਿਨੀ ਨੂੰ ਆਪਣਾ ਭਵਿੱਖ ਹਨੇਰੇ 'ਚ ਡੁੱਬਿਆ ਦਿਖਾਈ ਦੇ ਰਿਹਾ ਸੀ ਕਿ ਕਿਵੇਂ ਪਾਲੇਗੀ ਇਸ ਮਾਸੂਮ ਬੱਚੇ ਨੂੰ? ਪ੍ਰਾਨਾ ਉਸ ਨੂੰ ਹਰ ਤਰੀਕੇ ਨਾਲ ਢਾਰਸ ਦੇ ਰਹੀ ਸੀ। ਬੇਟੇ ਲਈ ਜਿਉਣ ਦੀ ਮੰਜ਼ਿਲ ਦਿਖਾਈ, ਪਰ ਅੰਦਰ ਹੀ ਅੰਦਰ ਉਹ ਖ਼ੁਦ ਟੁੱਟ ਰਹੀ ਸੀ। ਘਰ ਆ ਕੇ ਇੱਕ ਕੋਨੇ ਵਿੱਚ ਨਿਢਾਲ ਜਿਹੀ ਡਿੱਗ ਪਈ। ਪਿਛਲੇ 25 ਸਾਲ ਉਸ ਦੀਆਂ ਅੱਖਾਂ ਮੂਹਰੇ ਤਸਵੀਰਾਂ ਵਾਂਗ ਘੁੰਮਣ ਲੱਗੇ।

ਕਸ਼ਮੀਰ ਦੇ ਪਹਿਲਗਾਮ ਪਿੰਡ ਵਿੱਚ ਉਹ ਪੰਮਪੋਸ਼ ਦੀ ਪਤਨੀ ਬਣ ਕੇ ਆਈ ਸੀ। ਮਾਂ ਬਾਪ ਦੀ ਇਕਲੌਤੀ ਧੀ ਪ੍ਰਾਨਾ ਬੇਹੱਦ ਖ਼ੂਬਸੂਰਤ ਸੀ। ਪੰਮਪੋਸ਼, ਉਸ ਦੀ ਮਾਂ ਅਤੇ ਖ਼ੁਦ, ਬਸ ਇਹੀ ਛੋਟੀ ਜਿਹੀ ਦੁਨੀਆਂ ਸੀ। ਦੋ ਸਾਲਾਂ ਬਾਅਦ ਪ੍ਰਾਨਾ ਨੇ ਸ਼ੀਨ ਨੂੰ ਜਨਮ ਦਿੱਤਾ। ਕੰਮ ਵੀ ਕਰਦੀ, ਪੰਮਪੋਸ਼ ਬਾਰਾਮੂਲਾ ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਅਧਿਆਪਕ ਸੀ। ਮੂੰਹ ਹਨੇਰੇ ਨਿਕਲ ਕੇ ਰਾਤ ਨੂੰ ਵਾਪਸ ਆਉਂਦਾ। ਪ੍ਰਾਨਾ ਜ਼ਿਆਦਾਤਰ ਰਾਤ ਨੂੰ ਕੱਪੜੇ ਧੋ ਕੇ ਬਾਹਰ ਸੁਕਾਉਂਦੀ ਸੀ। ਇੱਕ ਦਿਨ ਸਵੇਰੇ ਬਾਹਰ ਸੁਕਾਏ ਹੋਏ ਸਾਰੇ ਕੱਪੜੇ ਗਾਇਬ ਸਨ। ਹੈਰਾਨ ਪ੍ਰੇਸ਼ਾਨ ਪ੍ਰਾਨਾ ਸਾਰੇ ਪਾਸੇ ਲੱਭਦੀ ਰਹੀ, ਪਰ ਉਸ ਨੂੰ ਕੁਝ ਦੂਰੀ 'ਤੇ ਇੱਕ ਸਵੈਟਰ ਮਿਲਿਆ। ਅਜਿਹੀ ਘਟਨਾ ਪਿੰਡ ਵਿੱਚ ਕਦੇ ਨਹੀਂ ਵਾਪਰੀ ਸੀ। ਪੂਰੇ ਪਿੰਡ ਵਿੱਚ ਸਨਸਨੀ ਜਿਹੀ ਫੈਲ ਗਈ। ਸਾਰਿਆਂ ਦੇ ਦਿਲਾਂ ਵਿੱਚ ਦਹਿਸ਼ਤ ਸੀ ਮਤੇ ਅਤਿਵਾਦੀ ਉਨ੍ਹਾਂ ਦੇ ਪਿੰਡ ਵਿੱਚ ਵੀ ਤਾਂ ਨਹੀਂ ਆ ਗਏ। ਪਿਛਲੇ ਕੁਝ ਮਹੀਨਿਆਂ ਤੋਂ ਕੁਝ ਪਿੰਡਾਂ ਵਿੱਚ ਕਈ ਵਾਰਦਾਤਾਂ ਹੋਈਆਂ ਸਨ।

ਉਦੋਂ ਹੀ ਸਾਹਮਣਿਉਂ ਦੌੜਦਾ ਹੋਇਆ ਟਾਈਗਰ ਖ਼ੂਨ ਨਾਲ ਲੱਥਪਥ ਦਿਖਾਈ ਦਿੱਤਾ। ਪ੍ਰਾਨਾ ਨੇ ਉਸ ਸਵੈਟਰ ਨੂੰ ਵੀ ਉੱਥੇ ਹੀ ਛੱਡ ਕੇ ਟਾਈਗਰ ਨੂੰ ਫੜਿਆ। ਘਰ ਲਿਜਾ ਕੇ ਉਸ ਦੀ ਮੱਲ੍ਹਮ ਪੱਟੀ ਕੀਤੀ। ਟਾਈਗਰ ਦੀ ਅਜਿਹੀ ਹਾਲਤ ਦੇਖ ਕੇ ਸਾਰਿਆਂ ਨੂੰ ਵਿਸ਼ਵਾਸ ਹੋ ਗਿਆ ਕਿ ਅਤਿਵਾਦੀ ਪਿੰਡ ਵਿੱਚ ਆ ਚੁੱਕੇ ਨੇ।

ਖ਼ੌਫ਼, ਦਹਿਸ਼ਤ ਦਾ ਪਹਿਲਾ ਬੀਜ ਪਿੰਡ ਦੇ ਘਰ ਘਰ ਵਿੱਚ ਬੀਜਿਆ ਜਾ ਚੁੱਕਿਆ ਸੀ। ਹਰ ਰਾਤ ਸਾਰਿਆਂ ਦੀ ਬੇਚੈਨੀ ਨਾਲ ਲੰਘਦੀ। ਜਦੋਂ ਤਕ ਘਰ ਦੇ ਮਰਦ ਸਹੀ ਸਲਾਮਤ ਘਰ ਨਾ ਆ ਜਾਂਦੇ, ਉਦੋਂ ਤੱਕ ਔਰਤਾਂ ਕਈ ਤਰ੍ਹਾਂ ਦੇ ਜਾਪ ਕਰਦੀਆਂ ਰਹਿੰਦੀਆਂ। ਪੰਮਪੋਸ਼ ਵੀ ਰੋਜ਼ ਘਰ ਆਉਂਦੇ ਵਕਤ ਘਰ ਦੀਆਂ ਸਾਰੀਆਂ ਜ਼ਰੂਰੀ ਚੀਜ਼ਾਂ, ਸਬਜ਼ੀਆਂ, ਦੁੱਧ ਆਦਿ ਲਿਆਉਂਦਾ। ਉਸ ਰਾਤ ਪੰਮਪੋਸ਼ ਸਬਜ਼ੀ ਖਰੀਦ ਰਿਹਾ ਸੀ ਕਿ ਗੋਲੀਆਂ ਦੀਆਂ ਆਵਾਜ਼ਾਂ ਸੁਣ ਕੇ ਸਾਰੇ ਇੱਧਰ ਉੱਧਰ ਭੱਜਣ ਲੱਗੇ। ਪੰਮਪੋਸ਼ ਵੀ ਘਰ ਵੱਲ ਤੇਜ਼ ਤੇਜ਼ ਕਦਮਾਂ ਨਾਲ ਚੱਲਣ ਲੱਗਿਆ। ਦੋਵਾਂ ਹੱਥਾਂ ਵਿੱਚ ਸਾਮਾਨ ਨਾਲ ਭਰੇ ਝੋਲੇ। ਪੰਮਪੋਸ਼ ਕੁਝ ਹੀ ਦੂਰੀ 'ਤੇ ਸੀ ਕਿ ਪਤਾ ਨਹੀਂ ਕਿੱਧਰੋਂ ਆਈ ਗੋਲੀ ਉਸ ਦੇ ਸਿਰ ਦੇ ਆਰ-ਪਾਰ ਲੰਘ ਗਈ। ਖ਼ੂਨ ਨਾਲ ਲੱਥਪਥ ਪੰਮਪੋਸ਼ ਉੱਥੇ ਹੀ ਡਿੱਗ ਪਿਆ। ਭੱਜਦੇ ਲੋਕਾਂ 'ਚੋਂ ਦੀਨਾ ਨਾਥ ਨੇ ਉਸ ਨੂੰ ਪਛਾਣਿਆ ਅਤੇ ਪੰਮਪੋਸ਼ ਦੀ ਮਾਂ ਕਾਕਨੀ ਨੂੰ ਉੱਥੋਂ ਹੀ ਆਵਾਜ਼ ਮਾਰੀ। ਦੀਨਾ ਨਾਥ ਦੀ ਆਵਾਜ਼ ਸੁਣ ਕੇ ਕਾਕਨੀ ਅਤੇ ਪ੍ਰਾਨਾ ਵੀ ਭੱਜਦੀਆਂ ਆਈਆਂ। ਪੰਮਪੋਸ਼ ਨੂੰ ਹਸਪਤਾਲ ਤਾਂ ਪਹੁੰਚਾਇਆ, ਪਰ ਖ਼ੂਨ ਇੰਨਾ ਵਹਿ ਗਿਆ ਸੀ ਕਿ ਉਹ ਹਸਪਤਾਲ ਪਹੁੰਚਦੇ ਹੀ ਦਮ ਤੋੜ ਗਿਆ।

ਕਾਕਨੀ ਤੇ ਪ੍ਰਾਨਾ ਜ਼ਾਰੋ-ਜ਼ਾਰ ਰੋ ਰਹੀਆਂ ਸਨ। ਪੂਰੇ ਪਿੰਡ ਵਿੱਚ ਪਹਿਲਾਂ ਹੀ ਖ਼ਬਰ ਫੈਲ ਚੁੱਕੀ ਸੀ। ਉਦੋਂ ਹੀ ਪਿੰਡ ਵਾਲੇ ਹਸਪਤਾਲ ਪਹੁੰਚ ਗਏ। ਜਿਵੇਂ-ਕਿਵੇਂ ਪੰਮਪੋਸ਼ ਦੀ ਲਾਸ਼ ਨੂੰ ਘਰ ਪਹੁੰਚਾਇਆ ਗਿਆ। ਪ੍ਰਾਨਾ ਦੇ ਮਾਂ ਬਾਪ ਨੂੰ ਵੀ ਸਪੋਰ ਵਿੱਚ ਜਿਉਂ ਹੀ ਇਹ ਖ਼ਬਰ ਮਿਲੀ, ਉਹ ਲੁੱਟੇ ਪੁੱਟੇ ਉੱਥੇ ਪਹੁੰਚੇ।

ਪਿੰਡ ਵਾਲਿਆਂ ਨੇ ਹੀ ਮਿਲ ਕੇ ਸਾਰਾ ਇੰਤਜ਼ਾਮ ਕੀਤਾ। ਕਈ ਦਿਨਾਂ ਤੱਕ ਪ੍ਰਾਨਾ ਅਤੇ ਕਾਕਨੀ ਨੂੰ ਪਿੰਡ ਦੀਆਂ ਔਰਤਾਂ ਨੇ ਆਪਣੇ ਸੀਨੇ ਨਾਲ ਲਗਾ ਕੇ ਰੱਖਿਆ। ਉਨ੍ਹਾਂ ਦੇ ਘਰ ਦੀਆਂ ਜ਼ਰੂਰਤਾਂ ਦਾ ਵੀ ਕੋਈ ਨਾ ਕੋਈ ਬਿਨਾਂ ਕਹੇ ਬੰਦੋਬਸਤ ਕਰ ਦਿੰਦਾ। ਹੌਲੀ ਹੌਲੀ ਪ੍ਰਾਨਾ ਨੇ ਖ਼ੁਦ ਨੂੰ ਸੰਭਾਲਿਆ ਤੇ ਘਰ ਦੀ ਜ਼ਿੰਮੇਵਾਰੀ ਨੂੰ ਵੀ। ਉਸ ਦੀ ਸਮਝ ਵਿੱਚ ਨਹੀਂ ਆਉਂਦਾ ਸੀ ਕਿ ਉਹ ਕੀ ਕਰੇ, ਕਿਵੇਂ ਸ਼ੀਨ ਤੇ ਕਾਕਨੀ ਨੂੰ ਪਾਲੇ। ਕਾਕਨੀ ਪਸ਼ਮੀਨੇ ਦਾ ਸੂਤ ਕੱਤਦੀ ਅਤੇ ਪੁਰਾਣੀਆਂ ਸ਼ਾਲਾਂ 'ਤੇ ਧਾਗੇ ਅਤੇ ਤਿੱਲੇ ਦਾ ਕੰਮ ਕਰ ਕੇ ਘਰ ਦਾ ਖਰਚ ਚਲਾਉਂਦੀ।

ਪੰਮਪੋਸ਼ ਦੀ ਮੌਤ ਤੋਂ ਬਾਅਦ ਟਾਈਗਰ ਵੀ ਦਿਨ ਰਾਤ ਘਰ ਦੀ ਦਹਿਲੀਜ਼ 'ਤੇ ਬੈਠਾ ਰਹਿੰਦਾ। ਪ੍ਰਾਨਾ ਘਰ ਦੇ ਬਾਹਰ ਕਿਤੇ ਵੀ ਜਾਂਦੀ ਤਾਂ ਟਾਈਗਰ ਸੁਰੱਖਿਆ ਵਾਲਿਆਂ ਵਾਂਗ ਨਾਲ ਨਾਲ ਚਲਦਾ ਹਾਲਾਂਕਿ ਪੂਰਾ ਪਿੰਡ ਉਸ ਤੋਂ ਡਰਦਾ ਸੀ। ਵਾਰਦਾਤਾਂ ਦਾ ਸਿਲਸਿਲਾ ਦਿਨ-ਬ-ਦਿਨ ਵਧਦਾ ਹੀ ਜਾ ਰਿਹਾ ਸੀ। ਕੁਝ ਅਤਿਵਾਦੀ ਰਾਤ-ਬਰਾਤੇ ਪਨਾਹ ਲੈਣ ਲਈ ਕਿਸੇ ਦੇ ਵੀ ਘਰ ਦਾ ਦਰਵਾਜ਼ਾ ਖੜਕਾਉਂਦੇ। ਸਿਰਫ਼ ਰਹਿਣ ਲਈ ਜਗ੍ਹਾ ਦਾ ਹੀ ਨਹੀਂ ਸਗੋਂ ਉਨ੍ਹਾਂ ਦੇ ਖਾਣੇ ਦਾ ਬੰਦੋਬਸਤ ਵੀ ਕਰਨਾ ਪੈਂਦਾ ਸੀ। ਮਜਬੂਰ ਪਿੰਡ ਵਾਲੇ ਉਨ੍ਹਾਂ ਦੀ ਜੀ ਹਜ਼ੂਰੀ ਕਰਦੇ, ਪਰ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦੇ ਹੁਕਮ ਨੂੰ ਮੰਨਣ ਤੇ ਪਨਾਹ ਦੇਣ ਤੋਂ ਇਨਕਾਰ ਕੀਤਾ, ਉਨ੍ਹਾਂ ਨੂੰ ਗੋਲੀ ਦਾ ਸ਼ਿਕਾਰ ਬਣਨਾ ਪਿਆ। ਇਸ ਲਈ ਮੌਤ ਦੇ ਡਰ ਕਾਰਨ ਸਾਰੇ ਘਰ ਦੇ ਦਰਵਾਜ਼ੇ ਖੋਲ੍ਹ ਦਿੰਦੇ। ਜਿਨ੍ਹਾਂ ਘਰਾਂ ਵਿੱਚ ਜੁਆਨ ਨੂੰਹਾਂ ਧੀਆਂ ਸਨ, ਉਹ ਸਭ ਤੋਂ ਵੱਧ ਪ੍ਰੇਸ਼ਾਨ ਸਨ ਕਿਉਂਕਿ ਕੋਕਰਨਾਗ ਅਤਿਵਾਦੀਆਂ ਨੇ ਕਈ ਨੂੰਹਾਂ-ਧੀਆਂ ਦੀ ਇੱਜ਼ਤ ਨੂੰ ਮਾਂ ਬਾਪ, ਸੱਸ ਸਹੁਰੇ ਤੇ ਪਤੀ ਦੇ ਸਾਹਮਣੇ ਹੀ ਤਾਰ-ਤਾਰ ਕਰ ਦਿੱਤਾ ਸੀ।

ਕੁਝ ਦਿਨਾਂ ਬਾਅਦ ਦੀਨਾ ਨਾਥ ਨੇ ਕਾਕਨੀ ਨੂੰ ਕਿਹਾ, ''ਅਸੀਂ ਪੰਜ ਘਰਾਂ ਨੇ ਜੰਮੂ ਜਾਣ ਦਾ ਫ਼ੈਸਲਾ ਕੀਤਾ ਹੈ ਕਿਉਂਕਿ ਰਸੂਲ ਮੀਰ ਨੇ ਆਖਿਆ ਕਿ 'ਬਿਹਤਰ ਹੋਵੇਗਾ ਤੁਸੀਂ ਲੋਕ ਜੰਮੂ ਚਲੇ ਜਾਓ; ਜਦੋਂ ਹਾਲਾਤ ਠੀਕ ਹੋਣਗੇ ਉਦੋਂ ਆ ਜਾਣਾ; ਅਸੀਂ ਇੱਥੇ ਤੁਹਾਡੀ ਰੱਖਿਆ ਨਹੀਂ ਕਰ ਸਕਾਂਗੇ। ਜੇ ਸਾਡੇ ਬੱਚੇ ਬੰਦੂਕ ਦੀ ਨੋਕ 'ਤੇ ਹੋਣਗੇ ਤਾਂ ਅਸੀਂ ਕਿਵੇਂ ਤੁਹਾਨੂੰ ਬਚਾਵਾਂਗੇ?' ਤੁਸੀਂ ਵੀ ਜ਼ਰੂਰੀ ਸਾਮਾਨ ਬੰਨ੍ਹ ਲਵੋ। ਪਰਸੋਂ ਸਵੇਰੇ ਹੀ ਜੰਮੂ ਨਿਕਲ ਚੱਲਾਂਗੇ।'' ਕਾਕਨੀ ਨੂੰ ਸੁਣ ਕੇ ਅਜੀਬ ਜਿਹਾ ਲੱਗਿਆ। ਪ੍ਰਾਨਾ ਦੀਆਂ ਅੱਖਾਂ 'ਚੋਂ ਹੰਝੂਆਂ ਦੀ ਬਰਸਾਤ ਹੋਣ ਲੱਗੀ। ਕੀ ਸਾਮਾਨ ਲੈ ਜਾਈਏ ਤੇ ਕੀ ਨਹੀਂ, ਕੁਝ ਵੀ ਸਮਝ ਨਹੀਂ ਆ ਰਿਹਾ ਸੀ।

ਇੱਕ ਦਿਨ ਪਲਕ ਝਪਕਦੇ ਹੀ ਲੰਘਿਆ। ਪ੍ਰਾਨਾ ਨੇ ਕੁਝ ਬਰਤਨ, ਕੱਪੜੇ ਅਤੇ ਬਿਸਤਰ ਬੰਨ੍ਹ ਲਿਆ ਅਤੇ ਦੀਨਾ ਨਾਥ ਨਾਲ ਅੱਧੇ ਟਰੱਕ ਵਿੱਚ ਆਪਣਾ ਸਾਮਾਨ ਵੀ ਭਰ ਲਿਆ। ਉਸੇ ਟਰੱਕ ਵਿੱਚ ਦੀਨਾ ਨਾਥ ਅਤੇ ਉਸ ਦੀ ਪਤਨੀ ਨਾਲ ਕਾਕਨੀ ਤੇ ਪ੍ਰਾਨਾ ਵੀ ਸਨ। ਟਾਈਗਰ ਵੀ ਦੌੜ ਕੇ ਟਰੱਕ ਵਿੱਚ ਚੜ੍ਹ ਗਿਆ। ਟਾਈਗਰ ਨੂੰ ਦੇਖ ਕੇ ਦੀਨਾ ਨਾਥ ਦੀ ਪਤਨੀ ਨੇ ਨੱਕ ਮੂੰਹ ਚੜ੍ਹਾਇਆ ਤੇ ਕਹਿਣ ਲੱਗੀ, ''ਪ੍ਰਾਨਾ ਜੀ, ਕੀ ਟਾਈਗਰ ਨਾਲ ਨਾਲ ਚੱਲੇਗਾ? ਇਹ ਜਾਨਵਰ ਹੈ ਛੱਡ ਦਿਓ ਇਸ ਨੂੰ।''

ਪ੍ਰਾਨਾ ਨੇ ਦੀਨਾ ਨਾਥ ਦੀ ਪਤਨੀ ਜਿਗਰੀ ਨੂੰ ਕਿਹਾ, ''ਜਿਗਰੀ, ਇਹ ਜਾਨਵਰ ਜ਼ਰੂਰ ਏ ਪਰ ਵਫ਼ਾਦਾਰ ਹੈ।'' ਜਿਗਰੀ ਨੂੰ ਪ੍ਰਾਨਾ ਦੀ ਗੱਲ ਚੰਗੀ ਨਹੀਂ ਲੱਗੀ, ਪਰ ਆਪਣੇ ਕੱਪੜੇ ਸੰਭਾਲ ਕੇ ਬੈਠ ਗਈ।

ਰਾਤ ਹੁੰਦੇ ਹੁੰਦੇ ਜੰਮੂ ਪਹੁੰਚ ਗਏ। 'ਹਾਫ ਸ਼ੰਭੂ ਮੰਦਰ' ਦੇ ਵਿਹੜੇ ਵਿੱਚ ਸਭ ਨੇ ਸ਼ਰਨ ਲਈ। ਟਰੱਕ ਵਾਲਿਆਂ ਨੇ ਫਟਾਫਟ ਉੱਥੇ ਹੀ ਸਾਮਾਨ ਉਤਾਰ ਦਿੱਤਾ। ਕਿਸੇ ਤਰ੍ਹਾਂ ਰਾਤ ਬਿਤਾਈ ਤੇ ਅਗਲੇ ਦਿਨ ਦੀਨਾ ਨਾਥ ਸਰਕਾਰ ਵੱਲੋਂ ਕੀਤੇ ਗਏ ਇੰਤਜ਼ਾਮ ਵੇਖਣ ਚਲਾ ਗਿਆ। ਕਾਫੀ ਜੱਦੋਜਹਿਦ ਮਗਰੋਂ ਟੈਂਟ ਨਸੀਬ ਹੋਇਆ। ਫਿਰ ਸਾਮਾਨ ਚੁੱਕ ਕੇ ਟੈਂਟ ਵਿੱਚ ਸ਼ਰਨ ਲਈ। ਪੁਰਖੂ ਕੈਂਪ ਵਿੱਚ ਦੋ ਟੈਂਟ ਨਾਲ ਨਾਲ ਖੜ੍ਹੇ ਕਰਕੇ ਆਪਣਾ ਲਿਆਂਦਾ ਸਾਮਾਨ ਰੱਖਿਆ। ਦੀਨਾ ਨਾਥ ਦੇ ਨਾਲ ਨਾਲ ਪ੍ਰਾਨਾ ਨੂੰ ਵੀ ਜਾਣਾ ਪੈਂਦਾ ਕਿਉਂਕਿ ਰਾਸ਼ਨ ਕਾਰਡ ਰਿਲੀਫ 'ਤੇ ਇਨ੍ਹਾਂ ਸਭ ਲਈ ਦਸਤਖ਼ਤ ਵੀ ਕਰਨੇ ਸਨ। ਸ਼ੀਨ ਨੂੰ ਕਾਕਨੀ ਦੇ ਹਵਾਲੇ ਕਰ ਕੇ ਦਿਨ ਭਰ ਉਹ ਦੀਨਾ ਨਾਥ ਦੇ ਨਾਲ ਭਟਕਦੀ। ਉਸ ਦੀ ਸੁੰਦਰਤਾ ਨੂੰ ਦੇਖ ਕੇ ਕਈ ਮਨਚਲੇ ਆਪਣੇ ਹੱਥ ਅੱਗੇ ਵਧਾਉਂਦੇ। ਕਈ ਅਫ਼ਸਰ ਵੀ ਮੌਕੇ ਦਾ ਫ਼ਾਇਦਾ ਉਠਾਉਣ ਦੀ ਤਾਕ ਵਿੱਚ ਰਹਿੰਦੇ, ਪਰ ਦੀਨਾ ਨਾਥ ਉਸ ਦੇ ਨਾਲ ਪਰਛਾਵੇਂ ਵਾਂਗ ਰਹਿੰਦਾ।

ਕਾਕਨੀ ਜੰਮੂ ਬੇਸ਼ੱਕ ਆ ਗਈ ਸੀ, ਪਰ ਆਪਣਾ ਦਿਲੋ ਦਿਮਾਗ ਕਸ਼ਮੀਰ ਵਿੱਚ ਹੀ ਛੱਡ ਆਈ ਸੀ। ਉੱਥੋਂ ਦੀਆਂ ਯਾਦਾਂ ਨੂੰ ਉਹ ਆਪਣੇ ਤੋਂ ਅਲੱਗ ਨਾ ਕਰ ਸਕੀ ਤੇ ਆਖ਼ਰ ਉਹ ਮਾਨਸਿਕ ਰੋਗੀ ਬਣ ਗਈ। ਕਦੇ ਰੋਂਦੀ ਕਦੇ ਚੀਖਦੀ ਤੇ ਕਦੇ ਸਾਧਾਰਨ ਜਿਹੀ ਜ਼ਿੰਦਗੀ ਬਿਤਾਉਂਦੀ। ਪ੍ਰਾਨਾ ਸ਼ੀਨ ਨੂੰ ਗੋਦੀ ਵਿੱਚ ਲੈ ਕੇ ਸਾਰਾ ਕੰਮਕਾਜ ਵੀ ਕਰਦੀ ਤੇ ਕਾਕਨੀ ਪ੍ਰਤੀ ਵੀ ਸੁਚੇਤ ਰਹਿੰਦੀ। ਹਰ ਮਹੀਨੇ ਮਿਲਣ ਵਾਲੀ ਰਾਹਤ ਰਾਸ਼ੀ ਜਦੋਂ ਜਦੋਂ ਵੀ ਪ੍ਰਾਨਾ ਤਹਿਸੀਲਦਾਰ ਤੋਂ ਲੈਂਦੀ, ਉਹਨੂੰ ਮਹਿਸੂਸ ਹੁੰਦਾ ਕਿ ਉਹ ਰੁਪਇਆਂ ਦੇ ਨਾਲ ਨਾਲ ਥੱਲੇ ਹੱਥ ਨੂੰ ਵੀ ਦਬਾ ਦਿੰਦਾ ਹੈ। ਉਸ ਦੀਆਂ ਅੱਖਾਂ ਵਿੱਚ ਲੁਕਿਆ ਸ਼ੈਤਾਨ ਦਿਸਣ ਲੱਗਿਆ ਸੀ, ਪਰ ਮਜਬੂਰ ਪ੍ਰਾਨਾ ਬੇਵੱਸੀ ਦੇ ਜਾਲ ਵਿੱਚ ਤੜਪਦੀ ਰਹਿੰਦੀ। ਤਹਿਸੀਲਦਾਰ ਹੱਕ ਜਤਾਉਣ ਦੀ ਕੋਸ਼ਿਸ਼ ਕਰਦਾ। ਸਰਕਾਰ ਵੱਲੋਂ ਮਿਲੀ ਰਾਹਤ ਰਾਸ਼ੀ ਦੇਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾਉਂਦਾ।

ਕਦੇ ਕਦੇ ਪ੍ਰਾਨਾ ਟਾਈਗਰ ਨੂੰ ਨਾਲ ਲੈ ਜਾਂਦੀ। ਟਾਈਗਰ ਨੂੰ ਦੇਖਦੇ ਹੀ ਤਹਿਸੀਲਦਾਰ ਪ੍ਰਾਨਾ ਦੇ ਕੰਨ ਵਿੱਚ ਫੁਸਫੁਸਾਉਂਦਾ, ''ਓ ਰਾਣੀ, ਕੀ ਏਸੇ ਨਾਲ ਆਪਣਾ ਕੰਮ ਚਲਾਉਂਦੀ ਏਂ? ਇਹ ਚੰਗਾ ਲੱਭਿਆ ਹੈ। ਸਾਨੂੰ ਵੀ ਸੇਵਾ ਦਾ ਮੌਕਾ ਦਿਓ।''

ਪ੍ਰਾਨਾ ਗੂੰਗੀ ਬੋਲੀ ਜਿਹੀ ਬਣ ਜਾਂਦੀ ਤੇ ਚੁੱਪਚਾਪ ਵਾਪਸ ਆ ਜਾਂਦੀ। ਜੰਮੂ ਆਉਣ ਮਗਰੋਂ ਉਸ ਦੀ ਹਰ ਰਾਤ ਵਹਿੰਦੇ ਹੰਝੂਆਂ ਨਾਲ ਲੰਘੀ। ਹਰ ਪਾਸੇ ਪਰੇਸ਼ਾਨੀਆਂ। ਰਿਸ਼ਤੇਦਾਰਾਂ ਦੇ ਨਾਂ 'ਤੇ ਬੁੱਢੇ ਮਾਂ ਬਾਪ ਅਤੇ ਕਾਕਨੀ। ਕਿੱਥੇ ਜਾਣ, ਕਿਸ ਨੂੰ ਕਹਿਣ?

ਕਾਕਨੀ ਐਲਜ਼ਾਈਮਰ ਦੀ ਸ਼ਿਕਾਰ ਹੋ ਗਈ ਸੀ। ਕਈ ਡਾਕਟਰਾਂ ਨੂੰ ਦਿਖਾਇਆ, ਪਰ ਕੋਈ ਖ਼ਾਸ ਫ਼ਰਕ ਨਾ ਪਿਆ। ਉਸ ਦਾ ਵਿਹਾਰ, ਗੱਲਬਾਤ ਕਸ਼ਮੀਰ ਤੋਂ ਵੱਖ ਨਾ ਹੋਏ। ਅਕਸਰ ਉਹ ਮੁਹੱਲੇ ਦੇ ਲੋਕਾਂ ਦਾ ਨਾਂ ਲੈ ਕੇ ਕਿਸੇ ਵੀ ਆਉਂਦੇ ਜਾਂਦੇ ਨੂੰ ਬੁਲਾਉਂਦੀ। ਇਹ ਹਕੀਕਤ ਮੰਨਣ ਨੂੰ ਉਸ ਦ ' ਦਿਮਾਗ਼ ਤਿਆਰ ਨਹੀਂ ਸੀ ਕਿ ਉਹ ਜੰਮੂ ਵਿੱਚ ਹੈ।

ਸ਼ੁਰੂ ਸ਼ੁਰੂ ਵਿੱਚ ਕੈਂਪ ਵਿੱਚ ਰਹਿੰਦੀਆਂ ਔਰਤਾਂ ਵੱਡੇ ਤੜਕੇ ਹਨੇਰੇ ਵਿੱਚ ਹੀ ਨਹਾ ਧੋ ਲੈਂਦੀਆਂ ਕਿਉਂਕਿ ਪਖਾਨੇ ਜਾਣ ਤੇ ਨਹਾਉਣ ਲਈ ਕੋਈ ਜਗ੍ਹਾ ਨਹੀਂ ਸੀ। ਕਾਕਨੀ ਵੀ ਰਾਤ ਦੇ ਹਨੇਰੇ 'ਚ ਨਹਾ ਧੋ ਕੇ ਨੇੜੇ ਦੇ ਮੰਦਰ ਵਿੱਚ ਚਲੀ ਜਾਂਦੀ, ਪਰ ਇੱਕ ਦਿਨ ਨਹਾਉਣ ਵਾਲੀ ਥਾਂ ਤੋਂ ਰੌਲਾ ਪਾਉਂਦੀਆਂ ਔਰਤਾਂ ਆਪਣੇ ਆਪਣੇ ਟੈਂਟਾਂ ਵਿੱਚ ਵਾਪਸ ਆ ਰਹੀਆਂ ਸਨ। ਪ੍ਰਾਨਾ ਅਤੇ ਹੋਰ ਲੋਕਾਂ ਨੇ ਜਦੋਂ ਆਵਾਜ਼ਾਂ ਸੁਣੀਆਂ, ਸਾਰੇ ਬਾਹਰ ਆ ਕੇ ਇਹ ਜਾਣਨ ਦੀ ਕੋਸ਼ਿਸ਼ ਕਰਨ ਲੱਗੇ ਕਿ ਆਖ਼ਰ ਕੀ ਹੋਇਆ ਹੈ?

ਉਦੋਂ ਹੀ ਰੂਪਵਤੀ ਨੇ ਹਫ਼ਦਿਆਂ ਦੱਸਿਆ ਕਿ ਉੱਥੇ ਬਹੁਤ ਵੱਡਾ ਲੰਬਾ ਸੱਪ ਸੀ ਜਿਸ ਨੇ ਕੇਸਰ ਤੇ ਕੁਸੁਮਾਵਤੀ ਨੂੰ ਡੱਸ ਲਿਆ। ਟੈਂਟ ਦੇ ਸਾਰੇ ਲੋਕ ਕੇਸਰ ਅਤੇ ਕੁਸੁਮਾਵਤੀ ਦੇ ਟੈਂਟ ਵੱਲ ਜਾਣ ਲੱਗੇ। ਸੱਪ ਜ਼ਹਿਰੀਲਾ ਸੀ। ਕੁਝ ਪਲਾਂ ਵਿੱਚ ਹੀ ਉਨ੍ਹਾਂ ਦੀ ਹਾਲਤ ਵਿਗੜਨ ਲੱਗੀ। ਕਿਸੇ ਤਰ੍ਹਾਂ ਦੋਵਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਦੋ ਮਰੀਜ਼ਾਂ ਨਾਲ ਇੱਕ ਲੰਮਾ ਜਲੂਸ ਦੇਖ ਕੇ ਹਸਪਤਾਲ ਵਾਲੇ ਵੀ ਘਬਰਾ ਗਏ। ਕੈਂਪ ਵਿੱਚ ਜ਼ਿਆਦਾਤਰ ਉਹੀ ਔਰਤਾਂ ਸਨ ਜਿਨ੍ਹਾਂ ਦੇ ਬੱਚੇ ਛੋਟੇ ਸਨ। ਉਹ ਵੀ ਇੱਕ ਥਾਂ 'ਤੇ ਬੱਚਿਆਂ ਨੂੰ ਫੜ ਕੇ ਬੈਠੀਆਂ ਸਨ। ਉਦੋਂ ਹੀ ਪ੍ਰਾਨਾ ਦੀ ਚੀਕ ਸਭ ਨੇ ਸੁਣੀ। ਸਾਰੀਆਂ ਔਰਤਾਂ ਨਹਾਉਣ ਵਾਲੀ ਥਾਂ ਵੱਲ ਭੱਜੀਆਂ। ਨਹਾਉਣ ਵਾਲੀ ਥਾਂ ਤੋਂ ਥੋੜ੍ਹੀ ਦੂਰ ਝਾੜੀਆਂ ਕੋਲ ਖ਼ੂਨ ਨਾਲ ਲੱਥਪੱਥ ਕਾਕਨੀ ਕੁਰਲਾ ਰਹੀ ਸੀ। ਸਾਰੀਆਂ ਨੇ ਮਿਲ ਕੇ ਕਾਕਨੀ ਨੂੰ ਚੁੱਕਿਆ ਤੇ ਕਿਸੇ ਤਰ੍ਹਾਂ ਪ੍ਰਾਨਾ ਨੇ ਉਸ ਨੂੰ ਵੀ ਹਸਪਤਾਲ ਪਹੁੰਚਾਇਆ। ਪੂਰੇ ਹਸਪਤਾਲ ਵਿੱਚ ਹਾਹਾਕਾਰ ਮੱਚ ਗਈ। ਪੁਰਖੂ ਕੈਂਪ ਦੀਆਂ ਇਹ ਵਾਰਦਾਤਾਂ ਕਈ ਦਿਨਾਂ ਤਕ ਅਖ਼ਬਾਰ ਵਿੱਚ ਵੀ ਛਾਈਆਂ ਰਹੀਆਂ ਕਿਉਂਕਿ ਤਿੰਨ ਦਿਨਾਂ ਬਾਅਦ ਕੇਸਰ ਤੇ ਕੁਸੁਮਾਵਤੀ ਦੀ ਮੌਤ ਹੋ ਗਈ ਸੀ ਤੇ ਕਾਕਨੀ ਵੀ ਪੰਜਵੇਂ ਦਿਨ ਦਮ ਤੋੜ ਗਈ।

ਕਾਕਨੀ ਵੀ ਰੌਲਾ ਸੁਣ ਕੇ ਉਧਰ ਹੀ ਭੱਜੀ ਸੀ। ਉੱਥੇ ਕਿਸੇ ਨੂੰ ਦੇਖ ਕੇ ਵਾਪਸ ਆਉਣ ਲੱਗੀ ਸੀ ਕਿ ਕਿਸੇ ਨੇ ਪਿੱਛਿਓਂ ਮੂੰਹ ਬੰਦ ਕਰ ਦਿੱਤਾ। ਕਾਕਨੀ ਚੀਕਣ ਲੱਗੀ, ਪਰ ਉਸ ਦੀ ਚੀਕ ਕੇਸਰ ਤੇ ਕੁਸੁਮਾ ਦੇ ਰੌਲੇ 'ਚ ਦਬ ਗਈ ਸੀ। ਉਸ ਚੋਰ ਨੇ ਕਾਕਨੀ ਦੇ ਕੰਨਾਂ 'ਚੋਂ ਦੋਵੇਂ ਡੇਜਹੁਰ (ਕਸ਼ਮੀਰੀ ਮੰਗਲਸੂਤਰ) ਤੇ ਗਲੇ ਦੀ ਚੇਨ ਖੋਹ ਲਈ। ਕਾਕਨੀ ਦੀਆਂ ਬੁੱਢੀਆਂ ਹੱਡੀਆਂ ਨੇ ਮੁਕਾਬਲਾ ਤਾਂ ਕੀਤਾ, ਪਰ ਸ਼ੈਤਾਨ ਚੋਰ ਨੇ ਕਾਕਨੀ ਦੇ ਢਿੱਡ ਵਿੱਚ ਚਾਕੂ ਖੋਭ ਕੇ ਉਸ ਨੂੰ ਚੁੱਪ ਕਰਾ ਦਿੱਤਾ। ਉਸ ਤੋਂ ਪਹਿਲਾਂ ਵੀ ਕਈ ਵਾਰ ਡੇਜਹੁਰ ਖੋਹਣ ਦੀਆਂ ਵਾਰਦਾਤਾਂ ਹੋ ਚੁੱਕੀਆਂ ਸਨ, ਪਰ ਕੋਈ ਵੀ ਸੁਹਾਗਣ ਜਾਂ ਪੁੱਤਰਵਤੀ ਆਪਣੇ ਹੱਥੀਂ ਡੇਜਹੁਰ ਨਹੀਂ ਉਤਾਰਨਾ ਚਾਹੁੰਦੀ ਸੀ।

ਪ੍ਰਾਨਾ ਹੁਣ ਇਕੱਲੀ ਰਹਿ ਗਈ। ਸਾਰਿਆਂ ਨੇ ਉਸ ਦੇ ਮਾਤਾ ਪਿਤਾ ਨੂੰ ਉੱਥੇ ਹੀ ਰਹਿਣ ਦੀ ਪੇਸ਼ਕਸ਼ ਕੀਤੀ। ਮਜਬੂਰ, ਲਾਚਾਰ, ਬੇਵੱਸ ਮਾਂ ਉੱਥੇ ਹੀ ਪ੍ਰਾਨਾ ਦੇ ਨਾਲ ਰਹਿਣ ਲੱਗੀ ਕਿਉਂਕਿ ਜੇ ਉਹ ਆਪਣਾ ਟੈਂਟ ਛੱਡ ਦਿੰਦੇ ਤਾਂ ਉਨ੍ਹਾਂ ਨੂੰ ਟੈਂਟ ਤੋਂ ਤਾਂ ਮਹਿਰੂਮ ਹੋਣਾ ਹੀ ਪੈਂਦਾ ਸਗੋਂ ਨਾਲ ਹੀ ਰਾਹਤ ਰਾਸ਼ੀ ਤੋਂ ਵੀ ਹੱਥ ਧੋਣੇ ਪੈਂਦੇ। ਹਰ ਰੋਜ਼ ਪ੍ਰਾਨਾ ਦੇ ਬਾਬੂ ਜੀ ਆਉਂਦੇ ਤੇ ਸ਼ਾਮ ਢਲੇ ਵਾਪਸ ਚਲੇ ਜਾਂਦੇ।

ਕਸ਼ਮੀਰ ਦੇ ਹਾਲਾਤ ਦਿਨੋ ਦਿਨ ਵਿਗੜਦੇ ਜਾ ਰਹੇ ਸਨ। ਸੁਧਾਰ ਦੀ ਕੋਈ ਗੁੰਜਾਇਸ਼ ਨਜ਼ਰ ਨਹੀਂ ਆ ਰਹੀ ਸੀ। ਪੂਰੀ ਕਸ਼ਮੀਰ ਘਾਟੀ ਤੋਂ ਹਿੰਦੂ ਪਰਿਵਾਰ ਪੂਰੇ ਭਾਰਤ ਵਿੱਚ ਸ਼ਰਨਾਰਥੀ ਬਣ ਕੇ ਸ਼ਰਨ ਲੈ ਰਹੇ ਸਨ।



# ਸਿਹਤ ਸੰਸਾਰ



## ਤੰਦਰੁਸਤੀ ਲਈ ਇਨ੍ਹਾਂ ਨੂੰ ਅਜ਼ਮਾਓ

ਬਿਮਾਰੀਆਂ ਹੋਣ ਹੀ ਨਾ ਤਾਂ ਬਹੁਤ ਚੰਗਾ ਹੈ । ਜੇਕਰ ਹੋ ਵੀ ਜਾਣ ਤਾਂ ਉਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਡਾਕਟਰ ਖੁਦ ਬਣੋ । ਛੋਟੇ-ਛੋਟੇ ਰੋਗਾਂ ਨੂੰ ਕੁਦਰਤੀ ਢੰਗ-ਤਰੀਕਿਆਂ ਨਾਲ ਦੂਰ ਕਰਨਾ ਮੁਸ਼ਕਿਲ ਨਹੀਂ ਹੈ । ਲੋੜ ਹੈ ਇਨ੍ਹਾਂ ਨੂੰ ਜਾਣਨ ਅਤੇ ਅਪਣਾਉਣ ਦੀ ।



- ਪੁੜਪੁੜੀ ਵਿਚ ਦਰਦ ਹੋਣ ਲੱਗੇ ਜਾਂ ਅਕਸਰ ਦਰਦ ਅਕਸਰ ਰਹਿੰਦਾ ਹੋਵੇ ਤਾਂ ਇਸ ਨੂੰ ਠੀਕ ਕਰਨ ਲਈ ਘਿਓ ਵਿਚ ਲੌਂਗ ਝੱਸੋ ਅਤੇ ਕਨਪਟੀ 'ਤੇ ਮਲੋ । ਆਰਾਮ ਆ ਜਾਵੇਗਾ । ਲੌਂਗ ਦੀ ਥਾਂ 'ਤੇ ਬਦਾਮ ਹੋਵੇ, ਤਾਂ ਵੀ ਦਰਦ ਨਹੀਂ ਰਹੇਗਾ ।
- ਜੇਕਰ ਚੇਚਕ ਨਿਕਲਣ ਦੇ ਲੱਛਣ ਹੋਣ ਅਤੇ ਤੁਸੀਂ ਨਹੀਂ ਚਾਹੁੰਦੇ ਕਿ ਇਹ ਨਿਕਲਣ ਤਾਂ ਬਹੇੜੇ ਦੀ ਗੁਠਲੀ ਲਓ, ਇਸ ਨੂੰ ਬਾਂਹ ਨਾਲ ਬੰਨ੍ਹੋ, ਖਤਰਾ ਟਲ ਜਾਵੇਗਾ ।
- ਕਿਤੇ ਵੀ ਸੱਟ ਲੱਗ ਜਾਣ 'ਤੇ ਦਰਦ ਹੋਵੇ, ਆਰਾਮ ਨਾ ਮਿਲੇ ਤਾਂ ਇਸ ਦੇ ਲਈ ਤਾਰਪੀਨ ਦੇ ਤੇਲ ਵਿਚ ਰੂੰ ਭਿਉਂ ਕੇ ਸੱਟ ਵਾਲੀ ਥਾਂ 'ਤੇ ਬੰਨ੍ਹੋ, ਆਰਾਮ ਮਿਲੇਗਾ ।
- ਜੇਕਰ ਪਾਣੀ ਵਿਚ ਕੰਮ ਕਰਨ, ਪਾਣੀ ਦੇ ਖੇਤਾਂ ਵਿਚ ਚੱਲਣ-ਫਿਰਨ ਨਾਲ ਪੈਰ ਫਟ ਜਾਣ ਤਾਂ ਉਸ ਲਈ ਸਰ੍ਹੋਂ ਦਾ ਤੇਲ ਲਗਾ ਕੇ ਪੀਸੀ ਹਲਦੀ ਭੁੱਕੋ । ਜੇਕਰ ਇਹ ਇਲਾਜ ਰਾਤ ਨੂੰ ਸੌਣ ਤੋਂ ਪਹਿਲਾਂ ਕਰੋ ਤਾਂ ਜਲਦੀ ਲਾਭ ਹੋਵੇਗਾ ।
- ਜੇਕਰ ਹਿਚਕੀ ਅਕਸਰ ਆਉਂਦੀ ਹੋਵੇ ਤਾਂ ਸੁੱਕਾ ਨਿੰਬੂ ਸਾੜੋ । ਇਸ ਦੀ ਸੁਆਹ ਵਿਚ ਸ਼ਹਿਦ ਮਿਲਾ ਕੇ ਰੋਗੀ ਨੂੰ ਚਟਾਓ, ਰੋਗੀ ਨੂੰ ਫਾਇਦਾ ਹੋਵੇਗਾ ।
- ਜੇਕਰ ਕਿਸੇ ਨੂੰ ਸ਼ੀਤ ਪਿੱਤ ਤੋਂ ਪ੍ਰੇਸ਼ਾਨੀ ਰਹਿੰਦੀ ਹੈ ਤਾਂ ਚਿਰੌਂਜੀ ਨੂੰ ਦੁੱਧ ਵਿਚ ਪੀਸੋ । ਹੁਣ ਇਸ ਨਾਲ ਸਰੀਰ ਦੀ ਮਾਲਿਸ਼ ਕਰੋ ਤੇ ਆਰਾਮ ਪਾਓ ।
- ਦਾਦ, ਖਾਜ, ਖੁਜਲੀ ਵਰਗੀ ਤਕਲੀਫ ਹੋਣ 'ਤੇ ਇਕ ਚੁਟਕੀ ਰਾਈ ਲੈ ਕੇ ਅੱਧਾ ਚਮਚ ਘਿਓ ਵਿਚ ਰਗੜੋ । ਇਸ ਨੂੰ ਦਾਦ ਤੋਂ ਪੀੜਤ ਥਾਂ 'ਤੇ ਲਗਾਓ । ਇਸ ਨੂੰ ਦਿਨ ਵਿਚ 3 ਵਾਰ ਲਗਾਉਣ 'ਤੇ ਆਰਾਮ ਪਾਓਗੇ ।
- ਸਿਰਦਰਦ ਹੋਵੇ ਜਾਂ ਮੱਥਾ ਦਰਦ, ਘਿਓ ਵਿਚ ਬਦਾਮ ਨੂੰ ਰਗੜੋ, ਇਸ ਨੂੰ ਮੱਥੇ 'ਤੇ ਲਗਾਓ, ਆਰਾਮ ਮਿਲੇਗਾ ।
- ਜੇਕਰ ਕਿਸੇ ਨੂੰ ਖੂਬ ਜ਼ੁਕਾਮ ਰਹਿਣ ਲੱਗਿਆ ਹੋਵੇ ਜਾਂ ਜ਼ੁਕਾਮ ਵਰਗੀ ਪ੍ਰਵਿਰਤੀ ਬਣ ਗਈ ਹੋਵੇ ਤਾਂ ਪਿੱਪਲ ਦੇ ਪੱਤਿਆਂ ਦਾ ਰਸ ਕੱਢੋ । ਇਸ ਨੂੰ ਸ਼ਹਿਦ ਵਿਚ ਮਿਲਾਓ । ਇਸ ਨੂੰ ਚੱਟੋ । ਇਹ ਦਿਨ ਵਿਚ ਦੋ ਵਾਰ ਸਵੇਰੇ-ਸ਼ਾਮ ਲਓ । ਦੋ ਦਿਨਾਂ ਵਿਚ ਹੀ ਤੁਸੀਂ ਠੀਕ ਹੋ ਜਾਓਗੇ ।
- ਜੋ ਔਰਤ ਆਪਣੇ ਵਾਲ ਮੁਲਾਇਮ, ਚਮਕਦਾਰ ਅਤੇ ਸੰਘਣੇ ਚਾਹੁੰਦੀ ਹੋਵੇ ਤਾਂ ਉਸ ਨੂੰ ਸ਼ਿਕਾਕਾਈ ਅਤੇ ਸੁੱਕੇ ਔਲੇ ਇਕ ਸਮਾਨ ਲੈਣੇ ਹੋਣਗੇ । ਇਕ ਲਿਟਰ ਪਾਣੀ ਵਿਚ ਭਿਉਂ ਕੇ, ਸਵੇਰੇ ਇਸ ਪਾਣੀ ਨੂੰ ਪੁਣ ਕੇ ਸਿਰ ਧੋਣ ਨਾਲ ਲਾਭ ਹੋਵੇਗਾ । ਇਸ ਨੂੰ ਹਰ ਤੀਜੇ ਦਿਨ, 7 ਵਾਰ ਕਰੋ । ਸਰਦੀਆਂ ਵਿਚ ਹਫਤੇ ਵਿਚ ਇਕ ਵਾਰ ਹੀ ਕਰੋ ।

**-ਸੁਦਰਸ਼ਨ ਭਾਟੀਆ**

## ਕਈ ਰੋਗਾਂ ਦੀ ਦਵਾਈ ਹੈ ਅਖਰੋਟ

ਅਖਰੋਟ ਹਮੇਸ਼ਾ ਪਹਾੜੀ ਪ੍ਰਦੇਸ਼ਾਂ ਵਿਚ, ਹਿਮਾਚਲ ਵਿਚ, ਕਸ਼ਮੀਰ ਤੋਂ ਮਣੀਪੁਰ ਤੱਕ ਅਤੇ ਅਫ਼ਗਾਨਿਸਤਾਨ ਆਦਿ ਦੀਆਂ ਪਹਾੜੀਆਂ, ਤਿਬਤ ਵਿਚ ਅਤੇ ਚੀਨ ਅਤੇ ਈਰਾਨ ਵਿਚ ਵੱਡੀ ਪੱਧਰ 'ਤੇ ਪਾਇਆ ਜਾਂਦਾ ਹੈ।

ਇਸ ਦੇ ਦੋ ਭੇਦ ਹੁੰਦੇ ਹਨ, ਇਕ ਆਪਣੇ-ਆਪ ਉੱਗਣ ਵਾਲਾ ਅਤੇ ਦੂਜਾ ਬੀਜਿਆ ਹੋਇਆ। ਆਪਣੇ ਆਪ ਉੱਗਣ ਵਾਲਾ ਅਖਰੋਟ ਦਾ ਦਰੱਖਤ ਅਤਿਅੰਤ ਉੱਚਾ ਇਕ ਸੌ ਤੋਂ ਇਕ ਸੌ ਵੀਹ ਫੁੱਟ ਤੱਕ ਹੁੰਦਾ ਹੈ ਅਤੇ ਇਸ ਦੇ ਫਲਾਂ ਦੇ ਛਿਲਕੇ ਵੀ ਮੋਟੇ ਅਤੇ ਸਖ਼ਤ ਹੁੰਦੇ ਹਨ। ਬੀਜਿਆ ਹੋਇਆ ਦਰੱਖਤ ਚਾਲੀ ਤੋਂ ਸੱਠ ਫੁੱਟ ਤੱਕ ਉੱਚਾ ਵਧਦਾ ਹੈ ਅਤੇ ਇਸ ਦੇ ਫਲਾਂ ਦੇ ਛਿਲਕੇ ਨਰਮ ਅਤੇ ਪਤਲੇ ਹੁੰਦੇ ਹਨ। ਇਸ ਨੂੰ ਕਾਗਜ਼ੀ ਅਖਰੋਟ ਵੀ ਕਿਹਾ ਜਾਂਦਾ ਹੈ। ਇਸ ਦੇ ਦਰੱਖਤ ਦੀ ਛਿਲ ਰੰਗਣ ਅਤੇ ਦਵਾਈ ਬਣਾਉਣ ਦੇ ਕੰਮ ਆਉਂਦੀ ਹੈ . ਇਸ ਦੇ ਫਲ ਦੀ ਗਿਰੀ ਠੰਢ ਦੇ ਮੌਸਮ ਵਿਚ ਮੇਵੇ ਦੇ ਰੂਪ ਵਿਚ ਕੰਮ ਲਿਆਈ ਜਾਂਦੀ ਹੈ।



ਵੱਖ-ਵੱਖ ਰਸਾਇਣਕ ਸੰਗਠਨਾਂ ਦੇ ਮਤ ਅਨੁਸਾਰ ਇਸ ਵਿਚ 4.5 ਫੀਸਦੀ ਪਾਣੀ, 15.6 ਫੀਸਦੀ ਪ੍ਰੋਟੀਨ, 6.5 ਫੀਸਦੀ ਚਰਬੀ, 1.8 ਫੀਸਦੀ ਖਣਿਜ ਪਦਾਰਥ, 11,000 ਫੀਸਦੀ ਕਾਰਬੋਹਾਈਡ੍ਰੇਟ, 0.10 ਫੀਸਦੀ ਕੈਲਸ਼ੀਅਮ, 0.38 ਫੀਸਦੀ ਫਾਸਫੋਰਸ, 4.8 ਮਿ. ਗ੍ਰਾ. ਫੀਸਦੀ ਲੋਹਾ ਅਤੇ ਇਸ ਵਿਚ ਵਿਟਾਮਿਨ 'ਏ' ਅਤੇ ਵਿਟਾਮਿਨ 'ਬੀ' ਵੀ ਪਾਇਆ ਜਾਂਦਾ ਹੈ।

ਗੁਣ : ਮੁੱਖ ਸ਼ੁੱਧੀ ਲਈ ਇਸ ਦੀ ਛਿਲ ਨੂੰ ਮੂੰਹ ਵਿਚ ਰੱਖ ਕੇ ਚਬਾਉਣ ਨਾਲ ਦੰਦ ਸਾਫ ਹੁੰਦੇ ਹਨ। ਫਲ ਦੀ ਛਿਲ ਵਿਚ ਉਪਦੰਸ਼ ਨਾਸ਼ਕ ਗੁਣ ਪਾਇਆ ਜਾਂਦਾ ਹੈ। ਇਸ ਦੇ ਪੱਤਿਆਂ ਵਿਚ ਸਰੀਰਕ ਨੁਕਸ ਸੁਧਾਰਕ ਅਤੇ ਸੰਕੋਚਕ ਗੁਣ ਹੋਣ ਨਾਲ ਇਨ੍ਹਾਂ ਦਾ ਕਵਾਥ ਕੰਠਮਾਲਾ, ਵਾਲ ਸ਼ੇਸ਼, ਸ਼ਵੇਤਪ੍ਰਦਰ ਅਤੇ ਕਰਮੀ ਰੋਗ ਵਿਚ ਲਾਭਕਾਰੀ ਹੈ। ਇਸ ਦੇ ਕੱਚੇ ਫਲਾਂ ਵਿਚ ਕਿਰਮ ਨਾਸ਼ਕ ਗੁਣ ਹੋਣ ਨਾਲ ਬੱਚਿਆਂ ਵਿਚ ਕਿਰਮ ਰੋਗ 'ਤੇ ਇਹ ਸੇਵਨ ਕਰਾਇਆ ਜਾਂਦਾ ਹੈ।

ਅਰਦਿਤ, ਗਠੀਆ ਆਦਿ ਵਾਤ ਪੀੜਾ : ਅਰਦਿਤ ਜਾਂ ਚਿਹਰੇ ਦੇ ਲਕਵੇ 'ਤੇ ਇਸ ਦੇ ਤੇਲ ਦੀ ਮਾਲਿਸ਼ ਕਰਕੇ ਵਾਤਹਰ ਦਵਾਈਆਂ ਦੇ ਕਵਾਥ ਦਾ ਭਾਪ ਦੇਣ ਨਾਲ ਲਾਭ ਹੁੰਦਾ ਹੈ। ਗਠੀਆ ਹੋਣ 'ਤੇ ਅਖਰੋਟ ਦੀ ਗਿਰੀ ਦਾ ਨਿਯਮ ਪੂਰਬਕ ਸੇਵਨ ਕਰਨ ਨਾਲ ਲਾਭ ਹੁੰਦਾ ਹੈ।

ਦਿਮਾਗ ਕਮਜ਼ੋਰੀ : ਅਖਰੋਟ ਦੀ ਬਨਾਵਟ ਕੁਦਰਤ ਨੇ ਉਸ ਤਰ੍ਹਾਂ ਦੀ ਬਣਾਈ ਹੈ, ਜਿਵੇਂ ਦਿਮਾਗ ਦੀ ਹੈ। ਅਖਰੋਟ ਦੀ ਗਿਰੀ ਦੀ ਮਾਤਰਾ ਦੋ ਤੋਲਾ ਤੋਂ ਚਾਰ ਤੋਲਾ ਤੱਕ ਸਧਾਰਨ ਭੋਜਨ ਦੇ ਨਾਲ ਨਿਯਮਤ ਸੇਵਨ ਕਰਨ ਨਾਲ ਦਿਮਾਗ ਦੀ ਕਮਜ਼ੋਰੀ ਦੂਰ ਹੁੰਦੀ ਹੈ।

ਨਾਸੂਰ : ਅਖਰੋਟ ਦੀ ਗਿਰੀ ਨੂੰ ਬਾਰੀਕ ਪੀਸ ਕੇ ਮੋਮ ਜਾਂ ਮਿੱਠੇ ਤੇਲ ਵਿਚ ਗਲਾ ਕੇ ਲੇਪ ਕਰਨਾ ਚਾਹੀਦਾ। ਇਸ ਨਾਲ ਨਾਸੂਰ ਵਿਚ ਜਲਦੀ ਫਾਇਦਾ ਪਹੁੰਚਦਾ ਹੈ।

ਦੰਦ : ਅਖਰੋਟ ਦੀ ਗਿਰੀ ਨੂੰ ਸਵੇਰੇ ਉੱਠਦੇ ਹੀ ਦੰਦਾਂ ਨਾਲ ਬਾਰੀਕ ਚਬਾ ਕੇ ਲੇਪ ਕਰਨ ਨਾਲ ਲਾਭ ਹੁੰਦਾ ਹੈ।

**ਮੀਨਾ ਜੈਨ ਛਾਬੜਾ**

## ਕਬਜ਼ ਹੈ ਜੰਕ ਤੇ ਮਾੜੇ ਫੂਡ ਦਾ ਨਤੀਜਾ

ਵਿਸ਼ਵ ਭਰ ਵਿਚ ਹਰ ਚੌਥਾ ਆਦਮੀ ਲਾਈਫ ਸਟਾਇਲ ਨਾਲ ਜੁੜੀ ਆਮ ਬਿਮਾਰੀ ਕਾਂਸਟੀਪੇਸ਼ਨ ਦਾ ਸ਼ਿਕਾਰ ਹੋ ਚੁੱਕਾ ਹੈ। ਗੰਭੀਰ ਕਬਜ਼ ਦੀ ਸਮੱਸਿਆ ਨੇ ਅਮਰੀਕਾ ਵਿਚ ਲਗਭਗ 63 ਮਿਲੀਅਨ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਸੀਨੀਅਰਜ਼ ਇਸਦੇ ਘੇਰੇ ਵਿਚ ਆ ਰਹੇ ਹਨ। ਕਬਜ਼ ਯਾਨਿ ਮੱਲ (ਸਟੂਲ) ਦਾ ਮੁਸ਼ਕਲ ਨਾਲ ਪਾਸ ਹੋਣਾ ਹੈ। ਲਗਾਤਾਰ ਕਬਜ਼ ਦੀ ਹਾਲਤ ਵਿਚ ਰੋਗੀ ਵਾਸ਼ਰੂਮ ਵਿਚ 40 ਤੋਂ 50 ਮਿਨਟ ਲਗਾ ਕੇ, ਬਿਨਾ ਕੁੱਝ ਕੀਤੇ ਬਾਹਰ ਆ ਜਾਂਦਾ ਹੈ। ਕਦੇ-ਕਦੇ ਮਲ ਸਖਤ 'ਤੇ ਥੋੜਾ-ਥੋੜਾ ਬਾਹਰ ਆਉਂਦਾ ਹੈ। ਪੇਟ ਦਰਦ ਦੇ ਨਾਲ ਆਦਮੀ ਪੇਟ ਫੁੱਲਿਆ ਹੋਇਆ ਮਹਿਸੂਸ ਕਰਦਾ ਹੈ। ਪੇਟ ਸਾਫ ਨਾ ਹੋਣ ਕਰਕੇ ਪੂਰਾ ਦਿਨ ਘਬਰਾਹਟ 'ਤੇ ਥਕਾਵਟ ਰਹਿੰਦੀ ਹੈ। ਆਂਤੜੀਆਂ ਸਖਤ ਹੋ ਜਾਂਦੀਆਂ ਹਨ। ਸ਼ੁਰੂ ਵਿਚ ਧਿਆਣ ਨਾ ਦੇਣ ਨਾਲ ਬਿਮਾਰੀ ਵੱਧਦੀ ਜਾਂਦੀ ਹੈ। ਕਬਜ਼ ਪੁਰਾਣੀ ਹੋ ਜਾਣ ਕਰਕੇ ਬਵਾਸੀਰ, ਗੁਦਾ ਭੰਗ ਫੇਲ ਹੋਣ ਦਾ ਅਸਰ ਦੇਖਿਆ ਜਾਂਦਾ ਹੈ। ਕਈ ਬਾਰ ਤਾਂ ਵੀਕ ਵਿਚ 2 ਬਾਰ ਹੀ ਪੇਟ ਸਾਫ ਹੁੰਦਾ ਹੈ। ਅੰਤੜੀਆਂ ਵਿਚ ਰੁਕਿਆ ਹੋਇਆ ਮਲ ਗੁੰਝਲਦਾਰ ਉਤੇ ਸਖਤ ਰੁੱਕ-ਰੁੱਕ ਕੇ ਬਾਹਰ ਆਉਂਦਾ ਹੈ। ਪਰਾਣੇ ਰੋਗੀ ਆਪਣੀ ਗੁਦਾ ਵਿਚ ਉਂਗਲ ਨਾਲ ਬਾਹਰ ਕੱਢਣ ਦਾ ਯਤਨ ਵੀ ਕਰਦੇ ਹਨ।


ਜੰਕ ਫੂਡ, ਮੈਦਾ ਅਤੇ ਮਿਰਚ-ਮਸਾਲੇਦਾਰ, ਦੇਰ ਨਾਲ ਪਚਨ ਵਾਲੇ ਪਦਾਰਥ, ਯਾਨਿ ਮਾੜੀ ਖ਼ੂਰਾਕ ਦਾ ਲਗਾਤਾਰ ਇਸਤੇਮਾਲ ਚੰਗੇ-ਭਲੇ ਨੂੰ ਵੀ ਕਬਜ਼ ਦਾ ਰੋਗੀ ਬਣਾ ਦਿੰਦਾ ਹੈ। ਰੂਟੀਨ ਵਿਚ ਜਦੋਂ ਪਾਣੀ ਵਗੈਰਾ ਤਰਲ ਪਦਾਰਥਾਂ ਘੱਟ ਪੀਣ ਕਰਕੇ ਕਬਜ਼ ਵਾਲੀ ਹਾਲਤ ਪੈਦਾ ਹੋ ਜਾਂਦੀ ਹੈ। ਪਾਚਕ ਟ੍ਰੈਕਟ ਵਿਚ ਜਮਾਂ ਹੋਇਆ ਮਲ ਹੌਲੀ ਹੌਲੀ ਪਾਸ ਹੋ ਕੇ ਅੰਤੜੀਆਂ, ਗੁਦਾ ਵਿਚ ਰੁਕਾਵਟ ਪੈਦਾ ਕਰ ਦਿੰਦਾ ਹੈ। ਗੁਦਾ ਅੰਦਰ 'ਤੇ ਆਸਪਾਸ ਦੀਆਂ ਨਾੜੀਆਂ ਵਿਚ ਸੋਜ ਹੋ ਸਕਦੀ ਹੈ। ਕੋਲਨ 'ਤੇ ਗੁਦਾ ਦਾ ਕੈਂਸਰ ਵੀ ਗੰਭੀਰ ਪ੍ਰੇਸ਼ਾਨੀ ਪੈਦਾ ਕਰ ਦਿੰਦਾ ਹੈ।

ਆਉਟੋਨੋਮਿਕ ਨਿਉਰੋਪੈਥੀ ਸਰੀਰ ਦੇ ਹਰ ਕੰਮ ਨੂੰ ਕੰਟ੍ਰੋਲ ਕਰਦੀ ਹੈ। ਪਾਰਕਿੰਸਨ ਰੋਗ, ਮਲਟੀਪਲ ਸਕਲੋਰੋਸਿਸ, ਸਟ੍ਰੋਕ ਅਤੇ ਰੀੜ ਦੀ ਹੱਡੀ ਦੀ ਸੱਟ ਕਾਰਨ ਸਰੀਰ ਦੇ ਤੰਤੂਆਂ ਦਾ ਨੁਕਸਾਨ ਹੋ ਜਾਂਦਾ ਹੈ। ਇਸ ਨੁਕਸਾਨ ਨਾਲ ਕੋਲਨ 'ਤੇ ਗੁਦਾ ਦੀ ਮਾਸਪੇਸ਼ੀਆਂ ਦੀ ਐਕਟੀਵਿਟੀ ਘੱਟ ਜਾਂਦੀ ਹੈ। ਕਮਜੋਰ ਪੈਲਵਿਕ 'ਤੇ ਬੋਅਲ ਮਾਸਪੇਸ਼ੀਆਂ ਰਿਲੈਕਸ ਨਾ ਹੋਣ ਕਰਕੇ ਆਰਾਮ ਤੇ ਸੁੰਗੜਨ ਦਾ ਆਪਸੀ ਤਾਲਮੇਲ ਨਹੀਂ ਬਣਦਾ। ਹਾਰਮੋਨ ਸਰੀਰ ਦੇ ਤਰਲ ਪਦਾਰਥਾਂ ਨੂੰ ਸੰਤੁਲਿਤ ਕਰਦੇ ਹਨ। ਡਾਇਬਟੀਜ਼, ਓਵਰਐਕਟਿਵ ਪੈਰਾਥੀਰੋਇਡ ਗਲੈਂਡ, 'ਤੇ ਅੰਡਰਐਕਟਿਵ ਹਾਈਪੋਥਾਈਰੋਡਿਜ਼ਮ ਅਤੇ ਗਰਭਵਤੀ ਔਰਤਾਂ ਵਿਚ ਹਾਰਮੋਨਸ ਦਾ ਸੰਤੁਲਨ ਬਿਗੜਨ ਨਾਲ ਵੀ ਕਬਜ਼ ਦੀ ਹਾਲਤ ਬਣ ਜਾਂਦੀ ਹੈ। ਖਾਣ-ਪੀਣ ਸੰਬੰਧੀ ਵਿਕਾਰ, ਡਿਪਰੈਸ਼ਨ, ਦਰਦ ਦੀ ਦਵਾਈਆਂ, ਸਰੀਰਿਕ-ਮਾਨਸਿਕ ਕਸਰਤ ਦੀ ਕਮੀ ਵੀ ਕਬਜ਼ ਵਰਗੀ ਹਾਲਤ ਪੈਦਾ ਕਰ ਦਿੰਦੀ ਹੈ।




**ਕਬਜ਼ ਤੋਂ ਬਚਣ ਲਈ ਖਿਆਲ ਰੱਖੋ :**

ਖ਼ੂਰਾਕ ਵਿਚ ਰੋਜਾਨਾਂ 25-30 ਗ੍ਰਾਮ ਫਾਇਬਰ ਬ੍ਰਾਨ ਦੇ ਅਨਾਜ, ਓਟਮੀਲ, ਬਾਦਾਮ, ਜੌਂ, ਹਰੀ ਸਬਜ਼ੀਆਂ, ਤਾਜ਼ੇ ਫੱਲ, ਬੀਨਜ਼, ਹੋਲ ਵੀਟ, ਵਗੈਰਾ ਨੂੰ ਸਾਮਿਲ ਕਰੋ।



**ਅਨਿਲ ਧੀਰ**

ਰੋਜਾਨਾਂ ਵਰਕ ਆਉਟ, ਸੈਰ, ਯੋਗਾ, ਮੈਡੀਟੇਸ਼ਨ ਅਭਿਆਸ ਕਰਨਾ ਚਾਹੀਦਾ ਹੈ। ਬਿਨਾ ਮਤਲਬ ਸਟ੍ਰੈਸ ਨਾ ਲਵੋ।

ਮਲ-ਤਿਆਗ ਮਹਿਸੂਸ ਹੁੰਦੇ ਹੀ ਨਜ਼ਰਅੰਦਾਜ਼ ਨਾ ਕਰੋ, ਫਾਰਿਗ ਹੋ ਕੇ ਆਓ।

ਸਬਜ਼ੀਆਂ ਦਾ ਸੂਪ, ਫਲਾਂ ਦਾ ਜੂਸ, ਗ੍ਰੀਨ-ਟੀ, ਨਮਕੀਨ ਨਿੰਬੂ-ਪਾਣੀ, ਗਰਮ ਪਾਣੀ ਜ਼ਿਆਦਾ ਪਓ। ਭੋਜਨ ਵਿਚ ਦਾਲਾਂ, ਸਬਜੀਆਂ 'ਤੇ ਗ੍ਰੀਨ ਸਲਾਦ ਜਿਆਦਾ ਇਸਤੇਮਾਲ ਕਰੋ।

ਲਗਾਤਾਰ 3 ਹਫਤੇ ਤ੍ਰਿਫਲਾ ਚੂਰਨ 1 ਚਮਚ 1 ਕੱਪ ਪਾਣੀ ਵਿਚ ਪਾ ਕੇ ਪੂਰੀ ਰਾਤ ਰੱਖ ਕੇ ਜਾਗਦੇ ਸਾਰਾ ਪਾਣੀ ਪੀਣ ਨਾਲ ਕਬਜ਼ ਵਿਚ ਆਰਾਮ ਮਿਲਦਾ ਹੈ।

ਚਟਪਟੇ, ਫਰਾਈਡ, ਪਦਾਰਥ, ਅਤੇ ਪ੍ਰੋਸੈਸਡ ਭੋਜਨ ਘੱਟ ਲਵੋ।

ਪਾਚਨ-ਸ਼ਕਤੀ ਵਧਾਉਣ ਲਈ ਕੱਚਾ ਜਿੰਜਰ 5-10 ਗ੍ਰਾਮ ਸਲਾਦ ਦੀ ਸ਼ਕਲ 'ਚ ਅਤੇ ਪੱਕਿਆ ਪਪੀਤਾ, ਪਰੂਨ ਫੱਲ ਇਸਤੇਮਾਲ ਕਰੋ।

ਨਾਨ-ਫਰੂਮੈਂਟੇਬਲ ਫਾਈਬਰ- ਸਾਈਲੀਅਮ, ਸੱਤ-ਇਸਬਗੋਲ, ਰੋਜਾਨਾਂ, 1 ਗਿਲਾਸ ਗਰਮ ਪਾਣੀ, ਜਾਂ ਫਲਾਂ ਦੇ ਰੱਸ ਵਿਚ ਮਿਲਾ ਕੇ ਲੈਣ ਨਾਲ, ਖ਼ੂਰਾਕ ਦੀ ਪੂਰਤੀ ਨਾਲ ਕੋਲਨ ਦੀ ਸਫਾਈ ਵਿਚ ਮਦਦ ਮਿਲਦੀ ਹੈ।

ਫਲੈਕਸ-ਸੀਡ ਪਾਉਡਰ 1 ਚਮਚ ਸਵੇਰੇ ਸ਼ਾਮ ਗਰਮ ਪਾਣੀ ਨਾਲ, ਜਾਂ ਯੋਗਰਟ ਵਿਚ ਮਿਲਾ ਕੇ ਡੇਲੀ ਸੇਵਨ ਕਰਨ ਨਾਲ ਪੇਟ ਹਲਕਾ ਰਹਿੰਦਾ ਹੈ।

ਡੀਹਾਈਡ੍ਰੇਸ਼ਨ ਕਾਰਨ ਹੋਣ ਵਾਲੀ ਕਬਜ਼ ਵਿਚ 8-10 ਗਿਲਾਸ ਪਾਣੀ ਪੀ ਕੇ ਆਰਾਮ ਮਹਿਸੂਸ ਕਰੋ। ਸਾਫਟ ਡ੍ਰਿੰਕਸ ਕਬਜ਼ ਵਧਾ ਸਕਦੇ ਹਨ।

ਕਾਫੀ ਅੰਦਰ ਘੁਲਣਸ਼ੀਲ ਫਾਈਬਰ ਅੰਤੜੀਆਂ ਦੀ ਮਾਸਪੇਸ਼ੀਆਂ ਨੂੰ ਉਤੇਜਿਤ ਕਰਕੇ ਕਬਜ਼ ਤੋਂ ਛੁਟਕਾਰਾ ਪਾਉਣ ਵਿਚ ਮਦਦ ਕਰ ਸਕਦੀ ਹੈ।

ਲੈਗਜ਼ੇਟਿਵ ਸੇਨਾ ਪੱਤੇ ਦਾ ਪਾਉਡਰ 1 ਚਮਚ ਸੱਤ-ਇਸਬਗੋਲ ਵਿਚ ਮਿਲਾ ਕੇ ਬੈੱਡ 'ਤੇ ਜਾਣ ਤੋਂ ਪਹਿਲਾਂ ਘੱਟ ਗਰਮ ਪਾਣੀ ਨਾਲ ਲਗਾਤਾਰ ਸਿਤੇਮਾਲ ਕਰਨ ਨਾਲ ਆਰਾਮ ਮਿਲਦਾ ਹੈ।

ਪੁਰਾਣੀ ਕਬਜ਼ ਵਿਚ ਰਾਤ ਦੇ ਸਮੇਂ 1 ਕੱਪ ਗਰਮ ਵਿਚ ਕੈਸਟਰ ਆਇਲ 1 ਛੋਟਾ ਚਮਚ ਮਿਲਾ ਕੇ ਪੀਣ ਨਾਲ ਫਾਇਦਾ ਮਹਿਸੂਸ ਕਰੋ।

ਪ੍ਰੋਬਾਇਓਟਿਕ ਪਦਾਰਥਾਂ ਦਾ ਕਬਜ਼ ਦੀ ਪਰੇਸ਼ਾਨੀ ਵਿਚ ਇਸਤੇਮਾਲ ਕੀਤਾ ਜਾ ਸਕਦਾ ਹੈ।

ਬ੍ਰੇਕਫਾਸਟ ਸੀਰੀਅਲਸ ਵਿਚ 1 ਚਮਚ ਸੈਸਮੇ (ਤਿਲ) ਸੀਡਜ਼ ਮਿਲਾ ਕੇ ਫਾਇਦਾ ਲੈ ਸਕਦੇ ਹੋ। ਅੰਤੜੀਆਂ ਵਿਚ ਸੈਸਮੇ ਤੇਲ ਦੇ ਗੁਣਾਂ ਕਰਕੇ ਨਮੀ ਬਣੀ ਰਹਿੰਦੀ ਹੈ। ਤਿਲਾਂ ਨੂੰ ਡੇਲੀ ਭੋਜਨ ਨਾਲ ਸਲਾਦ ਉਪਰ ਬਰੂਰ ਕੇ ਇਸਤੇਮਾਲ ਕਰੋ।

ਨੋਟ: ਕਮਜੋਰ ਡਾਈਜੇਸਟਿਵ ਸਿਸਟਮ ਜ਼ਿਆਦਾ ਕਬਜ਼ ਜਾਂ ਤਕਲੀਫ ਵਿਚ ਅਤੇ ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ 'ਤੇ ਸੀਨੀਅਰਜ਼ ਲਈ ਅਤਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਲੈਗਜੇਟਿਵ ਸਪਲੀਮੈਂਟਸ ਦੀ ਵਰਤੋਂ ਕਰਨੀ ਚਾਹੀਦੀ ਹੈ।

ਲਿਖਤ : ਡਾ.ਹਰਜੋਤ ਕੌਰ ਖੈਹਿਰਾ ਸਰੀ
ਸੰਪਰਕ : 604-724-5741

# ਅਜੋਕੇ ਮਨੁੱਖ ਨਾਲ ਸਾਂਝ ਪਾਉਂਦਾ: "ਰੂਹ ਦਾ ਸਾਲ਼ਣੂ"

ਆਧੁਨਿਕ ਪੰਜਾਬੀ ਵਾਰਤਕ ਦੀ ਅਜੋਕੇ ਸਮੇਂ ਵਿਚ ਵਿਚਾਰ ਚਰਚਾ ਕੀਤੀ ਜਾਵੇ ਤਾਂ ਦੇਖਿਆ ਜਾ ਸਕਦਾ ਹੈ ਕਿ ਇਸ ਦੇ ਵਿਸ਼ਿਆ ਵਿਚ ਖਾਸ ਵਿਭਿੰਨਤਾ ਨਜ਼ਰ ਆ ਰਹੀ ਹੈ। ਸਮਾਂ ਜੇਕਰ ਮਨੁੱਖ ਤੇ ਸਮਾਜ ਵਿਚ ਬਦਲਾਵ ਦੀ ਪੇਸ਼ਕਾਰੀ ਕਰ ਰਿਹਾ ਉਥੇ ਸਾਹਿਤਕਾਰ ਵੀ ਉਸ ਬਦਲਾਵ ਨੂੰ ਹਰ ਤਰੀਕੇ ਨਾਲ ਰਚਨਾਵੀ ਜ਼ਰੂਰਤਾਂ ਅਨੁਸਾਰ ਰਚਨਾਵਾਂ ਵਿਚ ਢਾਲ ਕੇ ਪਾਠਕਾਂ ਸਾਹਮਣੇ ਪੇਸ਼ ਕਰ ਰਿਹਾ ਹੈ। ਇਕ ਵਧੀਆ ਲੇਖਕ ਦੀ ਪਹਿਚਾਣ ਉਸਦੀ ਰਚਨਾ ਦੀ ਵੰਨ ਸਵੰਨਤਾ ਕਾਰਣ ਹੀ ਨਹੀਂ ਹੁੰਦੀ ਬਲਕਿ ਇਸ ਗੱਲ ਨਾਲ ਵੀ ਹੁੰਦੀ ਹੈ ਕਿ ਉਹ ਸਮੇ ਦਾ ਹਾਣ ਦਾ ਹੈ ਕਿ ਨਹੀਂ।

ਰੂਹ ਦਾ ਸਾਲ਼ਣੂ ਪਰਵਾਸੀ ਕੈਨੇਡੀਅਨ ਪੰਜਾਬੀ ਲੇਖਕ ਮੋਹਨ ਗਿੱਲ (ਡੇਹਲੋਂ) ਦੀ ਵਾਰਤਕ ਵੰਨਗੀ ਦੀ ਪੁਸਤਕ ਹੈ। ਬੇਸ਼ਕ ਉਸਨੇ ਸਾਹਿਤ ਦੇ ਕਈ ਰੂਪ ਕਵਿਤਾ,ਕਾਵਿ ਨਾਟ,ਦੀ ਰਚਨਾ ਕੀਤੀ ਹੈ ਪਰ ਵਾਰਤਕ ਉਸ ਦਾ ਲਿਖਿਆ ਗਿਆ ਸ਼ੁਰੂਆਤੀ ਸਾਹਿਤਕ ਰੂਪ ਹੈ, ਜਿਸਦੀ ਪੇਸ਼ਕਾਰੀ ਫਿਰ ਉਹ 2024 ਵਿਚ ਰੂਹ ਦਾ ਸਾਲ਼ਣੂ ਸਿਰਲੇਖ ਅਧੀਨ ਕਰ ਰਿਹਾ ਹੈ। ਵਾਰਤਕ ਮੱਧਕਾਲ ਦਾ ਸਭ ਤੋਂ ਮਹੱਤਵਪੂਰਨ ਸਾਹਿਤ ਰੂਪ ਹੈ ਜੋ ਆਧੁਨਿਕ ਕਾਲ ਖੰਡ ਵਿਚ ਆ ਕੇ ਆਪਣੇ ਰੂਪ ਬਦਲ ਲੈਂਦਾ ਹੈ ਅਤੇ ਉਹਨਾਂ ਸਾਹਿਤਕ ਰੂਪਾਂ ਦੀ ਨਿਰੰਤਰਤਾ ਤੇ ਰਵਾਨਗੀ ਉਸ ਵਿਚ ਪੇਸ਼ ਵਿਸ਼ਿਆ ਤੇ ਲੇਖਕਾਂ ਦੀ ਸਾਹਿਤਕ ਸਮਝ ਤੋਂ ਹੁੰਦੀ ਹੈ।

ਮੋਹਨ ਗਿੱਲ ਦੁਆਰਾ ਸਿਰਜਿਤ ਇਹ ਪੁਸਤਕ ਆਧੁਨਿਕ ਮਨੁੱਖ ਦੇ ਜੀਵਨ ਝਾਤ ਨੂੰ ਨਹੀਂ ਬਲਕਿ ਮਨੁੱਖ ਦੇ ਵਿਆਪਕ ਸਰੂਪ ਦਾ ਚਰਿੱਤਰ ਚਿਤਰਨ ਕਰਦੀ ਹੈ। ਰੂਹ ਦਾ ਸਾਲ਼ਣੂ ਸਿਰਲੇਖ ਅਧੀਨ ਇਹ ਵਾਰਤਕ ਜੀਵਨ ਦੀਆਂ ਕਈ ਪਰਤਾਂ ਨੂੰ ਝੁੱਕਦੀ,ਪਰਤਦੀ,ਤਲਾਸ਼ਦੀ ਤੇ ਅਧਿਐਨ ਕਰਦੀ ਜੀਵਨ ਦੀਆਂ ਸੱਚਾਈਆਂ ਨੂੰ ਸਾਹਮਣੇ ਲਿਆਉਣ ਦਾ ਯਤਨ ਕਰਦੀ ਹੈ।

ਵਾਰਤਕ ਆਪਣੇ ਆਪ ਵਿਚ ਇਕ ਵਿਸ਼ਾਲ ਸਾਹਿਤਕ ਸਰੂਪ ਹੈ, ਜੋ ਕਵਿਤਾ ਦੀਆਂ ਬੰਦਿਸ਼ਾਂ ਤੋਂ ਮੁਕਤ ਜ਼ਰੂਰ ਹੁੰਦਾ ਪਰ ਇਹ ਆਪਣੇ ਸਿੱਧਾਂਤਕ ਸਰੂਪ ਵਿਚ ਜ਼ਰੂਰ ਬੱਝਿਆਂ ਹੁੰਦਾ ਹੈ। ਇਸ ਲਈ ਇਕ ਵਧੀਆਂ ਵਾਰਤਕ ਰਚਨਾ ਦੇ ਸਿੱਧਾਂਤਕ ਪੱਖ ਵਿਚ ਇਸਦੇ ਮੁੱਖ ਤੱਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ: ਬੁੱਧੀ ,ਭਾਵ(ਦਲੀਲ/ਤਰਕ),ਤੇ ਸ਼ੈਲੀ। ਇਹਨਾਂ ਤੱਤਾਂ ਦੇ ਰਾਹੀਂ ਹੀ ਇਕ ਵਾਰਤਕ ਰਚਨਾ ਵਿਚ ਸਾਦਗੀ,ਸਰਲਤਾ,ਸਪੱਸ਼ਟਤਾ,ਰਵਾਨਗੀ,ਨਿਆ ਇਸ਼ੀਲਤਾ ਤੇ ਸੰਗੀਤਾਤਮਕਤਾ ਦੀ ਪੇਸ਼ਕਾਰੀ ਕੀਤੀ ਜਾ ਸਕਦੀ ਹੈ।

ਵਾਰਤਕਕਾਰ ਮੋਹਨ ਗਿੱਲ ਆਪਣੀ ਇਸ 16 ਪੁਸਤਕ 'ਰੂਹ ਦਾ ਸਾਲ਼ਣੂ' ਵਿਚ ਛੋਟੀਆਂ ਛੋਟੀਆਂ ਗੱਲਾਂ ਦੇ ਰਾਹੀਂ ਮਨੁੱਖ ਤੇ ਉਸਦੇ ਵਜੂਦ ਦੀ ਝਾਕੀ ਪੇਸ਼ ਕਰਦੇ ਨਜ਼ਰ ਆਉਂਦੇ ਹਨ।ਇਸ ਪੁਸਤਕ ਵਿਚ ਕੁਲ 747 ਖੁੱਲੇ ਵਿਚਾਰ(ਲੋਕ ਸਿਆਣਪਾ)ਦਰਜ ਹਨ।ਮਨੁੱਖ,ਜ਼ਿੰਦਗੀ,ਵਿਵਹਾਰ ਤੇ ਕੁਦਰਤ ਦੁਆਲੇ ਘੁੰਮਦੀਆਂ ਨਜ਼ਰ ਆਉਂਦੀਆਂ ਹਨ। ਮਨੁੱਖੀ ਪਰਛਾਵੇਂ ਦੀ ਤਰਾਂ ਹਰ ਸਮੇਂ ਉਸਦੇ ਨਾਲ ਵਿਚਰਨ ਵਾਲੇ ਭਾਵਾਂ ਨੂੰ ਬਿਆਨ ਕਰਦੀਆਂ ਹਨ। ਕਿਤੇ ਕਿਤੇ ਨਰਮੀ,ਪਿਆਰ,ਘੁਰ ਦੇ ਨਾਲ ਨਾਲ ਤਲਖ਼ ਹਕੀਕਤਾਂ ਤੋਂ ਜਾਣੂ ਕਰਾਉਣ ਦਾ ਯਤਨ ਕਰਦੇ ਹੋਏ ਮੋਹਨ ਗਿੱਲ ਮਨੁੱਖੀ ਧਰਤੀ ਦੇ ਉਸ ਵਾਤਾਵਰਨ ਨੂੰ ਪਕੜਦਾ ਜਿਥੇ ਉਹ ਖੁਦ ਵਿਚਰ ਕੇ ਉਹਨਾਂ ਤੋਂ ਜਾਣੂ ਹੋ ਸਕਿਆ ਹੈ।ਜ਼ਿੰਦਗੀ ਦੇ ਅਨੁਭਵਾਂ ਨੂੰ ਕਲਮੀ ਧਾਰ ਨਾਲ ਲਿਖ ਕੇ ਉਹ ਲੇਖਕ ਨੇ ਮਨ ਦੀ ਖੁਰਾਕ ਵਧੀਆਂ ਵਿਚਾਰ,ਭਾਵ,ਗਿਆਨ ਦੱਸਿਆ ਹੈ ਜੋ ਰੂਹ /ਮਨ ਨੂੰ ਰੁਸ਼ਨਾਉਂਦਾ ਹੈ। ਜ਼ਿੰਦਗੀ ਜਿਉਣ ਦਾ ਸਲੀਕਾ ਦੱਸਦਾ,ਰੂਹ ,ਮਨ ਖੁਸ਼ ਕਰਨ ਦਾ ਰਾਹ ਦਿਖਾਉਂਦਾ,ਸਕਰਾਮਤਕ ਵਿਚਾਰਾ ਰਾਹੀ ਸਹੀ ਦਿਸ਼ਾ ,ਮਾਰਗ ਤੇ ਤੋਰਦਾ ,ਮਨ ਦੀ ਮੈਲ ਨੂੰ ਦੂਰ ਕਰਨ ਲਈ ਪਿਆਰ ਦਾ ਰਸਤਾ ਦੱਸਦਾ ਅਤੇ ਇਸ ਸਭ ਦਾ ਅਸਲੀ ਤੇ ਪਹਿਲਾ ਮਾਰਗ ਗਿਆਨ ਨੂੰ ਪਹਿਲ ਦਿੰਦਾ।


ਲੇਖਕ ਨੇ ਇਸ ਪੁਸਤਕ ਦੇ ਸਿਰਲੇਖ ਦਾ ਚੁਨਾਅ ਕਰਕੇ ਇਸ ਪੁਸਤਕ ਦਾ ਨਿਚੋੜ ਇਹਨਾਂ ਤਿੰਨ ਸ਼ਬਦਾ ਰਾਹੀਂ ਕਰਕੇ ਭਾਵ ਅਰਥ ਬਿਆਨ ਕੀਤਾ ਹੈ। ਰੂਹ ਦਾ ਸਾਲ਼ਣੂ ਮਨੁੱਖ ਮਨ ਦੀ ਖੁਰਾਕ, ਗਿਆਨ ਹੈ। ਮਨੁੱਖ ਦੀ ਸਰੀਰਕ,ਮਾਨਸਿਕ,ਸਮਾਜਿਕ,ਰਾਜਨੀਤਿਕ,ਆਰਥਿਕ ਅਤੇ ਸੱਭਿਆਚਾਰਕ ਭਾਵ ਹਰ ਸਰੋਕਾਰ ਨਾਲ ਵਾਬਸਤਗੀ ਜ਼ਾਹਿਰ ਕਰਦਾ ਹੋਇਆ ਆਪਣੇ ਭਾਵਾਂ ਦੀ ਲੜੀ ਨੂੰ ਕਿਤੇ ਵੀ ਟੁੱਟਣ ਨਹੀਂ ਦਿੰਦਾ ਹੈ। ਇਥੇ ਹੀ ਡਾ.ਜੀਤ ਸਿੰਘ ਸੀਤਲ ਦੀ ਧਾਰਨਾ ਦਾ ਜ਼ਿਕਰ ਕੀਤਾ ਜਾਵੇਂ ਤਾਂ "ਉਹ ਵਿਅਕਤੀਗਤ ਲੇਖ,ਜਿੰਨ੍ਹਾਂ ਵਿਚ ਮਨੁੱਖੀ ਕਦਰਾਂ ਕੀਮਤਾਂ ਦਾ ਮੁਲਾਂਕਣ ਹੋਵੇ,ਮਨੁੱਖੀ ਹਿਰਦੇ ਦੇ ਹਾਵਾਂ-ਭਾਵਾਂ ਦਾ ਸੁਚੱਜਾ ਪ੍ਰਗਟਆ ਹੋਵੇ,ਛਣਕਦੇ ਹਾਸੇ ਹੋਣ ,ਰੋਂਦੇ ਦਿਲਾਂ ਦੀ ਵਿਥਿਆ ਹੋਵੇ, ਨਿਆਇਸ਼ੀਲ ਵਿਚਾਰ ਤੇ ਸੁਭਾਵਕ ਜਜ਼ਬੇ ਹੋਣ,ਵਿਸ਼ੇਸ ਦ੍ਰਿਸ਼ਟੀਕੋਣ ਦਰਸਾਏ ਗਏ ਹੋਣ ਜਾਂ ਅਜਿਹੇ ਵਿਚਾਰ ਹੋਣ ਜਿਹੜੇ ਸੂਚਕ ਬੌਧਿਕ ਤੇ ਭਾਵੁਕ ਵਿਅਕਤੀ ਨੂੰ ਸਾਕਾਰ ਕਰਦੇ ਹੋਣ ਤੇ ਜਿੰਨ੍ਹਾਂ ਦੀ ਕਲਪਨਾ ਲਈ ਵਿਸ਼ੇਸ਼ ਲਿਖਣ ਢੰਗ ਦੀ ਲੋੜ ਪਵੇ ਉਹ ਵਾਰਤਕ ਦਾ ਰੂਪ ਧਾਰ ਸਕਦੇ ਹਨ।" ਭਾਵ ਇਹ ਸਭ ਖੂਬੀਆਂ ਇਸ ਪੁਸਤਕ ਵਿਚ ਸ਼ਾਮਲ ਹਨ ਇਸ ਲਈ ਇਸਨੂੰ ਨਿਰੋਲ ਤੇ ਵਧੀਆਂ ਵਾਰਤਕ ਰਚਨਾ ਕਹਿ ਸਕਦੇ ਹਾਂ।

ਵਾਰਤਕ ਦੇ ਪਹਿਲੇ ਤੱਤ ਦੀ ਗੱਲ ਕੀਤੀ ਜਾਵੇਂ ਤਾਂ ਲੇਖਕ ਨੇ ਬੌਧਿਕਤਾ ਤੇ ਭਾਵੁਕਤਾ ਦਾ ਸੁਮੇਲ ਬਾਖੂਬੀ ਪੇਸ਼ ਕੀਤਾ ਹੈ। ਦਲੀਲ ਤੇ ਤਰਕ ਦੀ ਸਹਾਇਤਾ ਨਾਲ ਬੌਧਿਕਤਾ ਨੂੰ ਆਪਣੀ ਰਚਨਾ ਵਿਚ ਪੇਸ਼ ਕੀਤਾ ਹੈ। ਲੇਖਕ ਦੁਆਰਾ ਪੇਸ਼ 747 ਖੁੱਲੇ ਵਿਚਾਰ(ਲੋਕ ਸਿਆਣਪਾ) ਵਿਚ ਪੇਸ਼ ਵਿਸ਼ੇ ,ਭਾਵ ਮਨੁੱਖੀ ਜੀਵਨ ਨੂੰ ਸਹੀ ਦਿਸ਼ਾ ਦੇ ਮਾਰਗ ਪ੍ਰਦਾਨ ਕਰਦਾ ਹੈ। ਕੁਦਰਤ ਦੀ ਖੂਬਸੂਰਤੀ ਨੂੰ ਫੁੱਲ, ਦਰਿਆ, ਰੁੱਖ ਨਾਲ ਜੀਵਨ ਦੀ ਖੂਬਸੂਰਤੀ ਨਾਲ ਤੁਲਨਾ ਕੇ ਕਿਤਾਬਾ, ਡਿਗਰੀਆਂ, ਵਿਦਿਆ, ਪੁਸਤਕਾਂ ਭਾਸ਼ਣ , ਰਿਸ਼ਤੇ: ਜੀਵਨ, ਪਰਿਵਾਰ, ਦੋਸਤ, ਆਪਣਿਆਂ, ਔਰਤ, ਵਿਵਹਾਰ:ਵਿਸ਼ਵਾਸ, ਦੁਸਮਣੀ, ਮਨ, ਗੁੱਸਾ, ਵਰਤਮਾਨ, ਭਵਿੱਖ, ਸੁੱਚਾ, ਹਨੇਰਾ, ਗਵਾਹੀਆਂ, ਅਮੀਰ, ਅੰਧ ਵਿਸ਼ਵਾਸ, ਬਦਲਾ, ਸੁਫਨੇ, ਦਾਨ, ਫਿਕਰ, ਚੁੱਪ,ਕਿਰਦਾਰ: ਬੁੱਧ. ਐਲਬਰਟ, ਸਾਧਨ, ਰੇਡੀਓ, ਗੂਗਲ, ਸ਼ੋਸ਼ਲ ਮੀਡੀਆ, ਆਦਿ ਮੁੱਖ ਵਿਸ਼ਿਆਂ ਨੂੰ ਬਹੁਤ ਹੀ ਭਾਵਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਜੀਵਨ ਦੀਆਂ ਸੱਚਾਈਆਂ ਨੂੰ ਤਰਕਮਈ ਢੰਗ ਨਾਲ ਪੇਸ਼ ਕਰਨ ਵਿਚ ਕਾਮਯਾਬ ਹੋਇਆ ਹੈ। ਮਨੁੱਖ ਦੀ ਬਿਹਤਰੀ ਤੇ ਰਿਸ਼ਤਿਆਂ ਦੀ ਸਾਂਝ ਨੂੰ ਬਰਕਰਾਰ ਰੱਖਣ ਲਈ ਬੁੱਧੀ ਦੀ ਸਹਾਇਤਾ ਨਾਲ ਵਿਚਾਰ ਪ੍ਰਨਾਏ ਹੋਏ ਨਜ਼ਰ ਆਉਂਦੇ ਹਨ। ਉਦਾਹਰਨ ਦੇ ਤੌਰ ਤੇ:

'ਹਰ' : ਹਰ ਇਕ ਵਿਅਕਤੀ ਦੇ ਅੰਦਰ ਸਦਾ ਇਕ ਖੂੰਖਾਰ ਦੁਸ਼ਮਣ ਅਤੇ ਇੱਕ ਵਫ਼ਾਦਾਰ ਦੋਸਤ ਹਾਜ਼ਰ ਹੁੰਦਾ ਹੈ। ਇਸ ਸਾਡੇ ਆਪਣੇ ਆਪ ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਨੂੰ ਜਗਾਉਂਦੇ ਹਾਂ ਤੇ ਕਿਸ ਨੂੰ ਸੁਲਾਉਂਦੇ ਹਾਂ। ਪੰਨਾ 121

ਆਪਣੇ: ਆਪਣੇ ਮਨ ਦੇ ਕੰਪਿਊਟਰ ਵਿਚ ਅੱਗੇ ਵਧਣ ਤੋਂ ਰੋਕਣ ਵਾਲੇ ਸਾਰੇ ਐਪਾਂ ਨੂੰ ਡਲੀਟ ਕਰ ਦਿਓ। ਪੰਨਾ 124

"ਹਰ': ਹਰ ਪੈਦਾ ਹੋਇਆ ਬੱਚਾ ਕੋਰਾ




ਕਾਗਜ਼ ਹੁੰਦਾ ਹੈ,ਇਹ ਤਾਂ ਅਸੀ ਲੋਕ ਹਾਂ ਜੋ ਉਸ ਨੂੰ ਆਪਣੀ ਬੋਲੀ ਬੋਲਣਾ ਸਿਖਾਉਂਦੇ ਹਾਂ।" ਪੰਨਾ 172

ਮੋਹਨ ਗਿੱਲ ਨੇ ਜ਼ਿੰਦਗੀ ਦੇ ਸਹੀ ਮਾਰਗ ,ਜੀਵਨ ਦਾ ਅਸਲ ਮਹੱਤਵ ਨੂੰ ਬਹੁਤ ਖੂਬਸੂਰਤ ਉਦਾਹਰਨਾ ਨਾਲ ਪੇਸ਼ ਕਰਦਾ ਪਰ ਬਹੁਤ ਵਾਰ ਸਵਾਲ ਉਠਾਉਂਦਾ ਹੈ:

- ਅਗਰ ਮਰਦ ਔਰਤ ਲਈ ਤੇ ਔਰਤ ਮਰਦ ਲਈ ਵਿਰੋਧੀ ਲਿੰਗ ਹੈ ਤਾਂ ਸਮਲਿੰਗੀ ਕਿਹੜਾ ਲਿੰਗ ਹੈ। ਪੰਨਾ 130
- ਜੋ ਲੋਕ ਪਰਿਵਾਰ, ਦੋਸਤੀ ਅਤੇ ਕੁਦਰਤ ਨਾਲ ਜੁੜੇ ਰਹਿੰਦੇ ਹਨ,ਉਹ ਜੀਵਨ ਨਾਲ ਜੁੜੇ ਰਹਿੰਦੇ ਹਨ। ਪੰਨਾ 131
- ਗ਼ਲਤਫਹਿਮੀਆਂ ਦੀ ਸਿਉਂਕ ਲਟੈਣਾਂ ਵਰਗੇ ਮਜਬੂਤ ਰਿਸ਼ਤਿਆਂ ਨੂੰ ਮਿੱਟੀ ਬਣਾ ਦਿੰਦੀ ਹੈ। ਪੰਨਾ 181
- ਜੇਕਰ ਅਸੀ ਜਾਣਦੇ ਹਾਂ ਸਾਡੇ ਪਿੱਤਰ ਸਵਰਗਾਂ ਵਿਚ ਚਲੇ ਗਏ ਹਨ ਤਾਂ ਫਿਰ ਉਹ ਤਾਂ ਸਵਰਗ ਵਿਚ ਰੰਗੀਂ ਵਸਦੇ ਹੋਣਗੇ॥ਰੱਜ ਕੇ ਖਾਂਦੇ,ਆਰਾਮ ਨਾਲ ਸੌਂਦੇ ਹੋਣਗੇ।ਫਿਰ ਉਨ੍ਹਾਂ ਨੂੰ ਸ਼ਰਾਧ ਵਾਲੇ ਦਿਨ ਭੋਜਨ ਛਕਾਉਣ ਦੀ ਕੀ ਲੋੜ ਹੈ। ਪੰਨਾ 216

ਲੇਖਕ ਨੇ ਵਿਸ਼ੇ ਵਿਚ, ਬੌਧਿਕਤਾ ਤੇ ਭਾਵੁਕਤਾ ਵਾਰਤਕ ਰਚਨਾ ਦਾ ਬੁਨਿਆਦੀ ਤੱਤ ਦੇ ਤੌਰ ਤੇ ਪੇਸ਼ ਕੀਤਾ ਹੈ॥ ਇਕ ਮਿਆਰੀ ਰਚਨਾ ਦਾ ਉਦਭਵ ਬੇਸ਼ਕ ਲੇਖਕ ਦੇ ਅਨੁਭਵ, ਸੂਝ,ਖਿਆਲ ਜਾਂ ਉਸਦੇ ਸਮਾਜ ,ਮਨੁੱਖ ਆਦਿ ਨਾਲ ਜੁੜੇ ਵੱਖ ਵੱਖ ਭਾਵਾਂ ਦਾ ਸਾਹਿਤ ਦੇ ਕਿਸੇ ਰੂਪ ਨੂੰ ਧਾਰਨ ਕਰਕੇ ਹੁੰਦਾ ਹੈ।ਪਰ ਉਸ ਰਚਨਾ /ਕਿਰਤ ਦਾ ਚੁਣਿਆ ਗਿਆ ਥੀਮ/ਵਿਸ਼ਾ ਕਿਸ ਪੱਧਰ ਉੱਪਰ ਸਮਾਜ ਦੇ ਹਰ ਵਰਗ ਦੀ ਰਹਿਨੁਮਾਈ ਕਰ ਰਿਹਾ ਉਸਦਾ ਉਸ ਤੋਂ ਵੀ ਜਿਆਦਾ ਮਹੱਤਵਪੂਰਨ ਹੋਣਾ ਜ਼ਰੂਰੀ ਹੈ। ਵਧੀਆਂ ਵਿਸ਼ਾ ਸਮਾਜ ਵਿਚੋਂ ਗ੍ਰਹਿਣ ਕਰਕੇ ਭਾਵਾਂ ਦੀ ਤਰਜਮਾਨੀ ਰਾਹੀ ਜਦੋਂ ਉਹ ਪਾਠਕਾਂ ਤੱਕ ਪਹੁੰਚਦਾ ਤਾਂ ਪਾਠਕ ਨੂੰ ਉਸ ਕਿਰਤ ਵਿਚੋਂ ਤਾਰਕਿਕ ਗਿਆਨ ਦੇ ਨਾਲ ਸੁਹਜ ਦੀ ਅਨੁਭੂਤੀ ਹੋਣੀ ਚਾਹੀਦੀ ਹੈ। ਲੇਖਕ ਕਲਾ ਸਮਾਜ ਲਈ ਜਾਂ ਕਲਾ ਕਲਾ ਲਈ ਕਿਸੇ ਵੀ ਵਿਚਾਰਧਾਰਾ ਨਾਲ ਜੁੜਿਆ ਕਿਉ ਨਾ ਹੋਵੇ ਪਰ ਉਸਦੀ ਰਚਨਾ ਦਾ ਸਾਹਿਤਿ ਸਿੱਧਾਂਤਾਂ ਉਪਰ ਮਿਆਰੀ ਤੇ ਪਾਠਕ ਤੇ ਲੇਖਕ ਵਿਚ ਇੱਕ ਕੜੀ ਦਾ ਕੰਮ ਕਰਨ ਵਾਲੀ ਹੋਣੀ ਲਾਜ਼ਮੀ ਹੈ।ਮੋਹਨ ਗਿੱਲ ਇਸ ਕੜੀ ਦਾ ਕੰਮ ਇਸ ਪੁਸਤਕ ਵਿਚ ਦਿੱਤੇ ਖੁੱਲੇ ਵਿਚਾਰ(ਲੋਕ ਸਿਆਣਪਾ) ਰਾਹੀ ਬਾਖੂਬੀ ਕਰਦਾ ਹੈ। ਬੇਸ਼ਕ ਇਹ ਖੁੱਲੇ ਵਿਚਾਰ(ਲੋਕ ਸਿਆਣਪਾ) ਸਦੀਆ ਤੋਂ ਸਾਡੇ ਸਮਾਜ ਦਾ ਅਟੁੱਟ ਹਿੱਸਾ ਰਹੀਆਂ ਹਨ।ਸਮੇਂ ਦੇ ਬਦਲਾਵ ਨਾਲ ਇਸਦੀ ਭਾਸ਼ਾ,ਸ਼ਬਦਾਵਲੀ ਤੇ ਵਾਕ ਬਣਤਰ ਵਿਚ ਕਾਫੀ ਤਬਦੀਲੀ ਆ ਚੁੱਕੀ ਹੈ ਪਰ ਉਹਨਾਂ ਦਾ ਅਹਿਮ ਹਿੱਸਾ ਦੇਸ਼,ਵਿਦੇਸ਼ ,ਵਿਸ਼ਵ ਪੱਧਰ ਉਪਰ ਵਿਚਰ ਰਹੇ ਹਰ ਮਨੁੱਖ ਨੂੰ ਸਕਾਰਾਤਮਕ ਸੋਚ ਨੂੰ ਉਜਾਗਰ ਕਰਨ ਤੇ ਵਧੀਆਂ ਦਿਸ਼ਾ ਦੇਣ ਦਾ ਕਾਰਜ ਕਰਦੀਆਂ ਰਹਿੰਦੀਆਂ ਹਨ।ਮੋਹਨ ਗਿੱਲ ਦੁਆਰਾ ਰਚਿਤ ਇਹ ਸਿਆਣਪਾ ਬੇਸ਼ਕ ਵੱਖ ਵੱਖ ਤਰੀਕੇ ਨਾਲ ਕੁਝ ਸੁਣੀਆਂ ਜਾਂ ਪੜ੍ਹੀਆਂ ਗਈਆਂ ਹਨ ਪਰ ਇਸ ਪੁਸਤਕ ਵਿਚ ਉਸ ਦੁਆਰਾ ਦਿੱਤੇ ਗਏ ਵਿਚਾਰ ਉਸਦੀ ਆਪਣੀ ਬੌਧਿਕਤਾ ਤੇ ਭਾਵਾਂ ਨਾਲ ਬਿਆਨ ਹੋਏ ਹਨ। ਆਧੁਨਿਕ ਵਾਰਤਕ ਵਿਚ ਗਿਆਨ, ਵਿਗਿਆਨ, ਕੰਪਿਊਟਰ ਤੇ ਮਨੋਵਿਗਿਆਨ ਜਿਹੇ ਵਿਸ਼ੇ ਵੀ ਵਾਰਤਕ ਦਾ ਹਿੱਸਾ ਬਣ ਗਏ ਤੇ ਬਣ ਰਹੇ ਹਨ ।

ਸਾਹਿਤ ਦੇ ਹਰ ਰੂਪ ਨੂੰ ਲਿਖਣ ਦਾ ਹਰ ਇਕ ਲੇਖਕ ਦਾ ਆਪਣਾ ਇਕ ਨਿੱਜੀ ਢੰਗ ਹੁੰਦਾ ਹੈ।ਇਸਨੂੰ ਸਾਹਿਤਕ ਭਾਸ਼ਾ ਵਿਚ ਸ਼ੈਲੀ ਕਹਿੰਦੇ ਜਿਸਤੋਂ ਲੇਖਕ ਦੀ ਲਿਖਤ ਢੰਗ ਪਤਾ ਚੱਲਦਾ।ਭਾਵ ਇਸ ਸਟਾਇਲ ਨਾਲ ਉਸਦੀ ਲਿਖਤ ਦੀ ਆਸਾਨੀ ਨਾਲ ਪਹਿਚਾਣ ਹੋ ਜਾਂਦੀ ਹੈ। ਇਸ ਵਾਰਤਕ ਰਚਨਾ ਵਿਚ ਮੋਹਨ ਗਿੱਲ ਨੇ ਵਾਰਤਕ ਦੇ ਪ੍ਰਮੁੱਖ ਗੁਣਾ ਨੂੰ ਆਧਾਰ ਬਣਾ ਕਿ ਸੰਖੇਪਤਾ,ਸਪੱਸ਼ਟਤਾ,ਵੰਨ-ਸੁਵੰਨਤਾ,ਸਾਦਗੀ ਆਦਿ ਪੇਸ਼ ਕਰਕੇ ਵਿਚਾਰਾ ਨੂੰ ਉਤਮਤਾ ਪ੍ਰਦਾਨ ਕੀਤੀ ਹੈ। ਉਸਦੀ ਸ਼ਬਦ ਯੋਜਨਾ,ਵਾਕ ਬਣਤਰ ਤੇ ਵੱਖ ਵੱਖ ਭਾਸ਼ਾਈ ਸ਼ਬਦਾਵਲੀ ਉਸਦੀ ਸ਼ੈਲੀ ਨੂੰ ਪ੍ਰੋੜ ਬਣਾਉਂਦੀ ਹੈ। ਮੁਹਾਵਰੇਦਾਰ ਸ਼ੈਲੀ ਦੇ ਨਾਲ ਨਾਲ ਅਖਾਉਤਾਂ ਆਦਿ ਨੂੰ ਆਪਣੀ ਗੱਲ ਦੀ ਪ੍ਰੋੜਤਾ ਲਈ ਵਰਤੋਂ ਬਹੁਤ ਵਧੀਆਂ ਪ੍ਰਭਾਵ ਦਿੰਦੀ ਹੈ।

ਪਿੱਠ ਪਿੱਛੇ ਵਾਰ ਕਰਨਾ,ਬਿਨ ਬੁਲਾਏ ਮਹਿਮਾਨ,ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨਾ,ਧਰਤੀ ਤੇ ਭਾਰ,ਪਹਿਲਾ ਤੋਲੋ ਫੇਰ ਬੋਲੋ,ਢਿੰਡੋਰਾ ਪਿੱਟਣਾ,ਖੁਸ਼ੀਆਂ ਤੇ ਪਾਣੀ ਫੇਰਨਾ,ਗੱਲਾਂ ਦਾ ਕੜਾਹ,ਜੁਮਲਿਆਂ ਦਾ ਹਾਰ ਪਹਿਨਾਉਣਾ,ਅੰਗੂਰ ਖੱਟੇ,ਇਕ ਮਿਆਨ ਵਿਚ ਦੋ ਤਲਵਾਰਾ ,ਚਾਦਰ ਦੇਖ ਕੇ ਪੈਰ ਪਸਾਰਨਾ, ਉਂਗਲੀ ਟੇਢੀ ਕਰਕੇ ਘਿਉ ਕੱਢਣਾ, ਲਹੂ ਦੇ ਰਿਸ਼ਤੇ ਆਦਿ।

ਉਸਤੋਂ ਬਾਅਦ ਭਾਸ਼ਾ ਦਾ ਪ੍ਰਭਾਵਸ਼ਾਲੀ ਪ੍ਰਯੋਗ ਜਿਸ ਵਿਚ ਇਲਾਕਾਈ ਬੋਲੀ ਦੇ ਨਾਲ ਨਾਲ ਅਜੋਕੇ ਤਕਨੀਕੀ ਭਾਸ਼ਾ ਨੂੰ ਸ਼ਾਮਲ ਕੀਤਾ ਉਹ ਵੀ ਆਪਣਾ ਵੱਖਰਾ ਪ੍ਰਭਾਵ ਸਿਰਜਦੀ ਹੈ। ਲੇਖਕ ਨੇ ਆਮ ਬੋਲ ਚਾਲ ਵਾਲੀ ਭਾਸ਼ਾ ਦੀ ਵਰਤੋਂ ਕਰਕੇ ਆਸਾਨੀ ਪੈਦਾ ਕਰਨ ਦਾ ਕੋਸ਼ਿਸ ਕੀਤੀ ਗਈ ਹੈ। ਉਰਦੂ,ਫਾਰਸੀ,ਅੰਗਰੇਜ਼,ਹਿੰਦੀ ਆਦਿ ਭਾਸ਼ਾਵਾਂ ਦੇ ਸ਼ਬਦਾ ਦੀ ਵਰਤੋਂ ਆਪਣੇ ਵਿਚਾਰਾ ਨੂੰ ਹੋਰ ਸਪੱਸ਼ਟ ਕਰਨ ਲਈ ਕੀਤੀ ਗਈ ਹੈ। ਯੋਗ ਸਾਧਨਾ, ਆਤਮ ਮੰਥਨ, ਨਸਲ, ਜੈਂਡਰ, ਜੱਜਮੈਂਟ, ਜੀ.ਪੀ.ਐੱਸ, ਫ਼ਤਵਾ, ਨਸ਼ਰ, ਫ਼ਿਤਰਤ, ਬਰਾਂਡ,ਲਕਸ਼ ਆਦਿ।

ਇਸਤੋਂ ਬਾਅਦ ਸਿਰਲੇਖ ਦੀ ਗੱਲ ਕੀਤੀ ਜਾਵੇਂ ਤੇ ਹਰ ਖੁੱਲੇ ਵਿਚਾਰ ਨੂੰ ਇਕ ਸਿਰਲੇਖ ਵਿਚ ਬੰਨਿਆ ਗਿਆ ਹੈ। ਸਿਰਲੇਖ ਆਮ ਬੋਲ ਚਾਲ ਵਿਚੋਂ ਲਏ ਗਏ ਹਨ ਜੋ ਆਮ ਸਧਾਰਨ ਸਿਰਲੇਖ ਹਨ। ਸਾਧਾਰਨਤਾ ਉਪਰ ਵਧੇਰੇ ਕੇਂਦਰਿਤ ਕੀਤਾ ਗਿਆ ਹੈ।ਪਰ ਸਿਰਲੇਖ ਦਾ ਦੁਹਰਾਓ ਬਹੁਤ ਜਿਆਦਾ ਹੈ। ਹੱਸ,ਹੱਸਣਾ,ਜੀਵਨ,ਗੁੱਸਾ,ਅੱਜ,ਪਿਆਰ ਆਦਿ ਸਿਰਲੇਖ ਦੀ ਵਰਤੋਂ ਬਹੁਤ ਵਾਰ ਕੀਤੀ ਗਈ ਹੈ।

ਮੋਹਨ ਗਿੱਲ ਆਪਣੀ ਇਸ ਲਿਖਤ ਵਿਚ ਰਾਜਨੀਤਿਕ ਵਿਅੰਗ ਦੇ ਨਾਲ ਨਾਲ ਸੱਤਾ ਪ੍ਰਾਪਤੀ ਦੀ ਦੌੜ ਵਿਚ ਲੱਗੇ ਮਨੁੱਖ ਦੀ ਸੌੜੀ ਸੋਚ ਨੂੰ ਵੀ ਆਪਣੇ ਕਲੇਵਰ ਵਿਚ ਲੈਂਦਾ ਹੈ।ਇਸਦੇ ਨਾਲ ਪਰਿਵਾਰਾਂ ਵਿਚ ਵੱਧ ਰਹੀਆਂ ਦੂਰੀਆਂ ਤੇ ਉਹਨਾਂ ਦੇ ਕਾਰਨਾਂ ਨੂੰ ਜਿਸ ਤਰ੍ਹਾਂ ਬਿਆਨ ਕਰਦਾ ਉਹ ਉਸਦੀ ਰਚਨਾ ਦੀ ਖੂਬਸੂਰਤੀ ਨੂੰ ਹੋਰ ਉਘਾੜਦੀ ਹੈ। ਜਿਵੇਂ:

ਅੱਜਕੱਲ੍ਹ: ਅੱਜਕੱਲ੍ਹ ਕਈ ਵਾਰ ਨੈੱਟਵਰਕ ਦੇ ਸ਼ਾਂਤ ਹੋਣ ਤੇਂ ਸਾਰੇ ਟੱਬਰ ਨੂੰ ਸ਼ਾਤੀ ਮਿਲਦੀ ਹੈ ਤੇ ਟੱਬਰ ਇੱਕ ਦੂਜੇ ਨੂੰ ਮਿਲਦਾ ਹੈ। ਪੰਨਾ 227

ਅਜੋਕੇ ਰਾਜਨੀਤਿਕ ਵਿਵਸਥਾ ਦੇ ਨਾਲ ਨਾਲ ਮਤਦਾਨਾਂ ਦੀ ਸੋਚ ਤੇ ਪਰਖ ਦੀ ਕਸਵੱਟੀ ਦਾ ਆਧਾਰ ਬਿਆਨ ਕਰਨ ਦਾ ਢੰਗ ਵੀ ਤਾਰੀਫ ਦੇ ਕਾਬਲ ਹੈ:

ਘੋੜਿਆਂ ਦੀ ਥਾਂ ਤੇ ਗਧਿਆਂ ਨੂੰ ਵੋਟ ਪਾਓਗੇ ਤਾਂ ਇਨਾਮ ਵਿਚ ਦੁਲੱਤੇ ਹੀ ਮਿਲਣਗੇ। ਪੰਨਾ 122

ਉਦੇਸ਼/ਮਕਸਦ/ਮਹੱਤਵ/ ਵਾਰਤਕ ਰਚਨਾ ਦੇ ਭਾਵੇਂ ਅਸੀ ਅਖੀਰ ਉਪਰ ਚਰਚਾ ਕਰਦੇ ਹਾਂ ਪਰ ਇਸਦਾ ਆਰੰਭ ਲੇਖਕ ਦੇ ਮਨ ਵਿਚ ਸਭ ਤੋਂ ਪਹਿਲਾ ਉਪਜਦਾ ਹੈ ਕਿ ਉਹ ਜਿਸ ਵੀ ਰਚਨਾ ਦੀ ਘਾੜਤ ਘੜ ਰਿਹਾ ਉਸਦਾ ਪ੍ਰਯੋਜਨ ਕੀ ਹੈ? ਕਿਸ ਮਕਸਦ ਦੀ ਪੂਰਤੀ ਲਈ ਉਹ ਸਾਧਨ ਬਣ ਰਹੀ ਹੈ। ਕੀ ਉਹ ਸਮਾਜ ਦੇ ਹਰ ਵਰਗ ਲਈ ਹੈ ਜਾਂ ਕਿਸੇ ਇਕ ਵਰਗ ਦੀ ਪ੍ਰੋੜਤਾ ਕਰਦੀ ਹੈ। ਇਹ ਸਾਰੇ ਸਵਾਲ ਉਸਦੇ ਮਨ ਵਿਚ ਪਹਿਲਾ ਆਉਂਦੇ ਹਨ ਫਿਰ ਸਾਹਿਤਕ ਕਿਰਤ ਦਾ ਰੂਪ ਧਾਰ ਕਿ ਪਾਠਕਾਂ ਸਾਹਮਣੇ ਸਨਮੁਖ ਹੁੰਦੇ।ਮੋਹਨ ਗਿੱਲ ਇਸ ਪੁਸਤਕ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਜੀਵਨ ਸੇਧ ਤੇ ਸਹੀ ਮਾਰਗ ਚੁਣਨ ਤੇ ਫੋਕਸ ਕਰਦਾ ਨਜ਼ਰ ਆਇਆ ਹੈ। ਸਮਾਜਿਕ ਕੁਰੀਤੀਆਂ ਦਾ ਕੋਹੜ ਮਨਾਂ ਵਿਚ ਵਸਾਉਣ ਵਾਲੇ ਲੋਕਾਂ ਨੂੰ ਪਛਾਨਣ ਤੇ ਉਹਨਾਂ ਤੋਂ ਦੂਰੀ ਬਣਾਉਣ ਦੀ ਗੱਲ ਬਹੁਤ ਵਧੀਆਂ ਢੰਗ ਨਾਲ ਬਿਆਨ ਕਰਦਾ ਹੈ:

ਜੀਵਨ ਵਿਚ ਸੁਖੀ ਰਹਿਣਾ ਚਾਹੁੰਦੇ ਹੋ ਤਾਂ ਸਮੇਂ -ਸਮੇਂ ਸਿਰ ਕੁਝ ਲੋਕਾਂ ਨੂੰ ਜੀਵਨ ਵਿਚੋਂ ਮਨਫ਼ੀ ਕਰਨਾ ਪਵੇਗਾ। ਪੰਨਾ 71

ਬੀਤੇ ਨਾਲ ਜੋੜਨਾ ਭਾਵ ਜੋ ਸਿਆਣਪਾ ਵੱਡੇ ਵਡੇਰਿਆ ਵੱਲੋਂ ਹਰ ਪੀੜ੍ਹੀ ਰਾਹੀ ਇਕ ਦੂਸਰੇ ਨੂੰ ਪਹੁੰਚਾਈਆਂ ਜਾਂ ਸਪੁਰਦ ਕੀਤੀਆਂ ਗਈਆਂ ਹਨ।ਉਹਨਾਂ ਦਾ ਮਕਸਦ ਆਪਣੇ ਜੀਵਨ ਵਿਚ ਕੀਤੀਆਂ ਸਮਝਦਾਰੀ,ਗਲਤੀਆਂ ਤੋਂ ਹਾਸਿਲ ਕੀਤੀ ਸਿੱਖਿਆ ਦਾ ਸੂਤਰਕ ਰੂਪ ਵਿਚ ਆਪਣੀ ਅਗਲੀ ਪੀੜ੍ਹੀ ਨੂੰ ਦੇ ਕਿ ਸੇਧ ਦੇਣਾ ਹੈ। ਮੋਹਨ ਗਿੱਲ ਵੀ ਇਹਨਾਂ ਵਿਚਾਰਾ ਰਾਹੀ ਆਪਣੇ ਅਨੁਭਵਾਂ ਤੋਂ ਹਾਸਿਲ ਕੀਤੀ ਸਿੱਖਿਆ ਨੂੰ ਖੂਬਸੂਰਤ ਵਾਕਾਂ ਤੇ ਸ਼ਬਦਾਂ ਵਿਚ ਪਰੋ ਕੇ ਵਿਚਾਰਾ ਦੀ ਮਾਲਾ ਸਿਰਜਦਾ ਹੈ। ਇਹ ਸਭ ਵਿਸ਼ੇ ਤੇ ਉਹਨਾਂ ਦੀ ਪੇਸ਼ਕਾਰੀ ਇਸ ਵਾਰਤਕ ਰਚਨਾ ਰੂਹ ਦਾ ਸਾਲ਼ਣੂ ਦਾ ਉਦੇਸ਼ ਮਨੁੱਖੀ ਜੀਵਨ ਨੂੰ ਮਿਆਰੀ ਬਣਾਉਣਾ ਹੈ ਤੇ ਉਸਦਾ ਕਲਿਆਨਮਈ ਕਰਨਾ ਹੈ। ਜਿਵੇਂ ਉਹ ਸਮਾਜਿਕ ਜੀਵਨ ਤੇ ਅਜੋਕੇ ਮਨੁੱਖ ਦੀਆਂ ਸਮੱਸਿਆਵਾਂ ਉਸਦੀਆਂ ਪ੍ਰਾਪਤੀਆਂ ਤੇ ਕਮਜ਼ੋਰੀਆਂ ਤੋਂ ਸੁਚੇਤ ਕਰਦਾ ਹੈ। ਸੰਖੇਪ ਰੂਪ ਵਿਚ ਸਾਰੀ ਪੁਸਤਕ ਦਾ ਨਿਚੋੜ ਇਕ ਵਿਚਾਰ ਵਿਚ ਦੇਣਾ ਹੋਵੇਂ ਤਾਂ:

ਬਹਿਸ ਨਹੀਂ, ਗੋਸ਼ਟੀ ਕਰੋ।ਬਹਿਸ ਮਸਲੇ ਗੁੰਝਲਦਾਰ ਕਰਦੀ ਹੈ, ਮਸਲੇ ਵਧਾਉਂਦੀ ਹੈ।ਗੋਸ਼ਟੀ ਮਸਲੇ ਦੀਆਂ ਗੁੰਝਲਾਂ ਖੋਲ੍ਹਦੀ ਹੈ ਤੇ ਹੱਲ ਪ੍ਰਦਾਨ ਕਰਦੀ ਹੈ। ਪੰਨਾ 82

ਲੇਖਕ ਮੋਹਨ ਗਿੱਲ ਦਾ ਵਿਸ਼ਾਲ ਅਨੁਭਵ, ਸੁਹਿਰਦ ਸੋਚ, ਨਿਰੰਤਰ ਚੇਤਨਾ, ਮਨੋਵਿਗਿਆਨ ਦੀ ਸਮਝ ਤੇ ਬਦਲ ਰਹੀਆਂ ਸਮਾਜਿਕ, ਧਾਰਮਿਕ, ਸਭਿਆਚਾਰ ਤੇ ਰਾਜਨੀਤਕ ਸਥਿਤੀਆਂ ਦਾ ਡੂੰਘੇਰਾ, ਤਰਕਮਈ ਤੇ ਦਲੀਲਮਈ ਦ੍ਰਿਸ਼ਟੀਕੋਣ, ਉਸਦੀ ਵਾਰਤਕ ਰਚਨਾ ਨੂੰ ਹੋਰ ਮਿਆਰੀ ਬਣਾਉਂਦਾ ਹੈ। ਇਸ ਪੁਤਸਕ ਵਿਚ ਖੁੱਲ੍ਹੇ ਵਿਚਾਰਾ ਦੇ ਨਾਲ ਨਾਲ ਉਹਨਾਂ ਵਿਚਾਰਾ ਦੀ ਤਰਜ਼ਮਾਨੀ ਲਾਈ ਸਿਰਜਿਆ ਗਿਆ ਕੈਨਵਸ ਵੀ ਇਸਨੂੰ ਹੋਰ ਗਹਿਰੇ ਅਰਥ ਪ੍ਰਦਾਨ ਕਰਦਾ ਹੈ।





# ਪਰਵਾਸੀ ਪੰਛੀ



ਲਿਖਤ : ਮਾਸਟਰ ਸੰਜੀਵ ਧਰਮਾਣੀ
ਸੰਪਰਕ : 9478561356

ਪਿਆਰੇ ਬੱਚਿਓ ! ਹਰ ਸਾਲ ਕਿਸੇ ਵੀ ਦੇਸ਼ , ਸਥਾਨ ਜਾਂ ਭੂ - ਖੰਡ ਵਿੱਚ ਸਰਦੀਆਂ ਦਾ ਮੌਸਮ ਸ਼ੁਰੂ ਹੁੰਦੇ ਸਾਰ ਹੀ ਅਨੇਕਾਂ ਪੰਛੀ ਹਜ਼ਾਰਾਂ ਮੀਲ ਦੀਆਂ ਯਾਤਰਾਵਾਂ ਕਰਕੇ ਗਰਮ ਪ੍ਰਦੇਸਾਂ ਵਿੱਚ ਆ ਜਾਂਦੇ ਹਨ , ਅਜਿਹੇ ਪੰਛੀਆਂ ਨੂੰ ' ਪਰਵਾਸੀ - ਪੰਛੀ ' ਆਖਦੇ ਹਨ। ਹਰ ਸਾਲ ਪੰਛੀਆਂ ਦਾ ਇੱਕ ਤੋਂ ਦੂਜੀ ਥਾਂ 'ਤੇ ਜਾਣਾ ਅਤੇ ਕੁਝ ਸਮਾਂ ਉੱਥੇ ਰੁਕਣਾ " ਪਰਵਾਸ " ਅਖਵਾਉਂਦਾ ਹੈ। ਇਨ੍ਹਾਂ ਪੰਛੀਆਂ ਦਾ ਪਰਵਾਸ ਹੋਰ ਕੁਝ ਨਹੀਂ , ਬਲਕਿ ਇੱਕ ਛਿਮਾਹੀ/ਸਾਲਾਨਾ ਗਤੀਵਿਧੀ ਹੀ ਹੁੰਦੀ ਹੈ। ਬੱਚਿਓ ! ਪੰਛੀਆਂ ਨੂੰ ਪ੍ਰਵਾਸ ਦੀ ਜ਼ਰੂਰਤ ਭੋਜਨ ਅਤੇ ਪਾਣੀ ਦੀ ਭਾਲ , ਅਨੁਕੂਲ ਮੌਸਮ ਦੀ ਭਾਲ , ਠੰਢ ਤੋਂ ਬਚਣ , ਅੰਡੇ ਦੇਣ , ਬੱਚੇ ਪਾਲਣ , ਆਪਣੇ ਆਪ ਨੂੰ ਗਰਮ ਰੱਖਣ , ਸੋਕੇ ਤੋਂ ਬਚਣ ਆਦਿ ਕਾਰਨਾਂ ਕਰਕੇ ਪੈਂਦੀ ਹੈ। ਕਈ ਠੰਢੇ ਦੇਸ਼ਾਂ ਵਿੱਚ ਜਦੋਂ ਭਾਰੀ ਬਰਫਬਾਰੀ ਪੈਂਦੀ ਹੈ ਤਾਂ ਪੰਛੀਆਂ ਨੂੰ ਭੋਜਨ ਦੇ ਤੌਰ 'ਤੇ ਕੀੜੇ - ਮਕੌੜੇ , ਦਾਣਾ , ਚੋਗਾ , ਫ਼ਲ , ਫੁੱਲ ਅਤੇ ਹੋਰ ਬਨਸਪਤੀ ਆਦਿ ਖਾਣ ਲਈ ਨਹੀਂ ਮਿਲਦਾ ਤੇ ਰਹਿਣ ਲਈ ਯੋਗ ਹਾਲਾਤ ਵੀ ਨਹੀਂ ਹੁੰਦੇ । ਤਦ ਅਜਿਹੀ ਸਥਿਤੀ ਵਿੱਚ ਪੰਛੀਆਂ ਨੂੰ ਪਰਵਾਸ ਕਰਨਾ ਪੈਂਦਾ ਹੈ।ਪਿਆਰੇ ਬੱਚਿਓ ! ਪੰਛੀਆਂ ਦਾ ਪਰਵਾਸ ਕੋਈ ਮਜ਼ੇਦਾਰ ਗੱਲ ਨਹੀਂ ਹੁੰਦੀ , ਸਗੋਂ ਪੰਛੀਆਂ ਦੇ ਲਈ ਇੱਕ ਵੱਡੀ ਚੁਣੌਤੀ ਹੁੰਦੀ ਹੈ ; ਕਿਉਂਕਿ ਪੰਛੀਆਂ ਨੂੰ ਅਣਥੱਕ ਸਰੀਰਕ ਮਿਹਨਤ ਕਰਕੇ ਅਤੇ ਬੇਹੱਦ ਜੋਖਿਮ ਉਠਾ ਕੇ , ਤੇਜ਼ ਹਵਾਵਾਂ ਦੇ ਵੇਗ ਦਾ ਸਾਹਮਣਾ ਕਰਦੇ ਹੋਏ , ਵੱਖ - ਵੱਖ ਦੁਰਘਟਨਾਵਾਂ ਦਾ ਸਾਹਮਣਾ ਕਰਦੇ ਹੋਏ ਤੇ ਕਸ਼ਟ ਝੱਲਦੇ ਹੋਏ , ਵੱਖ - ਵੱਖ ਔਖੇ ਸਥਾਨਾਂ , ਟਾਪੂਆਂ , ਬਰਫੀਲੇ ਇਲਾਕਿਆਂ , ਉੱਚੇ ਪਹਾੜਾਂ , ਸਮੁੰਦਰਾਂ , ਦਰਿਆਵਾਂ , ਚੋਟੀਆਂ , ਵੱਖ - ਵੱਖ ਦੇਸ਼ਾਂ ਆਦਿ ਨੂੰ ਪਾਰ ਕਰਦੇ ਹੋਏ ਪਰਵਾਸ ਕਰਨਾ ਪੈਂਦਾ ਹੈ। ਪੰਛੀ ਅਕਸਰ ਉੱਤਰ ਤੋਂ ਦੱਖਣ ਵੱਲ ਹੀ ਪਰਵਾਸ ਕਰਦੇ ਹਨ ਅਤੇ ਜ਼ਿਆਦਾ ਕਰਕੇ ਸਰਦੀਆਂ ਸ਼ੁਰੂ ਹੋਣ ਤੋਂ ਪਹਿਲਾਂ ਆਪਣੀ ਪਰਵਾਸ - ਯਾਤਰਾ ਸ਼ੁਰੂ ਕਰ ਦਿੰਦੇ ਹਨ , ਪਰ ਕੁਝ ਪੰਛੀ ਦੱਖਣ ਦਿਸ਼ਾ ਤੋਂ ਉੱਤਰ ਵੱਲ ਵੀ ਪਰਵਾਸ ਕਰਦੇ ਹਨ। ਪੰਛੀ ਅਕਸਰ ਇਹ ਯਾਤਰਾਵਾਂ ਸੂਰਜ , ਤਾਰਿਆਂ , ਚੰਨ ਆਦਿ ਤੋਂ ਪ੍ਰੇਰਿਤ ਹੋ ਕੇ ਸਹੀ ਦਿਸ਼ਾ ਅਤੇ ਸਹੀ ਮੰਜ਼ਿਲ ਵੱਲ ਕਰਦੇ ਹਨ। ਉਨ੍ਹਾਂ ਵਿੱਚ ਪਰਵਾਸ ਸਬੰਧੀ ਜਨਮ - ਜਾਤ ਸ਼ਕਤੀ ਵੀ ਹੁੰਦੀ ਹੈ। ਪੰਛੀ ਸੂਰਜ ਦੀ ਮਦਦ ਨਾਲ ਉੱਡਣ ਦੀ ਦਿਸ਼ਾ ਤੈਅ ਕਰਦੇ ਹਨ। ਕਈ ਵਿਗਿਆਨੀਆਂ ਦਾ ਮੰਨਣਾ ਹੈ ਕਿ ਪੰਛੀ ਪ੍ਰਿਥਵੀ ਦੇ ਚੁੰਬਕੀ ਖੇਤਰ ਦੇ ਅਨੁਸਾਰ ਵਿਸ਼ੇਸ਼ ਸੰਵੇਦਨਾ ਪ੍ਰਾਪਤ ਕਰਕੇ ਪਰਵਾਸ ਕਰਦੇ ਹਨ। ਹੈਰਾਨੀਜਨਕ ਗੱਲ ਇਹ ਵੀ ਹੈ ਕਿ ਪੰਛੀ ਪਰਵਾਸ ਕਰਨ ਤੋਂ ਪਹਿਲਾਂ ਜ਼ਿਆਦਾ ਖੁਰਾਕ ਦਾ ਸੇਵਨ ਕਰਦੇ ਹਨ। ਜਿਸ ਨਾਲ ਇਹਨਾਂ ਦੇ ਸਰੀਰ ਦੀ ਚਰਬੀ ਦੀ ਪਰਤ ਮੋਟੀ ਹੋ ਜਾਂਦੀ ਹੈ ਤੇ ਇਹਨਾਂ ਦਾ ਭਾਰ ਲਗਭਗ ਦੁੱਗਣਾ ਹੋ ਜਾਂਦਾ ਹੈ। ਬੱਚਿਓ ! ਪੰਛੀਆਂ ਦੀ ਇਹ ਪਰਵਾਸ - ਕਿਰਿਆ /ਸਥਾਨਾਂਤਰਣ ਕਿਰਿਆ ਬਹੁਤ ਹੀ ਨਿਯਮਤ ਅਤੇ ਸੁਵਿਵਸਥਿਤ ਹੁੰਦੀ ਹੈ। ਪਿਆਰੇ ਬੱਚਿਓ ! ਪੰਛੀਆਂ ਦੀ ਇਹ ਪਰਵਾਸ - ਯਾਤਰਾ ਬਿਨਾਂ ਕਿਸੇ ਟਰੇਨਿੰਗ ਜਾਂ ਪੂਰਵ ਅਨੁਮਾਨ ਦੇ ਹੁੰਦੀ ਹੈ। ਪੰਛੀ ਪਰਵਾਸ - ਯਾਤਰਾ ਦੌਰਾਨ 900 ਮੀਟਰ ਤੋਂ 9000 ਮੀਟਰ ਤੱਕ ਦੀ ਉਚਾਈ 'ਤੇ ਉੱਡਦੇ ਹਨ। ਕਥਿਤ ਤੌਰ 'ਤੇ ਪਰਵਾਸੀ - ਪੰਛੀ ਲਗਭਗ ਚਾਰ ਹਜ਼ਾਰ ਕਿਲੋਮੀਟਰ ਤੋਂ ਪੰਜਾਹ - ਸੱਠ ਹਜ਼ਾਰ ਕਿਲੋਮੀਟਰ ਤੱਕ ਦੀ ਸਾਲਾਨਾ ਪਰਵਾਸ - ਯਾਤਰਾ ਕਰ ਲੈਂਦੇ ਹਨ। ਬੱਚਿਓ ! ਇਨ੍ਹਾਂ ਪਰਵਾਸੀ ਪੰਛੀਆਂ ਵਿੱਚ ਚਿੱਟਾ ਸਟੋਰਕ , ਆਰਕਟਿਕ ਟਰਨ , ਗਰੇਲੈਗ ਗੂਜ , ਬਾਰ ਹੈਡਡ ਗੂਜ਼ , ਸੇਜ ਵਾਰਬਲਰ , ਕਾਲੀਆਂ ਮੁਰਗਾਬੀਆਂ , ਆਰਕਟਿਕ ਟਰਨ ਚਿੜੀਆਂ , ਰਿਫੋਸ ਹਮਿੰਗਬਰਡ ਆਦਿ - ਆਦਿ ਨਾਮ ਸ਼ਾਮਿਲ ਹਨ। ਪਿਆਰੇ ਬੱਚਿਓ ! ਪੰਜਾਬ ਦੇ ਹਰੀਕੇ ਪੱਤਣ ਝੀਲ , ਰੋਪੜ ਜਲਗਾਹ , ਕਾਂਜਲੀ ਝੀਲ , ਹੁਸੈਨੀਵਾਲਾ ਝੀਲ , ਨੰਗਲ ਡੈਮ ਝੀਲ , ਸੁਖਨਾ ਝੀਲ ਆਦਿ ਥਾਵਾਂ ਵਿਖੇ ਵੱਖ - ਵੱਖ ਦੇਸ਼ਾਂ ਜਿਵੇਂ ਕਿ ਸਾਇਬੇਰੀਆ , ਰੂਸ , ਕਜ਼ਾਕਿਸਤਾਨ , ਮੰਗੋਲੀਆ , ਉੱਤਰ ਪੂਰਬੀ ਚੀਨ , ਯੂਰੇਸ਼ੀਆ , ਯੂਰਪ , ਤੁਰਕੀ ਆਦਿ ਸਥਾਨਾਂ ਤੋਂ ਪਰਵਾਸੀ - ਪੰਛੀ ਆਉਂਦੇ ਹਨ। ਇਹ ਪਰਵਾਸੀ - ਪੰਛੀ ਮਾਰਚ ਮਹੀਨੇ ਦੇ ਕਰੀਬ ਵਾਪਿਸ ਆਪਣੇ ਪਰਦੇਸਾਂ ਨੂੰ ਚਲੇ ਜਾਂਦੇ ਹਨ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਪੰਛੀਆਂ ਤੋਂ ਇਲਾਵਾ ਕਈ ਥਣਧਾਰੀ ਜੀਵ , ਕੀਟ , ਪਤੰਗੇ , ਸੱਪ , ਈਲ ਮੱਛੀ , ਤਿੱਤਲੀਆਂ , ਚਮਗਾਦੜ , ਅਲਾਸਕਾ ਸੀਲ , ਸਿਅਰਵਾਟਰ ਚਿੜੀ ਆਦਿ ਪ੍ਰਾਣੀ ਵੀ ਆਪਣੀ ਜ਼ਰੂਰਤ ਅਨੁਸਾਰ ਪਾਣੀ , ਧਰਤੀ ਅਤੇ ਆਕਾਸ਼ ਮਾਰਗ ਰਾਹੀਂ ਪਰਵਾਸ ਕਰਦੇ ਹਨ। ਪਿਆਰੇ ਬੱਚਿਓ ! ਸੰਨ 2016 ਤੋਂ 10 ਮਈ ਨੂੰ ਮਾਈਗ੍ਰੇਟਰੀ ਵਰਲਡ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਿਆਰੇ ਬੱਚਿਓ ! ਜੇਕਰ ਤੁਹਾਡੇ ਆਲੇ - ਦੁਆਲੇ ਕਿਸੇ ਝੀਲ , ਜਲਗਾਹ ਆਦਿ ਸਥਾਨ 'ਤੇ ਦੂਰ ਦੇਸ਼ਾਂ - ਪ੍ਰਦੇਸਾਂ ਤੋਂ ਪਰਵਾਸੀ - ਪੰਛੀ ਪਰਵਾਸ ਦੌਰਾਨ ਆਉਂਦੇ ਹੋਣ ਤਾਂ ਤੁਸੀਂ ਉਨ੍ਹਾਂ ਨੂੰ ਦੇਖਣ ਲਈ ਜ਼ਰੂਰ ਜਾਣਾ ਅਤੇ ਇਹ ਵੀ ਯਾਦ ਰੱਖਣਾ ਕਿ ਕਦੇ ਕਿਸੇ ਪੰਛੀ ਨੂੰ ਤੰਗ - ਪ੍ਰੇਸ਼ਾਨ ਨਾ ਕਰਨਾ , ਉਨ੍ਹਾਂ ਦਾ ਸ਼ਿਕਾਰ ਨਾ ਕਰਨਾ ਤੇ ਨਾ ਹੀ ਉਨ੍ਹਾਂ ਨੂੰ ਕਦੇ ਡਰਾਉਣਾ , ਤਾਂ ਜੋ ਉਹ ਸਾਡੇ ਦੇਸ਼ ਵਿੱਚ ਆਉਣ ਤੋਂ ਗੁਰੇਜ਼ ਨਾ ਕਰਨ। ਇਸ ਸਭ ਦੇ ਲਈ ਸਾਨੂੰ ਸਭ ਨੂੰ ਕੁਦਰਤ , ਪਾਣੀ , ਧਰਤੀ ਅਤੇ ਹਵਾ ਦੀ ਸ਼ੁੱਧਤਾ ਨੂੰ ਵੀ ਬਰਕਰਾਰ ਰੱਖਣਾ ਹੋਵੇਗਾ ਤੇ ਵੱਧ ਤੋਂ ਵੱਧ ਰੁੱਖ ਲਗਾਉਂਦੇ ਰਹਿਣਾ ਚਾਹੀਦਾ ਹੈ । ਸੋ ਪਿਆਰੇ ਬੱਚਿਓ ! ਜਦੋਂ ਵੀ ਮੌਕਾ ਮਿਲੇ ਪਰਵਾਸੀ - ਪੰਛੀਆਂ ਨੂੰ ਜ਼ਰੂਰ ਨਿਹਾਰਨਾ ਅਤੇ ਕੁਦਰਤ ਦਾ ਅਨੰਦ ਮਾਣਨਾ। ਅਗਲੀ ਵਾਰ ਕਿਸੇ ਹੋਰ ਵਿਸ਼ੇ ਨਾਲ ਫੇਰ ਮਿਲਾਂਗੇ

## ਰਸਤਾ ਲੱਭੋ



## ਹੇਠਾਂ ਦਿੱਤੀ ਤਸਵੀਰ 'ਚੋਂ ਦਿੱਤੇ ਗਏ ਸ਼ਬਦ ਲੱਭੋ



| | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|
| A | C | A | P | A | A | L | A | S | T | Q | A | D | O | K | T | X | R |
| R | A | L | C | A | I | A | B | A | G | G | A | G | E | A | A | A | A |
| A | D | G | R | X | S | R | A | C | O | M | Z | E | C | A | R | D | L |
| S | T | B | K | P | A | A | C | A | P | T | M | R | O | G | A | I | R |
| T | A | A | L | C | L | A | A | R | L | R | C | A | P | T | S | R | M |
| E | P | G | O | A | L | A | A | A | E | A | S | A | I | G | R | D | A |
| C | A | G | R | L | A | A | N | A | A | W | A | T | L | A | O | R | F |
| O | S | T | E | W | A | R | D | E | S | S | A | A | O | S | D | A | S |
| P | S | A | P | V | A | F | G | R | A | S | A | N | T | K | A | Q | T |
| I | P | R | A | N | C | A | P | T | A | I | N | A | S | W | F | A | E |
| A | O | A | S | D | A | X | E | R | N | G | A | R | T | K | D | E | W |
| R | R | L | S | Z | A | P | A | S | S | E | N | G | E | R | S | A | X |
| M | T | D | E | A | I | R | P | O | R | T | O | N | X | L | A | N | R |
| S | T | A | I | R | W | A | N | R | L | A | Q | E | J | D | Q | R | G |

- PLANE
- CAPTAIN
- COPILOT
- STEWARDESS
- AIRCREW
- PASSENGERS
- PASSPORT
- BAGGAGE
- AIRPORT

*ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?*






## ਬੁਝਾਰਤਾਂ



1. ਮਿੱਟੀ ਦੇ ਟੁੱਟੇ ਭਾਂਡੇ ਨੂੰ ਠੀਕਰਾ ਕਹਿੰਦੇ ਹਨ। ਹੋਰ ਠੀਕਰਾ ਕਿਸ ਨੂੰ ਕਿਹਾ ਜਾਂਦਾ ਹੈ?
2. ਕੁਰਸੀ 'ਤੇ ਢੋਅ ਲਾ ਕੇ ਬੜੇ ਆਰਾਮ ਨਾਲ ਬੈਠਿਆ ਜਾ ਸਕਦਾ ਹੈ । ਹੋਰ ਕਿਸ ਨੂੰ ਢੋਅ ਕਹਿੰਦੇ ਹਨ?
3. ਇਕ ਤਵੇ 'ਤੇ ਰੋਟੀਆਂ ਪਕਾਈਆਂ ਜਾਂਦੀਆਂ ਹਨ। ਦੂਜਾ ਤਵਾ ਕਿਹੜਾ ਹੁੰਦਾ ਹੈ?
4. ਮੱਝ ਬਹੁਤ ਤਿਹਾਈ (ਪਿਆਸੀ) ਸੀ, ਬਹੁਤ ਪਾਣੀ ਪੀ ਗਈ । ਹੋਰ ਵੀ ਕੋਈ ਤਿਹਾਈ ਹੁੰਦੀ ਹੈ?
5. ਸੰਨ 1957 ਤੋਂ ਪਹਿਲਾਂ ਦੁੱਕੀ ਤੇ ਤਿੱਕੀ ਦੇ ਸਿੱਕੇ (ਪੈਸੇ) ਚਲਦੇ ਸਨ। ਤਿੱਕੀ ਹੋਰ ਕਿਹੜੀ ਹੁੰਦੀ ਹੈ?
6. ਉਹ ਕਿਹੜਾ ਚੋਗਾ ਹੈ, ਜੋ ਚੁਗਿਆ ਨਹੀਂ ਜਾ ਸਕਦਾ?
7. ਭਿੰਦੇ ਕਾ ਫੌਜੀ ਨਾਵਾਂ (ਨਾਉਂ) ਕਟਾ ਕੇ ਘਰ ਆ ਗਿਆ। ਕੀ ਹੋਰ ਕਿਸੇ ਨੂੰ ਵੀ ਨਾਵਾਂ ਕਿਹਾ ਜਾਂਦਾ ਹੈ?
8. ਸੋਨਾ, ਚਾਂਦੀ, ਤਾਂਬਾ, ਜਿਸਤ, ਪਾਰਾ, ਕਲੀ, ਲੋਹਾ ਤੇ ਸਿੱਕਾ ਮਿਲਾ ਕੇ ਬਣੀ ਧਾਤ ਨੂੰ ਕੀ ਕਹਿੰਦੇ ਹਨ?
9. ਗੱਡੀ ਵਿਚ ਕਈ ਸਲੀਪਰ (ਸੌਣ ਵਾਲੇ) ਡੱਬੇ ਹੁੰਦੇ ਹਨ। ਹੋਰ ਸਲੀਪਰ ਕੀ ਹੁੰਦਾ ਹੈ?
10. ਪੰਨਾ ਕਾਗਜ਼ ਦੇ ਸਫੇ ਨੂੰ ਕਹਿੰਦੇ ਹਨ । ਹੋਰ ਪੰਨਾ ਕਿਹੜਾ ਹੁੰਦਾ ਹੈ?

ਉੱਤਰ : (1) ਰੁਪਏ ਦੇ ਸਿੱਕੇ ਨੂੰ , (2) ਸੰਜੋਗ, ਮੌਕਾ ਮੇਲ, (3) ਗੀਤਾਂ ਵਾਲਾ ਤਵਾ ਜੋ ਮਸ਼ੀਨ 'ਤੇ ਚਲਦਾ, (4) ਕਿਸੇ ਚੀਜ਼ ਦਾ ਤੀਜਾ ਹਿੱਸਾ, (5) ਤਾਸ਼ ਦਾ ਪੱਤਾ, (6) ਇਕ ਲੰਬਾ ਸੀਤਿਆ ਕੁੜਤਾ, (7) ਪੈਸਾ ਧੇਲਾ, ਧਨ, (8) ਅਸ਼ਟਧਾਤ, (9) ਔਰਤਾਂ ਲਈ ਬਣੀ ਜੁੱਤੀ, (10) ਇਕ ਕੀਮਤੀ ਪੱਥਰ ।

# ਕਾਵਿ-ਲਹਿਰਾਂ




## ਬਾਬਾ ਜੀਵਨ ਸਿੰਘ ਦੀ ਸ਼ਹਾਦਤ

ਸਜਦਾ ਹੈ ਸਿੰਘਾ ਗੁਰੂ ਦਸ਼ਮੇਸ ਦਾ,
ਕਰਤੀ ਕਮਾਲ ਤੂੰ।

ਆਜਾ ਰੰਗਰੇਟਿਆ ਗੁਰੂ ਕੇ ਬੇਟਿਆ,
ਲੱਗ ਛਾਤੀ ਨਾਲ ਤੂੰ।

ਆਜਾ ਰੰਗਰੇਟਿਆ ਗੁਰੂ ਕੇ ਬੇਟਿਆ,
ਲੱਗ ਸੀਨੇ ਨਾਲ ਤੂੰ।

ਗੁਰੂ ਲਈ ਪਿਤਾ ਨੂੰ ਸ਼ਹੀਦ ਕਰਿਆ,
ਯੋਧਿਆ ਦਲੇਰਾ ਤੂੰ।

ਕੀਤੀ ਕੁਰਬਾਨੀ ਜੱਗ ਯਾਦ ਕਰੇਗਾ,
ਕੀਤਾ ਵੱਡਾ ਜੇਰਾ ਤੂੰ।

ਮਿਲਣੀ ਨਹੀ ਹੋਰ ਕਿਤੇ ਵੱਖਰੀ ਹੀ,
ਕਾਇਮ ਕਰਤੀ ਮਿਸਾਲ ਤੂੰ।

ਆਜਾ ਰੰਗਰੇਟਿਆ ਗੁਰੂ ਕੇ ਬੇਟਿਆ,
ਲੱਗ ਛਾਤੀ ਨਾਲ ਤੂੰ।

ਕੰਮ ਸੀ ਵਡੇਰਾ ਸਿਰ ਉੱਤੇ ਮੌਤ ਸੀ,
ਸਿਦਕੋਂ ਨਾ ਹਾਰਿਆ।

ਤੇਰੇ ਉੱਤੇ ਮਾਣ ਹੈ ਦਲੇਰ ਸੂਰਿਆ,
ਗੁਰੂ ਦੇ ਪਿਆਰਿਆ।

ਬਿਖੜਾ ਸੀ ਪੈਂਡਾ ਜਿਹੜਾ ਸਰ ਕਰਿਆ,
ਤੋੜ ਵੈਰੀ ਜਾਲ ਤੂੰ।

ਆਜਾ ਰੰਗਰੇਟਿਆ ਗੁਰੂ ਕੇ ਬੇਟਿਆ,
ਲੱਗ ਛਾਤੀ ਨਾਲ ਤੂੰ।

ਦੁਨੀਆਂ ਤੇ ਸਦਾ ਤੇਰਾ ਨਾਮ ਰਹੇਗਾ,
ਤੇਰੇ ਨਾਲ ਵਾਅਦਾ ਏ।

ਚਾਰ ਪੁੱਤ ਮੇਰੇ ਪੰਜਵਾਂ ਤੂੰ ਜੈਤਿਆ,
ਗੁਰੂ ਦਾ ਸਹਿਜਾਦਾ ਏ।

ਭਰੀ ਸਭਾ ਵਿੱਚ ਦਸ਼ਮੇਸ ਆਖਦਾ,
ਗੁਰੂ ਦਾ ਹੈ ਲਾਲ ਤੂੰ।

ਆਜਾ ਰੰਗਰੇਟਿਆ ਗੁਰੂ ਕੇ ਬੇਟਿਆ,
ਲੱਗ ਛਾਤੀ ਨਾਲ ਤੂੰ।

ਲਿਖੇ ਸਦਾ ਜਾਂਦੇ ਇਤਹਾਸ ਰਹਿਣਗੇ,
ਤੇਰੇ ਭਾਈ ਜੈਤਿਆ।

ਲੋਕ ਤੈਨੂੰ ਕਰਦੇ ਸਲਾਮਾਂ ਰਹਿਣ,
ਰੱਖ ਜੋ ਵਿਖਾਈ ਜੈਤਿਆ।

ਝੁਕ-ਝੁਕ ਕਰੇ "ਸੁਖਚੈਨ" ਸਜਦਾ,
ਵੱਖਰਾ ਜਲਾਲ ਤੂੰ।

ਆਜਾ ਰੰਗਰੇਟਿਆ ਗੁਰੂ ਕੇ ਬੇਟਿਆ,
ਲੱਗ ਛਾਤੀ ਨਾਲ ਤੂੰ।

**ਲਿਖਤ : ਸੁਖਚੈਨ ਸਿੰਘ ਚੰਦ ਨਵਾਂ**
**ਸੰਪਰਕ :** 99149-73876

## ਗੜ੍ਹੀ ਚਮਕੌਰ ਵਿੱਚ

ਗਿੱਦੜਾਂ ਦੇ ਨਾਲ ਹੋ ਗਿਆ ਮੁਕਾਬਲਾ।
ਸਵਾ - ਸਵਾ ਲੱਖ ਅੱਗੇ ਇੱਕ ਖੜ੍ਹਿਆ।
ਵਿੱਚ ਗੜ੍ਹੀ ਚਮਕੌਰ ਦੇ ਵਰ੍ਹਨ ਗੋਲੀਆਂ,
ਕੱਲਾ ਕੱਲਾ ਸਿੰਘ ਸ਼ੇਰਾਂ ਵਾਂਗ ਲੜਿਆ।

ਨੌ ਪੋਹ ਦਾ ਦਿਨ ਵੈਰੀ ਆਵੇ ਚੜ੍ਹਕੇ ,
ਕੱਟੀ ਜਾਣ ਸਿੰਘ ਮੂਲੀ ਵਾਂਗ ਫੜ੍ਹਕੇ।
ਤੱਕ ਵੈਰੀ ਸਿੰਘਾਂ ਨੂੰ ਸਰੂਰ ਚੜ੍ਹਿਆ,
ਕੱਲਾ ਕੱਲਾ ਸਿੰਘ ਸ਼ੇਰਾਂ ਵਾਂਗ ਲੜਿਆ।

ਹੱਥ ਚ ਕਮਾਡ ਸੀ ਜੀਵਨ ਸਿੰਘ ਦੇ ,
ਵੱਡੇ - ਵੱਡੇ ਸੂਰੇ ਕੱਟੇ ਵਾਂਗ ਰਿੰਗਦੇ।
ਆਵੇ ਜਿਹੜਾ ਤੀਰਾਂ ਗੋਲੀਆਂ ਨਾ ਮੜ੍ਹਿਆ,
ਕੱਲਾ ਕੱਲਾ ਸਿੰਘ ਸ਼ੇਰਾਂ ਵਾਂਗ ਲੜਿਆ।

ਆਵੇ ਨਜ਼ਦੀਕ ਨਾ ਕੋਈ ਵੀ ਗੜ੍ਹੀ ਦੇ,
ਸਭਨਾਂ ਦੇ ਦੇਖੇ ਕਲਮੇ ਸੀ ਪੜ੍ਹੀ ਦੇ।
ਭੁੱਖਾ ਬਘਿਆੜ ਜਿਉਂ ਭੇਡਾਂ ਚ ਵੜਿਆ,
ਕੱਲਾ ਕੱਲਾ ਸਿੰਘ ਸ਼ੇਰਾਂ ਵਾਂਗ ਲੜਿਆ।

ਹੋ ਗਏ ਸ਼ਹੀਦ ਲਾਡਲੇ ਗੋਬਿੰਦ ਦੇ,
ਸਿਦਕੋਂ ਨਾ ਹਾਰੇ ਸਿੰਘ ਪੱਕੇ ਹਿੰਡ ਦੇ।
"ਸੁੱਖ" ਭਾਵੇਂ ਮੌਤ ਦਾ ਪੱਲਾ ਸੀ ਫੜ੍ਹਿਆ,
ਕੱਲਾ ਕੱਲਾ ਸਿੰਘ ਸ਼ੇਰਾਂ ਵਾਂਗ ਲੜਿਆ।

**ਲਿਖਤ : ਸੁਖਚੈਨ ਸਿੰਘ ਚੰਦ ਨਵਾਂ**
**ਸੰਪਰਕ :** 99149-73876

## ਅੱਲਾ ਯਾਰ ਖਾਂ ਜੋਗੀ

ਜ਼ੁਲਮ ਵੇਖ ਹੋਏ ਸਾਹਿਬਜ਼ਾਦਿਆਂ 'ਤੇ,
ਝੱਟ ਉੱਠਿਆ ਸੀ ਕੁਰਲਾਅ ਯੋਗੀ।

ਲਿਖ ਤਿੱਖੇ ਮਰਸੀਏ ਵਾਹ ਕਲਮਾਂ,
ਮਾਰ ਹਾਅ ਦਾ ਨਾਅਰਾ ਗਿਆ ਯੋਗੀ।

ਪਰਖ ਮੁਗਲਾਂ ਦੀ ਔਕਾਤ ਗਿਆ,
ਤਾਹਨੇ ਮਿਹਣੇ ਚੋਭਾਂ ਲਾ ਯੋਗੀ।

ਦੱਸ ਕਰਤੂਤਾਂ ਗਿਆ ਥੁੱਕ ਮੂੰਹ 'ਤੇ,
ਪਾ ਸਿਰ 'ਚ ਗਿਆ ਸੁਆਹ ਯੋਗੀ।

ਭੇਦ ਖੋਲ੍ਹ ਗਿਆ ਸੂਬੇ ਸੁੱਚਿਆਂ ਦੇ,
ਨੀਵੇਂ ਬੁੱਚੜਾਂ ਤੋਂ ਗਿਆ ਵਿਖਾ ਯੋਗੀ।

ਪੱਤ ਰੋਲ ਗਿਆ ਮੁਗਲ ਹਾਕਮਾਂ ਦੀ,
ਪਿਤਾ ਦਸਮੇਸ਼ ਦਾ ਡੰਕਾ ਵਜਾ ਯੋਗੀ।

ਕਲਮ ਐਸੀ ਗਿਆ ਵਾਹ 'ਭਗਤ',
ਗਿਆ ਜ਼ਾਲਮਾਂ ਨੂੰ ਤੜਫਾ ਯੋਗੀ।

ਲਿਖ ਧਰ ਗਿਆ ਲੱਖਾਂ ਲਾਹਣਤਾਂ ਨੂੰ,
ਅੱਲਾ ਯਾਰ ਖਾਂ ਹਕੀਮ ਨਾਅ ਯੋਗੀ।

**ਲਿਖਤ : ਬਰਾੜ ਭਗਤਾ ਭਾਈ ਕਾ,**
1-604-751-1113

## ਗੁਰੂ ਗੋਬਿੰਦ

ਦੁਨੀਆਂ ਦਾ ਵੇਖਿਆ ਫ਼ਰੋਲ ਇਤਿਹਾਸ,
ਸਾਨੀ ਮਿਲਿਆ ਨਾ ਮੈਨੂੰ ਕੋਈ ਗੋਬਿੰਦ ਦਾ,

9 ਸਾਲ ਵਿੱਚ ਮੁੱਢ ਬੰਨ੍ਹ ਕੁਰਬਾਨੀਆਂ ਦਾ,
ਰੱਖਿਆ ਧਰਮ ਜਿਹਨਾਂ ਹਿੰਦ ਦਾ,

ਕਿਵੇਂ ਜਾਬਰਾਂ ਦੇ ਜ਼ੁਲਮ ਨੂੰ ਡੱਕਣਾ,
ਆਢਾ ਸਮੇਂ ਦੀ ਹਕੂਮਤਾਂ ਨਾ ਲਾ ਲਿਆ,

ਜੋੜਾ-ਜੋੜਾਂ ਬੱਚਿਆਂ ਦਾ ਵਾਰ ਕੇ,
ਕਿਵੇਂ ਦਿਲ ਨੂੰ ਸੰਭਾਲਿਆ ਸੀ ਬਾਜ਼ਾਂ ਵਾਲਿਆ

ਕਿਹਨੇ ਦਿੱਤੀ ਗੁੜ੍ਹਤੀ ਦਲੇਰੀ ਸ਼ੇਰਾਂ ਵਾਲੀ,
ਕਿਹਨੇ ਜਿਗਰਾ ਇਹ ਦਿੱਤਾ ਸੀ ਫ਼ੌਲਾਦ ਦਾ,

ਜ਼ੁਲਮ ਨਾ ਕਰਨਾ ਤੇ ਜ਼ੁਲਮ ਨਾ ਸਹਿਣਾ ਵਾਲਾ,
ਦੱਸ ਰਾਜ਼ ਕੀ ਸੀ ਏਸ ਅਲਫ਼ਾਜ਼ ਦਾ,

ਕਿਵੇਂ ਮੁਰਦਾ ਰੂਹਾਂ ਚ ਜਾਨ ਫੂਕ ਕੇ 2,
ਸਵਾ ਲੱਖ ਨਾਲ ਇੱਕ ਤੂੰ ਲੜਾ ਲਿਆ,

ਜੋੜਾ-ਜੋੜਾ ਪੁੱਤਰਾਂ ਦਾ ਵਾਰ ਕੇ,
ਕਿਵੇਂ ਦਿਲ ਨੂੰ ਸੰਭਾਲਿਆ ਸੀ ਬਾਜ਼ਾਂ ਵਾਲਿਆ।

**ਲਿਖਤ : ਰਣਬੀਰ ਸਿੰਘ ਪ੍ਰਿੰਸ**
**ਸੰਗਰੂਰ** 98722-99613

## ਦਾਦੀ ਤੇਰੇ ਪੋਤਿਆਂ ਨੇ

ਦਾਦੀ ਤੇਰੇ ਪੋਤਿਆਂ ਨੇ,
ਮੁੜ ਕੇ ਨਹੀਂ ਆਉਣਾ ਹੁਣ।
ਉਹਨਾਂ ਦੀਆਂ ਜੋੜੀਆਂ ਦੇ,
ਸੁਪਨੇ ਨਾ ਨਵੇਂ ਬੁਣ।
ਦਾਦੀ ਤੇਰੇ....
ਸੂਬੇ ਦੀ ਕਚਹਿਰੀ ਵਿੱਚ,
ਸਿਦਕ ਕਮਾ ਗਏ ਉਹ।
ਮੁਗਲਾਂ ਨੂੰ ਸਿੱਖੀ ਵਾਲੀ,
ਤਾਕਤ ਦਿਖਾ ਗਏ ਉਹ।
ਗੂੰਜਦੇ ਜੈਕਾਰੇ ਉੱਥੇ ਤਾਂ,
ਲਾ ਕੇ ਜ਼ਰਾ ਕੰਨ ਸੁਣ।
ਦਾਦੀ ਤੇਰੇ.....
ਤੇਰੀਆਂ ਸਿਖਾਵਤਾਂ ਨੂੰ,
ਯਾਦ ਉਹਨਾਂ ਰੱਖਿਆ।
ਸ਼ਾਨੋ ਸ਼ੌਕਤ ਦੇ ਵੱਲ ਉਹਨਾਂ,
ਰਤਾਂ ਵੀ ਨਾ ਤੱਕਿਆ।
ਸਾਰਾ ਜੱਗ ਨਿੱਕੇ ਨਿੱਕਿਆਂ,
ਦੇ ਗਾਉਂਦਾ ਪਿਆ ਗੁਣ।
ਦਾਦੀ ਤੇਰੇ.....
ਗੋਬਿੰਦ ਜੀ ਨੇ ਸਾਰਾ ਟੱਬਰ,
ਲੇਖੇ ਸੀ ਲਗਾ ਦਿੱਤਾ।
ਬਹਾਦਰੀ ਦਾ ਕੌਮ ਵਿੱਚ,
ਬੂਟਾ ਸੀ ਲਗਾ ਦਿੱਤਾ।
ਖ਼ਾਲਸਾ ਸੀ ਸਾਜਿਆ ਉਹਨਾਂ,
ਪੰਜ ਪਿਆਰਿਆਂ ਨੂੰ ਚੁਣ।
ਦਾਦੀ ਤੇਰੇ.....

**ਲਿਖਤ : ਮਨਜੀਤ ਕੌਰ ਧੀਮਾਨ,**
**ਸੰਪਰਕ :** 9464633059

## ਸ਼ਰਧਾਂਜ਼ਲੀ

ਮਘਦੇ ਸਿਰਾਂ ਦੇ ਲੋਕ ਝੁਕਦੇ ਕਦੇ ਨਾ
ਜਿੰਦ ਜਾਨ ਵਾਰ ਦਿੰਦੇ ਹੱਸ ਕੇ
ਜਾਬਰਾਂ ਨੂੰ ਦਿੰਦੇ ਨੇ ਜਬਾਬ ਠੋਕ ਕੇ
ਓ ਜਾਂਦੇ ਨਾ ਮੈਦਾਨੋਂ ਕਦੇ ਨੱਸ ਕੇ
ਲੋਕਾਂ ਲਈ ਸਿਰ ਕਟਵਾਉਣ ਜਾਣਦੇ
ਕਦੇ ਪੁੱਛਿਓ ਜਾ ਚਾਂਦਨੀ ਦੇ ਚੌਂਕ ਨੂੰ
ਸ਼ਹੀਦੀਆਂ ਦੇ ਜਾਮ ਜੋ ਪੀਣ ਜਾਣਦੇ
ਉਹ ਪਾਲਦੇ ਨਾ ਹੋਰ ਕੋਈ ਸ਼ੌਕ ਨੂੰ
ਜੈਤੇ ਨੇ ਕਰਿਆ ਸੀ ਬਾਪੂ ਨੂੰ ਕਤਲ
ਸੀਸ ਗੁਰਾਂ ਦਾ ਸੀ ਗੋਦ ਵਿੱਚ ਰੱਖਿਆ
ਬਣ ਵਣਜਾਰਾ ਕੋਈ ਘਰ ਫੂਕ ਬੈਠਾ
ਬਾਅਦ ਮੁਗਲਾਂ ਨੇ ਟੱਬਰ ਨੂੰ ਪੱਛਿਆ
ਓਸ ਕੁਰਬਾਨੀ ਦਾ ਮੁੱਲ ਕਿਸ ਪਾਇਆ
ਕਦੇ ਸੋਚਿਓ ਤਾਂ ਬੈਠ ਕੇ ਵਿਚਾਰ ਕੇ
ਕੁਰਬਾਨੀਆਂ ਦੇ ਦੌਰ ਰੁਕਦੇ ਕਦੇ ਨਾ
ਨਾ ਬੈਠੀਆਂ ਨੇ ਕੌਮਾਂ ਕਦੇ ਹਾਰ ਕੇ
ਰਾਤੋ ਰਾਤ ਹੋ ਗਿਆ ਰਵਾਨਾ ਦਿੱਲੀਓਂ
ਭਾਈ ਜੈਤਾ ਚੱਕ ਗੁਰੂ ਜੀ ਦੇ ਸੀਸ ਨੂੰ
ਲੱਖਾਂ ਤਕ਼ਲੀਫਾਂ ਨਾਲ ਪੁੱਜਿਆ ਟਿਕਾਣੇ
ਉਹਨੇ ਵੱਟਿਆ ਨਾ ਭੋਰਾ ਵੀ ਕਸੀਸ ਨੂੰ
ਪੈਰਾਂ ਵਿੱਚ ਛਾਲੇ ਨਾਲੇ ਲੱਖਾਂ ਤਕ਼ਲੀਫਾਂ
ਜੈਤੇ ਜਰੀਆਂ ਸੀ ਸਾਰੀਆਂ ਸਰੀਰ ਤੇ
ਨੰਦਪੁਰ ਪਹੁੰਚਿਆ ਸੀ ਬਾਲ ਗੁਰੂ ਕੋਲ
ਪੈਂਡਾ ਮੁੱਕ ਗਿਆ ਔਖ ਚ ਅਖੀਰ ਤੇ
ਯੁੱਧਾਂ ਵਿੱਚ ਪਰਖ ਜ਼ਮੀਰਾਂ ਹੁੰਦੀਆਂ
ਭਾਂਵੇਂ ਪੜ੍ਹ ਲਿਓ ਜਾ ਕੇ ਇਤਿਹਾਸ ਨੂੰ
ਟਕਿਆਂ ਦੇ ਮੁੱਲ ਵਿਕਦੇ ਰਹੇ ਨੇ ਸਿਰ
ਕਦੇ ਪੁੱਛਿਓ ਤਾਂ ਕਿਸੇ ਆਮ ਖਾਸ ਨੂੰ
ਧਰਤੀ ਲਹੂ ਦੇ ਨਾਲ ਲਾਲ ਹੁੰਦੀ ਦੇਖੀ
ਜਦੋਂ ਹੱਕਾਂ ਦੀ ਲੜਾਈ ਹੋਵੇ ਚੱਲਦੀ
ਅਣਖਾਂ ਤੋਂ ਓਸ ਪਰਿਵਾਰ ਵਾਰ ਦਿੱਤੇ
ਮੰਨੀ ਈਨ ਨਹੀਂ 'ਜੀਤ' ਕਿਸੇ ਗੱਲ ਦੀ

**ਲਿਖਤ : ਸਰਬਜੀਤ ਸਿੰਘ ਨਮੋਲ**

## ਬਹਾਦੁਰੀ

ਅੱਜ ਤੋਰ ਦਿੱਤੇ ਦੋਵੇਂ ਵੱਡੇ ਪੁੱਤ ਲਾਡਲੇ,
ਦਿੱਲੀ ਵੱਲ ਪਹਿਲਾਂ ਜਿਵੇਂ ਬਾਪ ਤੋਰਿਆ।
ਪਤਾ ਸੀ ਕਿ ਜੰਗ 'ਚੋਂ ਨਹੀਂ ਆਉਣਾ ਮੁੜਕੇ
ਫ਼ੇਰ ਵੀ ਤੂੰ ਹੱਸ ਕੇ ਸੀ ਆਪ ਤੋਰਿਆ।

ਜੰਗ ਦਾ ਇਹ ਲਾਜ਼ਮੀ ਅਸੂਲ ਪੁੱਤਰੋ,
ਪਿੱਠ ਉੱਤੇ ਵਾਰ ਨਹੀਂ ਕਬੂਲ ਪੁੱਤਰੋ,
ਜਿਉਂਦੇ ਜੀਅ ਆਪ ਵੀ ਵਿਖਾਉਣੀ ਪਿੱਠ ਨਾ
ਦੇ ਕੇ ਸੀ ਬਹਾਦੁਰੀ ਅਲਾਪ ਤੋਰਿਆ।
ਪਤਾ ..................

ਚਾਰੇ ਪਾਸੇ ਤੇਗ ਜਦੋਂ ਚੱਲੀ ਅਜੀਤ ਦੀ,
ਮੱਚਗੀ ਸੀ ਪੂਰੀ ਧਰਥੱਲੀ ਅਜੀਤ ਦੀ,
ਵੈਰੀ ਵੀ ਸੀ ਮੂੰਹੋਂ ਇਹੋ ਕਹਿੰਦਾ ਸੁਣਿਆ
ਸੂਰਮੇ ਨੂੰ ਕੈਸੀ ਦੇ ਕੇ ਥਾਪ ਤੋਰਿਆ।
ਪਤਾ ................

ਜ਼ੋਰ ਸੀ ਜੁਝਾਰ ਨੇ ਵਿਖਾਇਆ ਦੱਬ ਕੇ,
ਵੈਰੀਆਂ ਦਾ ਆਹੂ ਫਿਰ ਲਾਹਿਆ ਦੱਬ ਕੇ,
ਜਾਲਮਾਂ ਦੀ ਜੜ ਜੜੋਂ ਪੁੱਟਣ ਲਈ
ਜਪ ਜੀ ਦਾ ਕਰਦਿਆਂ ਜਾਪ ਤੋਰਿਆ।
ਪਤਾ ................

ਵੈਰੀਆਂ ਨੇ ਵੇਖੀ ਜਦੋਂ ਮੌਤ ਨੱਚ ਦੀ,
ਟੁੱਟਦੇ ਸਰੀਰ ਜਿਵੇਂ ਸ਼ੀਸ਼ੀ ਕੱਚ ਦੀ,
'ਬੋਪਾਰਾਏ' ਮੌਤ ਦੇ ਪਵਾ ਤੇ ਚੋਲੜੇ
ਗੁਰਾਂ ਨੇ ਸੀ ਪੂਰਾ ਦੇਕੇ ਨਾਪ ਤੋਰਿਆ।
ਪਤਾ ਸੀ...............

**ਲਿਖਤ : ਭੁਪਿੰਦਰ ਸਿੰਘ ਬੋਪਾਰਾਏ , ਸੰਗਰੂਰ**
**ਸੰਪਰਕ :** 97797-91442

## ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ

ਗੁਰੂ ਸਾਹਿਬ ਸਾਰੀ ਉਮਰ ਜ਼ੁਲਮ ਖਿਲਾਫ ਲੜੇ,
ਮਜ਼ਲੂਮਾਂ ਦੇ ਹੱਕ ਵਿੱਚ ਤਲਵਾਰ ਉਠਾਈ।
ਤਿਨਕਾ ਭਰ ਵੀ ਲੋਭ ਲਾਲਚ ਨਹੀਂ ਕੀਤਾ,
ਮਰਜੀਵੜਿਆਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੀ ਪੈਂਠ ਬਣਾਈ।

ਸੰਤ ਸਿਪਾਹੀ ਬਣ ਕੇ ਦੇਸ਼ ਕੌਮ ਤੋਂ ਜਿੰਦ ਵਾਰੀ,
ਜ਼ੁਲਮੀਆਂ ਨਾਲ ਕੋਈ ਸਮਝੌਤਾ ਨਹੀਂ ਕੀਤਾ ।
ਵਿਰਸੇ ਵਿੱਚ ਸੰਸਕਾਰ ਹੀ ਅਜਿਹੇ ਮਿਲੇ ,
ਸਰਵੰਸ ਪੂਰਾ ਵਾਰ ਕੇ ਅਪਣਾ, ਸੀ ਤੱਕ ਨਹੀਂ ਕੀਤਾ।

ਛੋਟੇ ਸਾਹਿਬਜ਼ਾਦਿਆਂ ਨੂੰ ਬੁਰਜ ਵਿੱਚ ਰੱਖਿਆ ਜਾਵੇ ਦਾਦੀ ਕੋਲ ,
23 ਦਸੰਬਰ 1704 ਨੂੰ ਹੋਏ ਹੁਕਮ ਸੂਬਾ ਸਰਹੰਦ ਦੇ
ਸ਼ੇਰ ਮੁਹੰਮਦ ਖਾਂ ਨਵਾਬ ਮਲੇਰਕੋਟਲਾ ਮਾਰਿਆ ਹਾਅ ਦਾ ਨਾਅਰਾ,
ਬੱਚਿਆਂ ਦੀ ਸਲਾਮਤੀ ਲਈ ਵਾਸਤੇ ਪਾਏ ਸੁੱਚਾਨੰਦ ਨੇ

24ਤੋਂ26 ਦਸੰਬਰ ਨੂੰ ਦਾਦੀ ਨੇ ਠੰਡੇ ਬੁਰਜ ਵਿਚ ਬਜੁਰਗਾਂ ਦੀ,
ਬਹਾਦਰੀ ਦੀਆਂ ਨਸੀਹਤਾਂ ਭਰਪੂਰ ਸਾਖੀਆਂ ਸੁਣਾਈਆਂ ।
6 ਸਾਲਾਂ ਤੋਂ ਛੋਟੇ ਫਤਹਿ ਸਿੰਘ ਅਤੇ 9 ਸਾਲ ਤੋਂ ਛੋਟੇ ਜੋਰਾਵਰ ਸਿੰਘ ਨੇ,
ਧਰਮ ਬਦਲੀ ਤੋਂ ਕੀਤਾ ਇਨਕਾਰ, ਨਵਾਬ ਨੂੰ ਖ਼ਰੀਆਂ ਸੁਣਾਈਆਂ।

26 ਦਸੰਬਰ ਨੂੰ ਫਿਰ ਡਰਾਵਾ ਅਤੇ ਲਾਲਚ ਦਿੱਤਾ ਧਰਮ ਬਦਲੀ ਦਾ,
ਸਾਹਿਬਜ਼ਾਦਿਆਂ ਸਾਫ਼ ਕੀਤਾ ਇਨਕਾਰ ਤੇ ਸ਼ਹੀਦੀਆਂ ਪਾ ਗਏ।
ਹਨੇਰ ਸਾਈਂ ਦਾ,ਸੰਸਕਾਰ ਵਾਸਤੇ ਜਗ੍ਹਾ ਕਿਸੇ ਨਾ ਦਿੱਤੀ,
7800 ਖੜ੍ਹੀਆਂ ਮੋਹਰਾਂ ਕਰਕੇ ਟੋਡਰ ਮੱਲ
ਇਤਿਹਾਸ ਵਿੱਚ ਨਜ਼ਦੀਕੀਆਂ ਦਿਖਾ ਗਏ।

ਟੋਡਰ ਮੱਲ ਦੇ ਪੁਰਖਿਆਂ ਦਾ ਪਿੰਡ ਸੀ ਕਾਕੜਾ,
ਪਟਿਆਲਾ-ਸੰਗਰੂਰ ਰੋਡ ਤੇ ਭਵਾਨੀਗੜ੍ਹ ਦੇ ਕੋਲ।
ਨਵਾਬ ਉੱਤੇ ਵੀ ਦਬਾਅ ਸੀ ਔਰੰਗਜ਼ੇਬ ਦਾ,
ਆਪਣੀ ਕੁਰਸੀ ਬਚਾਉਣ ਲਈ ਸਾਰਾ ਕੀਤਾ ਗੋਲ ਮੋਲ।

**ਲਿਖਤ : ਅਮਰਜੀਤ ਸਿੰਘ ਤੂਰਮ, ਫੋਨ ਨੰਬਰ :** 98784-69639



# ਨਾਰੀ ਸੰਸਾਰ



## ਅਨੁਸ਼ਾਸਨ ਇੱਕ ਕੀਮਤੀ ਖ਼ਜ਼ਾਨਾ ਹੈ

**ਲਿਖਤ : ਬਰਜਿੰਦਰ ਕੌਰ ਬਿਸਰਾਓ**
**ਸੰਪਰਕ : 99889-01324**

ਸਾਡੀ ਜ਼ਿੰਦਗੀ ਵਿੱਚ ਅਨੁਸ਼ਾਸਨ ਬਹੁਤ ਜ਼ਰੂਰੀ ਹੈ।ਅਨੁਸ਼ਾਸਨ ਮਨੁੱਖੀ ਜੀਵਨ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਸਥਾਨ ਰੱਖਦਾ ਹੈ। ਅਨੁਸ਼ਾਸਨ ਦਾ ਅਰਥ ਹੈ - ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨਾ ਹੁੰਦਾ ਹੈ। ਇਸ ਤੋਂ ਭਾਵ ਹੈ ਕਿ ਮਨੁੱਖ ਦੇ ਆਚਰਨ ਨੂੰ ਅਜਿਹੀ ਸਿਖਲਾਈ ਦੇਣਾ ਜਿਸ ਨਾਲ ਉਹ ਸਵੈ ਨੂੰ ਕਾਬੂ ਰੱਖਣਾ ਸਿੱਖੇ ਅਤੇ ਆਪਣੇ ਵਿੱਚ ਆਪਣੇ ਤੋਂ ਹਰ ਤਰ੍ਹਾਂ ਦੇ ਵੱਡਿਆਂ ਦਾ ਆਗਿਆਕਾਰੀ ਬਣਨ ਦੀ ਰੁਚੀ ਪੈਦਾ ਕਰੇ। ਜੇ ਗਹੁ ਨਾ.ਲ ਝਾਤੀ ਮਾਰੀਏ ਤਾਂ ਪ੍ਰਕਿਰਤੀ ਵਿੱਚ ਹਰ ਚੀਜ਼ ਨਿਸਚਿਤ ਅਨੁਸ਼ਾਸਨ ਵਿੱਚ ਬੱਝੀ ਹੋਈ ਨਜ਼ਰ ਆਵੇਗੀ, ਜਿਵੇਂ ਸਾਰਾ ਬ੍ਰਹਿਮੰਡ, ਮਨੁੱਖੀ ਸਰੀਰ ਦੇ ਅੰਗ, ਇੱਥੋਂ ਤੱਕ ਕਿ ਜੀਵ-ਜੰਤੂ ਵੀ ਅਨੁਸ਼ਾਸਨ ਵਿੱਚ ਬੱਝੇ ਹੋਏ ਨਜ਼ਰ ਆਉਂਦੇ ਹਨ।ਧਿਆਨ ਨਾਲ ਦੇਖੀਏ ਤੇ ਸਾਨੂੰ ਸਾਡੀ ਕੁਦਰਤ, ਸੂਰਜ, ਚੰਦ, ਤਾਰੇ, ਧਰਤੀ, ਹਵਾ, ਪਾਣੀ ਤੇ ਸਾਰੇ ਖੰਡ - ਬ੍ਰਹਿਮੰਡ ਇਕ ਅਨੁਸ਼ਾਸਨ ਵਿਚ ਬੱਝੇ ਦਿਖਾਈ ਦਿੰਦੇ ਹਨ। ਜੇਕਰ ਕੁਦਰਤ ਕੁੱਝ ਨਿਯਮਾਂ ਤੇ ਅਸੂਲਾਂ ਵਿਚ ਬੱਝ ਕੇ ਕੰਮ ਨਾ ਕਰਦੀ ਹੋਵੇ ਤਾਂ ਧਰਤੀ ਤੋਂ ਜੀਵਨ ਦਾ ਪੂਰੀ ਤਰ੍ਹਾਂ ਨਾਸ਼ ਹੋ ਜਾਵੇ। ਇਸ ਕਰਕੇ ਮਨੁੱਖ ਲਈ ਅਨੁਸ਼ਾਸਨ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ।ਮਨੁੱਖ ਨੂੰ ਇਸ ਲਈ ਵੀ ਅਨੁਸ਼ਾਸਨ ਵਿੱਚ ਰਹਿਣ ਦੀ ਲੋੜ ਹੈ ਕਿਉਂਕਿ ਆਜ਼ਾਦੀ ਨੂੰ ਮਾਣਨਾ ਸਾਡਾ ਜਮਾਂਦਰੂ ਅਧਿਕਾਰ ਹੈ, ਪਰੰਤੂ ਅਸੀਂ ਪੂਰਨ ਆਜ਼ਾਦੀ ਕੁੱਝ ਨਿਯਮਾਂ ਦੀ ਪਾਲਣਾ ਕਰਕੇ ਤੇ ਆਪਣੇ-ਆਪ ਨੂੰ ਕੁੱਝ ਬੰਧਨਾਂ ਵਿਚ ਰੱਖ ਕੇ ਹੀ ਮਾਣ ਸਕਦੇ ਹਾਂ ਅਸਲ ਵਿਚ ਸਾਰਾ ਬ੍ਰਹਿਮੰਡ ਤੇ ਸਾਰੀਆਂ ਕੁਦਰਤੀ ਸ਼ਕਤੀਆਂ ਵੀ ਇੱਕ ਅਨੁਸ਼ਾਸਨ ਵਿਚ ਬੱਝੀਆਂ ਹੋਈਆਂ ਸਾਡੇ ਲਈ ਪ੍ਰੇਰਨਾ ਸਰੋਤ ਹਨ ਅਤੇ ਨਿੱਜੀ ਜ਼ਿੰਦਗੀ ਵਿੱਚ ਉਦਾਹਰਣ ਹਨ।ਜੇ ਦੇਖੀਏ ਤਾਂ ਸਾਡੇ ਸਰੀਰ ਦੇ ਅੰਗ ਵੀ ਅਨੁਸ਼ਾਸਨ ਵਿੱਚ ਰਹਿੰਦੇ ਹੋਏ ਇੱਕ-ਦੂਜੇ ਦੀ ਸਹਾਇਤਾ ਕਰਦੇ ਹਨ। ਜ਼ਿੰਦਗੀ ਵਿੱਚ



ਸਭ ਤੋਂ ਵੱਡੀ ਉਦਾਹਰਨ ਛੋਟੀਆਂ-ਛੋਟੀਆਂ ਕੀੜੀਆਂ ਦੀ ਹੀ ਲੈ ਲਵੋ ਕਿ ਉਹ ਕਿਵੇਂ ਅਨੁਸ਼ਾਸਨ ਵਿੱਚ ਰਹਿ ਕੇ ਕੰਮ ਕਰਦੀਆਂ ਹਨ। ਉਹ ਕਤਾਰ ਵਿੱਚ ਜਾਂਦੀਆਂ ਆਪਣੀ ਮੰਜ਼ਿਲ ਸਰ ਕਰਦੀਆਂ ਹਨ। ਇਸੇ ਤਰ੍ਹਾਂ ਜੇ ਆਪਾਂ ਦੇਖੀਏ ਕਿ ਜਦੋਂ ਅਸੀਂ ਥੋੜ੍ਹਾ ਜਿਹਾ ਵੀ ਅਨੁਸ਼ਾਸਨਹੀਣਤਾ ਵਿੱਚ ਆਈਏ ਤਾਂ ਨੁਕਸਾਨ ਆਪਣਾ ਹੀ ਹੁੰਦਾ ਹੈ,ਜੇ ਅਸੀਂ ਸੜਕ 'ਤੇ ਸੱਜੇ ਪਾਸੇ ਚੱਲੀਏ ਤਾਂ ਸੱਟ ਸਾਨੂੰ ਹੀ ਲੱਗੇਗੀ ਸੋ ਜਦੋਂ ਅਸੀਂ ਅਨੁਸ਼ਾਸਨ ਦੀ ਪਾਲਣਾ ਨਹੀਂ ਕਰਾਂਗੇ ਤਾਂ ਨੁਕਸਾਨ ਹੋਵੇਗਾ ਹੀ ਹੋਵੇਗਾ।ਵਿਸ਼ਵ ਭਰ ਵਿਚ ਹਰ ਥਾਂ ਨਿਯਮਾਂ ਅਤੇ ਕਾਨੂੰਨਾਂ ਦਾ ਰਾਜ ਹੁੰਦਾ ਹੈ, ਜਿਸ ਦੀ ਮਨੁੱਖਾਂ ਨੂੰ ਪਾਲਣਾ ਕਰਨੀ ਪੈਂਦੀ ਹੈ। ਅਨੁਸ਼ਾਸਨ ਹਰ ਸੱਭਿਅਕ ਸਮਾਜ ਦੀ ਨੀਂਹ ਹੁੰਦਾ ਹੈ। ਜੇਕਰ ਸਾਡੇ ਆਲੇ-ਦੁਆਲੇ ਨਿਯਮ ਅਤੇ ਕਾਨੂੰਨ ਨਾ ਹੋਣ ਤਾਂ ਸਾਡੇ ਲਈ ਜੀਊਣਾ ਅਸੰਭਵ ਹੋ ਜਾਵੇ। ਅਨੁਸ਼ਾਸਨ ਤੋਂ ਬਿਨਾਂ ਸਾਡੀ ਹਾਲਤ 'ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ' ਵਾਲੀ ਹੋਵੇਗੀ, ਜਿਸ ਨਾਲ ਹਰ ਪਾਸੇ ਗੜਬੜ ਤੇ ਖਲਬਲੀ ਮਚ ਜਾਵੇਗੀ। ਅਨੁਸ਼ਾਸਨ ਸਾਡੇ ਜੀਵਨ ਨੂੰ ਕਾਬੂ ਵਿਚ ਤਾਂ ਰੱਖਦਾ ਹੀ ਹੈ ਪਰ ਨਾਲ ਦੀ ਨਾਲ ਨਿਸਚਿਤ ਸੇਧ ਵੀ ਦਿੰਦਾ ਹੈ ਤੇ ਇਸ ਵਿਚ ਮਿਠਾਸ ਵੀ ਭਰਦਾ ਹੈ। ਸੋ ਅਸੀਂ ਅਨੁਸ਼ਾਸਨ ਨੂੰ ਮਨੁੱਖੀ ਚਰਿੱਤਰ ਦੀ ਰੀੜ੍ਹ ਦੀ ਹੱਡੀ ਵੀ ਕਹਿ ਦੇਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਅਨੁਸ਼ਾਸਨ ਵਿੱਚ ਰਹਿਣ ਵਾਲੀ ਮਨੁੱਖੀ ਸ਼ਖ਼ਸੀਅਤ ਨੂੰ ਬੁਲੰਦੀਆਂ ਦਾ ਤਾਜ ਪਹਿਨਾਉਂਦਾ ਹੈ। ਇਸ ਤੋਂ ਬਿਨਾਂ ਸਾਡੀ ਜ਼ਿੰਦਗੀ ਫਿੱਕੀ, ਬੇਰੱਸ ਅਤੇ ਨੀਰਸ ਹੁੰਦੀ ਹੈ। ਅਨੁਸ਼ਾਸਨ ਤੋਂ ਬਿਨਾਂ ਸਾਡੇ ਆਲੇ - ਦੁਆਲੇ ਵਿਚ ਕਿਸੇ ਵੀ ਚੀਜ਼ ਦੀ ਹੋਂਦ ਸੰਭਵ ਨਹੀਂ ਜਿਸ ਕਰਕੇ ਮਨੁੱਖ ਲਈ ਅਨੁਸ਼ਾਸਨ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ। ਸਾਡੀ ਨੌਜਵਾਨ ਪੀੜ੍ਹੀ ਆਮ ਕਰਕੇ ਅਨੁਸ਼ਾਸਨ ਨੂੰ ਆਪਣੀ ਅਜ਼ਾਦੀ ਵਿੱਚ ਰੁਕਾਵਟ ਸਮਝਦੀ ਹੈ, ਖੁੱਲ੍ਹ ਮਾਨਣ ਕਰਕੇ ਉਹ ਕਈ ਵਾਰੀ ਸਕੂਲਾਂ ਤੇ ਕਾਲਜਾਂ ਵਿੱਚ ਅਨੁਸ਼ਾਸਨ ਨੂੰ ਭੰਗ ਕਰਦੀ ਹੈ, ਪਰ ਇਸ ਦਾ ਨਤੀਜਾ ਉਸਾਰੂ ਨਹੀਂ, ਸਗੋਂ ਮਾਰੂ ਹੀ ਨਿਕਲਦਾ ਹੈ। ਹਰ ਵਿਅਕਤੀ ਚਾਹੇ ਉਹ ਵਿਦਿਆਰਥੀ ਦੇ ਰੂਪ ਵਿੱਚ ਹੋਵੇ, ਚਾਹੇ ਕਰਮਚਾਰੀ ਦੇ ਰੂਪ ਵਿੱਚ,ਚਾਹੇ ਖਿਡਾਰੀ ਦੇ ਰੂਪ ਵਿੱਚ ਜਾਂ ਫਿਰ ਦੇਸ਼ ਦੇ ਇੱਕ ਨਾਗਰਿਕ ਦੇ ਰੂਪ ਵਿੱਚ ਹੋਵੇ,ਹਰ ਕਿਸੇ ਨੂੰ ਆਪਣੇ ਆਪਣੇ ਕਾਰਜ ਅਨੁਸਾਰ ਅਨੁਸ਼ਾਸਨਬੱਧ ਹੋ ਕੇ ਇਸ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਚਾਹੀਦੀ ਹੈ। ਕੋਈ ਟੀਮ ਖੇਡ ਦੇ ਮੈਦਾਨ ਵਿੱਚ ਜਿੱਤ ਨਹੀਂ ਸਕਦੀ, ਜੇਕਰ ਉਹ ਅਨੁਸ਼ਾਸਨ ਵਿਚ ਰਹਿ ਕੇ ਨਹੀਂ ਖੇਡਦੀ। ਕੋਈ ਰਾਜਨੀਤਿਕ ਪਾਰਟੀ ਵੀ ਤਾਂ ਹੀ ਜਿੱਤ ਪ੍ਰਾਪਤ ਕਰ ਸਕਦੀ ਹੈ, ਜੇਕਰ ਉਸ ਨਾਲ ਜੁੜੇ ਲੋਕ ਪੂਰੀ ਤਰ੍ਹਾਂ ਅਨੁਸ਼ਾਸਨ ਵਿਚ ਰਹਿ ਕੇ ਕੰਮ ਕਰਨ। ਅਨੁਸ਼ਾਸਨ ਦੀ ਜਿੰਨੀ ਲੋੜ ਇੱਕ ਵਿਅਕਤੀ ਨੂੰ ਹੁੰਦੀ ਹੈ, ਓਨੀ ਲੋੜ ਹੀ ਸਾਰੇ ਸੰਗਠਨਾਂ ਨੂੰ ਵੀ ਹੁੰਦੀ ਹੈ। ਅਨੁਸ਼ਾਸਿਤ ਲੋਕ ਉੱਨਤੀ ਦੀਆਂ ਸਿਖਰਾਂ ਨੂੰ ਛੂਹੰਦੇ ਹਨ, ਪਰ ਅਨੁਸ਼ਾਸਨਹੀਣਤਾ ਦੀ ਸਥਿਤੀ ਵਿਚ ਉਹ ਗਿਰਾਵਟ ਤੇ ਗ਼ੁਲਾਮੀ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਕਰਕੇ ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਦੇ ਹਰ, ਪਹਿਲੂ ਨਾਲ ਜੁੜੇ ਹਰ ਕੰਮ ਨੂੰ ਕਰਨ ਲਈ ਅਨੁਸ਼ਾਸਨ ਅਪਣਾਉਣਾ ਚਾਹੀਦਾ ਹੈ। ਅਨੁਸ਼ਾਸਨ ਇਕ ਕੀਮਤੀ ਖਜ਼ਾਨਾ ਹੈ। ਇਸ ਦੀ ਸੰਭਾਲ ਕਰ ਕੇ ਅਸੀਂ ਸੁੱਖ,ਆਰਾਮ, ਖ਼ੁਸ਼ਹਾਲੀ ਤੇ ਸਨਮਾਨ ਨੂੰ ਪ੍ਰਾਪਤ ਕਰ ਸਕਦੇ ਹਾਂ।

## ਸ਼ਰੀਫੀ

**ਲਿਖਤ : ਹਰਪ੍ਰੀਤ ਕੌਰ ਸੰਧੂ**

ਲੋਕ ਅਕਸਰ ਸਾਹਮਣੇ ਵਾਲੇ ਨੂੰ ਬੇਵਕੂਫ਼ ਸਮਝਦੇ ਹਨ। ਉਹ ਸੋਚਦੇ ਹਨ ਕਿ ਉਹ ਕੁਝ ਨਹੀਂ ਜਾਣਦਾ। ਹਮੇਸ਼ਾ ਅਜਿਹਾ ਨਹੀਂ ਹੁੰਦਾ। ਦੂਜੇ ਨੂੰ ਸਭ ਕੁਝ ਪਤਾ ਹੁੰਦਾ ਹੈ ਪਰ ਉਹ ਜਾਣ ਬੁੱਝ ਕੇ ਨਜ਼ਰ ਅੰਦਾਜ਼ ਕਰਦਾ ਹੈ।ਓਸਦਾ ਨਜ਼ਰ ਅੰਦਾਜ਼ ਕਰਨਾ ਵੀ ਇਕ ਕਲਾ ਹੈ। ਦੇਖਣਾ ਚਾਹੁੰਦਾ ਹੈ ਕਿ ਮੇਰਾ ਫਰੇਬੀ ਮਿੱਤਰ ਕਿੱਥੇ ਤਕ ਜਾ ਸਕਦਾ ਹੈ। ਕਈ ਵਾਰ ਅਸੀਂ ਜਾਣਬੁੱਝ ਕੇ ਪਤੰਗ ਦੀ ਡੋਰ ਢਿੱਲੀ ਛੱਡ ਦਿੰਦੇ ਹਾਂ ਤਾਂ ਕਿ ਪੇਚਾ ਪਾ ਕੇ ਸਾਹਮਣੇ ਵਾਲੀ ਪਤੰਗ ਕੱਟੀ ਜਾ ਸਕੇ। ਕਿਸੇ ਦੀ ਅਸਲੀਅਤ ਨੂੰ ਜਾਨਣ ਲਈ ਉਸ ਨੂੰ ਕੁਝ ਢਿੱਲ ਦੇਣੀ ਪੈਂਦੀ ਹੈ। ਚਲਾਕ ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਹੁੰਦੀ ਹੈ ਕਿ ਦੂਜਿਆਂ ਨੂੰ ਬੇਵਕੂਫ਼ ਸਮਝਦਾ ਹੈ। ਕਈ ਵਾਰ ਮਨੁੱਖ ਆਪਣੀ ਸਰਾਫ਼ਤ ਵਿੱਚ ਚੁੱਪ ਹੁੰਦਾ ਹੈ। ਸ਼ਰਾਫਤ ਕਿਸੇ ਦੀ ਕਮਜ਼ੋਰੀ ਨਹੀਂ ਹੁੰਦੀ। ਇੱਕ ਸ਼ਰੀਫ ਬੰਦਾ ਬਹੁਤ ਹੱਦ ਤੱਕ ਸਹਿਣਸ਼ੀਲ ਹੁੰਦਾ ਹੈ। ਪਰ ਹਰ ਚੀਜ਼ ਇੱਕ ਹੱਦ ਹੁੰਦੀ ਹੈ। ਰਬੜ ਨੂੰ ਹੱਦ ਤੋਂ ਵੱਧ ਖਿੱਚਣ ਨਾਲ ਉਹ ਟੁੱਟ ਜਾਂਦੀ ਹੈ। ਠੀਕ ਇਸੇ ਤਰ੍ਹਾਂ ਸਹਿਣਸ਼ੀਲਤਾ ਹੁੰਦੀ ਹੈ। ਹਰ ਮਨੁੱਖ ਗੱਲ ਦੇ ਸਾਰੇ ਪੱਖ ਸਮਝਦਾ ਹੈ। ਅਖੀਰ ਇਕ ਦਿਨ ਉਹ ਕਿਨਾਰਾ ਕਰ ਲੈਂਦਾ ਹੈ। ਬੇਜ਼ਮੀਰੇ ਲੋਕਾਂ ਨਾਲ ਉਲਝਣ ਨਾਲੋ ਚੰਗਾ ਹੈ ਓਹਨਾਂ ਤੋਂ ਦੂਰੀ ਬਣਾ ਲੈਣਾ। ਔਰਤਾਂ ਨੂੰ ਅਜਿਹੇ ਪੁਰਸ਼ਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਉਨ੍ਹਾਂ ਨੂੰ ਸਰੀਰਕ ਤੌਰ ਤੇ ਇਸਤੇਮਾਲ ਕਰਨਾ ਚਾਹੁੰਦੇ ਹਨ। ਇਸੇ ਤਰ੍ਹਾਂ ਪੁਰਸ਼ ਨੂੰ ਵੀ ਉਨ੍ਹਾਂ ਔਰਤਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਆਪਣੇ ਜ਼ਾਤੀ ਮੁਫ਼ਾਦ ਲਈ ਇਸਤੇਮਾਲ ਕਰਨਾ ਚਾਹੁੰਦੀਆਂ ਹਨ। ਅਜਿਹੇ ਪੁਰਸ਼ ਬਾਅਦ ਵਿੱਚ ਮਿੱਤਰਾਂ ਦੀ ਢਾਣੀ ਵਿਚ ਬੈਠ ਕੇ ਹੁੱਬ ਕੇ ਆਪਣੇ ਰਿਸ਼ਤੇ ਬਾਰੇ ਦੱਸਦੇ ਹਨ। ਜਦੋਂ ਲੱਗੇ ਕਿ ਸਾਡੀ ਬੇਕਦਰੀ ਕੀਤੀ ਜਾ ਰਹੀ ਹੈ ਤਾਂ ਓਥੋਂ ਪਰੇ ਹੋ ਜਾਣਾ ਹੀ ਬੇਹਤਰ ਹੈ। ਅਜਿਹੇ ਰਿਸ਼ਤਿਆਂ ਵਿੱਚ ਦੂਜੇ ਨੂੰ ਦੋਸ਼ ਦੇਣ ਦਾ ਕੋਈ ਫਾਇਦਾ ਨਹੀਂ। ਮਤਲਬਪ੍ਰਸਤ ਲੋਕਾਂ ਤੋਂ ਵਫ਼ਾਦਾਰੀ ਦੀ ਉਮੀਦ ਕਰਨਾ ਹੀ ਗਲਤ ਹੈ। ਆਪ ਹੀ ਸਮਝਦਾਰ ਬਣਨਾ ਚਾਹੀਦਾ ਹੈ। ਜੋ ਕੰਧ ਤੇ ਲਿਖਿਆ ਸਾਫ ਦਿਖਾਈ ਦਿੰਦਾ ਹੈ ਉਸ ਨੂੰ ਨਕਾਰ ਦੇਣ ਵਾਲੇ ਅਕਸਰ ਧੋਖਾ ਖਾਂਦੇ ਹਨ। ਸੱਚ ਨੂੰ ਸਮਝ ਲੈਣ ਤੇ ਆਪਣਾ ਰਸਤਾ ਬਦਲ ਲੈਣ ਵਿਚ ਹੀ ਸਮਝਦਾਰੀ ਹੈ।

## ਘਰ ਦਾ ਤਾਲਾ ਹੁੰਦੇ ਹਨ ਬਜ਼ੁਰਗ

**ਲਿਖਤ : ਨੀਟਾ ਭਾਟੀਆ, ਪੰਜਾਬੀ ਮਿਸਟ੍ਰੈਸ**

**ਜੋ ਤੀਰਥ ਨਾਵਣ ਚੱਲੇ, ਉਹਨਾਂ ਦੇ ਘਰ ਵਿੱਚ ਤੀਰਥ ਹੈ,**
**ਰਾਹਾਂ ਵਿੱਚ ਨਾ ਭਟਕੋ, ਘਰ ਵਿਚ ਰੱਬ ਜਿਹੀ ਸੀਰਤ ਹੈ।**

"ਬਜ਼ੁਰਗ" ਸ਼ਬਦ ਦਿਮਾਗ ਵਿੱਚ ਆਉਂਦੇ ਹੀ ਉਮਰ ਤੇ ਵਿਚਾਰਾਂ ਨਾਲ ਗੰਢਿਆ ਵਿਅਕਤੀ ਸਾਹਮਣੇ ਨਜ਼ਰ ਆਉਂਦਾ ਹੈ। ਫ਼ਾਰਸੀ ਵਿੱਚ ਬਜ਼ੁਰਗ ਲਫ਼ਜ਼ ਦਾ ਅਰਥ ਹੁੰਦਾ ਹੈ-"ਵੱਡਾ" ਕੇਵਲ ਉਮਰ ਪੱਖੋਂ ਹੀ ਵਡੇਰਾ ਨਹੀ ਬਲਕਿ ਜੋ ਤਜ਼ਰਬੇਕਾਰ, ਸਿਆਣਾ ਤੇ ਸੂਝਵਾਨ ਹੋਵੇ, ਉਹ ਵਿਅਕਤੀ ਬਜ਼ੁਰਗ ਅਖਵਾਉਂਦਾ ਹੈ। ਬਜ਼ੁਰਗ ਵਿੱਚ ਨਾਨਾ-ਨਾਨੀ, ਦਾਦਾ-ਦਾਦੀ, ਸੱਸ-ਸਹੁਰਾ ਆਦਿ ਆਉਂਦੇ ਹਨ। ਆਮ ਤੌਰ ਤੇ ਮਾਪਿਆਂ ਦੇ ਮੁਕਾਬਲੇ ਪਰਿਵਾਰ ਵਿੱਚ ਨਵ- ਜੰਮੇ ਬੱਚੇ ਦੇ ਆਉਣ ਤੇ ਦਾਦੀ-ਦਾਦੀ, ਨਾਨਾ-ਨਾਨੀ ਵਧੇਰੇ ਉਤਸ਼ਾਹਿਤ ਹੁੰਦੇ ਹਨ। ਦਾਦੀ ਦਾ ਆਪਣੇ ਪੋਤੇ-ਪੋਤੀਆਂ ਨਾਲ ਰਿਸ਼ਤਾ ਸ਼ਬਦਾਂ ਵਿੱਚ ਨਹੀ ਵਰਣਨ ਕੀਤਾ ਜਾ ਸਕਦਾ । ਹਾਲਾਂਕਿ ਮਾਪੇ ਬੱਚਿਆਂ ਨੂੰ ਉਹਨਾਂ ਦੇ ਵਿਕਾਸ ਲਈ ਸਭ ਕੁੱਝ ਮੁੱਹਈਆ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਉਹਨਾਂ ਦਾ ਵਿਕਾਸ ਆਪਣੇ ਦਾਦੇ-ਦਾਦੀਆਂ ਬਿਨਾਂ ਅਧੂਰਾ ਹੈ।

**ਜਿੰਦਗੀ ਦੇ ਤਿੰਨ ਪੜਾਅ ਹੁੰਦੇ ਹਨ। ਬਚਪਨ, ਜਵਾਨੀ ਤੇ ਬੁਢਾਪਾ।**

ਬੁਢਾਪਾ ਜਿੰਦਗੀ ਦੇ ਆਖਰੀ ਪੜਾਅ ਦੀ ਨਿਸ਼ਾਨੀ ਹੈ । ਬਜ਼ੁਰਗਾਂ ਦੀ ਸਾਡੀ ਜਿੰਦਗੀ ਵਿੱਚ ਅਣਮੁੱਲੀ ਅਤੇ ਬਹੁਤ ਹੀ ਖਾਸ ਮਹੱਤਤਾ ਹੁੰਦੀ ਹੈ। ਬਜ਼ੁਰਗ ਅਨੁਭਵ ਦਾ ਉਹ ਖਜ਼ਾਨਾ ਹੈ ਜੋ ਸਾਨੂੰ ਜੀਵਨ ਪੱਖ ' ਤੇ ਕਠਿਨ ਮੋੜ ਤੇ ਠੀਕ ਸਲਾਹ ਦਿੰਦੇ ਹਨ। ਬਜ਼ੁਰਗਾ ਦੇ ਲਾਡ ਪਿਆਰ ਨਾਲ ਛੋਟੇ ਬੱਚੇ ਵੀ ਚੰਗੀਆਂ ਆਦਤਾਂ ਸਿੱਖਦੇ ਹਨ। ਬੱਚਿਆਂ ਵਿੱਚ ਅਜਿਹੇ ਗੁਣ ਆ ਜਾਂਦੇ ਹਨ, ਜਿਹੜੇ ਉਨਾਂ ਨੂੰ ਉਨਾਂ ਦੇ ਮਾਪੇ ਵੀ ਨਹੀ ਦੇ ਸਕਦੇ। ਬਜ਼ੁਰਗ ਘਰ ਦਾ ਗਲਤ ਕੰਮ ਵੇਖਦੇ ਹਨ ਤਾਂ ਉਹ ਸਹਿਣ ਨਹੀਂ ਕਰ ਪਾਉਂਦੇ। ਇਸ ਗੱਲ ਨੂੰ ਅੱਜ ਕੱਲ ਦੇ ਬੱਚੇ ਪਸੰਦ ਨਹੀਂ ਕਰਦੇ ਤੇ ਉਹ ਪਲਟ ਕੇ ਜਵਾਬ ਦਿੰਦੇ ਹਨ। ਜਿਸ ਬਜ਼ੁਰਗ ਨੇ ਆਪਣੇ ਪਰਿਵਾਰ ਰੂਪੀ ਬਾਗ ਦੇ ਪੌਦਿਆਂ ਨੂੰ ਆਪਣੇ ਖੂਨ ਪਸੀਨੇ ਦੀ ਖਾਦ ਨਾਲ ਸਿੰਚਿਆਂ ਹੁੰਦਾ ਹੈ ਉਹ ਬੱਚਿਆ ਦੇ ਇਸ ਵਰਤਾਅ ਨਾਲ ਬਹੁਤ ਦੁਖੀ ਹੁੰਦੇ ਹਨ। ਬਜ਼ੁਰਗ ਤਾਂ ਕੰਧੀ ਉੱਤੇ ਰੁੱਖੜਾ ਹੁੰਦੇ ਹਨ ਉਹ ਬੇਵਕਤ ਝੁੱਲੀ ਹੋਈ ਅਪਮਾਨ ਦੀ ਤੇਜ਼ ਹਨੇਰੀ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਨੂੰ ਸਹਾਰੇ ਦੀ ਲੋੜ ਹੁੰਦੀ ਹੈ। ਬੱਚਿਆਂ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਤਿੰਨ ਰੰਗ ਨਹੀਂ ਲੱਭਣੇ -ਹੁਸਨ, ਜਵਾਨੀ ਤੇ ਮਾਪੇ। ਇਕ ਸਮਾਂ ਸੀ ਜਦੋਂ ਬਜ਼ੁਰਗ ਨੂੰ ਪਰਿਵਾਰ ਤੇ ਬੋਝ ਨਹੀ ਸਗੋਂ ਮਾਰਗਦਰਸ਼ਕ ਸਮਝਿਆ ਜਾਂਦਾ ਸੀ ਅੱਜਕੱਲ ਦੀ ਜੀਵਨ ਸ਼ੈਲੀ , ਪੀੜੀਆਂ ਦੇ ਵਿਚਾਰਾਂ ਵਿੱਚ ਅੰਤਰ ਆਰਥਿਕ ਪਹਿਲੂ ਦੇ ਕਾਰਣ ਅੱਜਕੱਲ ਦੀ ਜਵਾਨ ਪੀੜੀ ਕਠੋਰ ਤੇ ਕਰਤੱਵਹੀਣ ਹੋ ਗਈ ਹੈ। ਬਜ਼ੁਰਗਾਂ ਦਾ ਜੀਵਨ ਅਨੁਭਵਾਂ ਨਾਲ ਭਰਿਆ ਪਿਆ ਹੈ ਕਿਉਂਕਿ ਉਹਨਾਂ ਨੇ ਆਪਣੇ ਜੀਵਨ ਵਿੱਚ ਕਈ ਧੁੱਪ ਛਾਂ ਵਾਲੇ ਵੇਲੇ ਦੇਖੋ ਹਨ। ਜਿੰਨਾਂ ਅਸੀਂ ਉਹਨਾਂ ਦੇ ਅਨੁਭਵਾਂ ਦਾ ਲਾਭ ਲੈ ਸਕੀਏ, ਸਾਨੂੰ ਲੈਣਾ ਚਾਹੀਦਾ ਹੈ। ਬਜ਼ੁਰਗ ਸਾਡੇ ਘਰ ਦੀ ਚਾਬੀ ਹੁੰਦੇ ਹਨ । ਬਜ਼ੁਰਗਾਂ ਦੇ ਘਰ ਰਹਿਣ ਨਾਲ ਨੌਕਰੀ ਪੇਸ਼ਾ ਲੋਕ ਆਪਣੇ ਬੱਚਿਆਂ ਲਈ ਨਿਸ਼ਚਿੰਤ ਰਹਿੰਦੇ ਹਨ। ਉਹਨਾਂ ਦੇ ਬੱਚਿਆਂ ਵਿੱਚ ਚੰਗੇ ਸੰਸਕਾਰ ਪੈਦਾ ਹੁੰਦੇ ਹਨ। ਨਿਮਰਤਾ, ਅਨੁਸ਼ਾਸਨ ਏਕਤਾ ਦਾ ਪਾਠ ਸਦੈਵ ਬਜ਼ੁਰਗਾਂ ਦੀ ਸਿੱਖ ਹੁੰਦੀ ਹੈ। ਆਪਣੇ ਵਡੇਰਿਆਂ ਨਾਲ ਬੁਰਾ ਵਰਤਾਅ ਕਰਨ ਨਾਲ ਘਰ ਵਿੱਚ ਅਸ਼ਾਂਤੀ ਪੈਦਾ ਹੋ ਜਾਂਦੀ ਹੈ। ਇਸ ਵੇਲੇ ਵਿੱਚ ਉਹਨਾਂ ਨੂੰ ਆਪਣੇਪਨ ਦੀ ਬੜੀ ਜ਼ਰੂਰਤ ਹੁੰਦੀ ਹੈ



ਪਰ ਬਜ਼ੁਰਗਾਂ ਨੂੰ ਵੀ ਚਾਹੀਦਾ ਹੈ ਕਿ ਉਹ ਬੱਚਿਆ ਦੀ ਨਿਜੀ ਜਿੰਦਗੀ ਵਿੱਚ ਜਿਆਦਾ ਦਖਲ ਨਾ ਦੇਣ। ਤਦ ਹੀ ਉਹ ਸ਼ਾਤੀਪੂਰਵਕ ਜਿੰਦਗੀ ਜੀਅ ਸਕਦੇ ਹਨ। ਬਜ਼ੁਰਗਾਂ ਵਿੱਚ ਚਿੜਚਿੜਾਪਨ ਉਹਨਾਂ ਦੀ ਉਮਰ ਦਾ ਤਕਾਜਾ ਹੈ, ਉਹ ਗੱਲ ਸਹਿਣ ਨਹੀਂ ਕਰਦੇ। ਇਸ ਲਈ ਪਰਿਵਾਰ ਦੇ ਮੈਬਰਾਂ ਨੂੰ ਉਹਨਾਂ ਦੀਆਂ ਭਾਵਨਾਵਾਂ ਤੇ ਜਰੂਰਤਾਂ ਨੂੰ ਸਮਝਦੇ ਹੋਏ ਠੰਢੇ ਦਿਮਾਗ ਨਾਲ ਉਹਨਾਂ ਦੀ ਗੋਲ ਸੁਣਨੀ ਚਾਹੀਦੀ ਹੈ।

ਜੇ ਕੋਈ ਗੱਲ ਨਾ ਚੰਗੀ ਹੋਵੇ ਤਾਂ ਮੌਕਾ ਦੇਖ ਕੇ ਉਹਨਾਂ ਨੂੰ ਇਸ ਗੱਲ ਲਈ ਮਨਾ ਲੈਣਾ ਚਾਹੀਦਾ ਹੈ ਕਿ ਇਹ ਗੱਲ ਠੀਕ ਨਹੀਂ। ਜਿਸ ਤਰਾਂ ਭੂਤਕਾਲ ਦੇ ਬਿਨਾਂ ਵਰਤਮਾਨ ਕਾਲ ਨਹੀਂ ਹੋ ਸਕਦਾ, ਇਸੇ ਤਰਾਂ ਬਜ਼ੁਰਗਾਂ ਦੇ ਬਿਨਾਂ ਨੌਜਵਾਨਾ ਦਾ ਜੀਵਨ ਸੌਖਾ ਨਹੀ ਹੋ ਸਕਦਾ। ਇਹ ਬਹੁਤ ਮੰਦਭਾਗਾ ਹੈ ਕਿ ਕੁਝ ਪਰਿਵਾਰਾਂ ਵਿੱਚ ਬਜੁਰਗਾਂ ਨੂੰ ਸਨਮਾਨ ਨਹੀ ਦਿੱਤਾ ਜਾਂਦਾ ਅਤੇ ਉਨਾਂ ਨਾਲ ਬਦਸਲੂਕੀ ਕੀਤੀ ਜਾਂਦੀ ਹੈ। ਬਜ਼ੁਰਗ ਲੋਕਾਂ ਨੂੰ ਬੁਢਾਪੇ ਵਿੱਚ ਬਿਰਧ ਘਰਾਂ ਵਿੱਚ ਸ਼ਰਨ ਲੈਣੀ ਪੈਂਦੀ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਘਰ ਬਿਰਧਾਂ ਤੋ ਬਿਨਾਂ ਨਹੀਂ ਹੋ ਸਕਦੇ, ਉਹ ਬਹੁਤ ਹੀ ਕਿਸਮਤ ਵਾਲੇ ਲੋਕ ਹੁੰਦੇ ਹਨ, ਜਿੰਨ੍ਹਾਂ ਨੂੰ ਉਹਨਾਂ ਦੀ ਸੇਵਾ ਕਰਨ ਦਾ ਵੱਡਮੁੱਲਾ ਮੌਕਾ ਮਿਲਦਾ ਹੈ। ਬਾਲ ਗੰਗਾਧਰ ਨੇ ਇਕ ਵਾਰ ਕਿਹਾ ਸੀ " ਤੁਸੀ ਕਦੋਂ ਕੀ ਕਰਨਾ ਹੈ ਇਹ ਦੱਸਣਾ ਬੁੱਧੀ ਦਾ ਕੰਮ ਹੈ ਪਰ ਕਿੱਦਾਂ ਕਰਨਾ ਹੈ ਇਹ ਅਨੁਭਵ ਹੀ ਦੱਸ ਸਕਦਾ ਹੈ"।

ਅੰਤ ਵਿੱਚ:

"ਫਲ ਨਹੀ ਦਿਊਗਾ ਨਾ ਸਹੀ,
ਛਾਂ ਤਾਂ ਦਿਉਗਾ ਤੁਹਾਨੂੰ
ਰੁੱਖ ਬੁੱਢਾ ਹੀ ਸਹੀ
ਵਿਹੜੇ ਵਿੱਚ ਲੱਗਾ ਰਹਿਣ ਦਿਉ " ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
# Classified


ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com




## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491.

## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

# ਪੰਜਾਬ ਨੂੰ ਸੁਹਿਰਦ ਖੇਤੀ ਨੀਤੀ ਦੀ ਜ਼ਰੂਰਤ


ਲਿਖਤ : ਡਾ. ਦਰਸ਼ਨ ਪਾਲ
ਸੰਪਰਕ: 94172-69294




ਕਿਸਾਨਾਂ ਮਜ਼ਦੂਰਾਂ ਦੇ ਸੰਘਰਸ਼ ਦੇ ਦਬਾਅ ਹੇਠ ਆਖ਼ਿਰਕਾਰ ਪੰਜਾਬ ਸਰਕਾਰ ਨੇ ਖੇਤੀ ਨੀਤੀ ਦੀ ਰਿਪੋਰਟ ਜਨਤਕ ਕਰ ਦਿੱਤੀ। ਇਹ ਰਿਪੋਰਟ ਪੰਜਾਬ ਸਰਕਾਰ ਵੱਲੋਂ ਜਨਵਰੀ 2023 ਵਿੱਚ ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ ਬਣਾਈ 11 ਮੈਂਬਰੀ ਕਮੇਟੀ ਨੇ ਅਕਤੂਬਰ 2023 ਵਿੱਚ ਸਰਕਾਰ ਨੂੰ ਸੌਂਪ ਦਿੱਤੀ ਸੀ। ਪੰਜਾਬ ਸਰਕਾਰ ਦੀ ਇਸ ਨੀਤੀ ਨੂੰ ਜਨਤਕ ਕਰਨ ਵਿੱਚ ਦੇਰੀ ਨੇ ਸਰਕਾਰ ਦੀ ਖੇਤੀ ਸੰਕਟ ਨਜਿਠਣ ਪ੍ਰਤੀ ਸੰਜੀਦਗੀ 'ਤੇ ਸ਼ੱਕ ਖੜ੍ਹਾ ਕਰ ਦਿੱਤਾ ਹੈ। ਨੀਤੀ ਵਿਚ ਪੰਜਾਬ ਦਾ ਖੇਤੀ ਸੰਕਟ ਢੁਕਵੇਂ ਤਰੀਕੇ ਨਾਲ ਉਭਾਰਿਆ ਗਿਆ ਹੈ ਪਰ ਕਮੇਟੀ ਦੇ ਗੰਭੀਰ ਹੰਭਲੇ ਦੇ ਬਾਵਜੂਦ ਖੇਤੀ ਦੇ ਨਾਲ-ਨਾਲ ਸਮੁੱਚੇ ਰਾਜ ਦੇ ਭਲੇ ਲਈ ਇਸ ਨੀਤੀ ਵਿੱਚ ਕੁਝ ਹੋਰ ਮੱਦਾਂ ਸ਼ਾਮਿਲ ਕਰ ਕੇ ਇਸ ਨੂੰ ਤੁਰੰਤ ਲਾਗੂ ਕਰਨ ਦੀ ਜ਼ਰੂਰਤ ਹੈ।

ਖੇਤੀਬਾੜੀ ਨੀਤੀ ਦੀਆਂ ਮੁੱਖ ਸਿਫ਼ਾਰਸ਼ਾਂ ਵਿੱਚ ਭਾਵੇਂ ਫ਼ਸਲਾਂ ਨੂੰ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਉਤਸ਼ਾਹਿਤ ਕਰਨਾ, ਵੰਨ-ਸਵੰਨਤਾ ਵਾਲੀਆਂ ਫ਼ਸਲਾਂ ਦੇ 18 ਸੈਂਟਰ ਆਫ ਐਕਸੇਲੈਂਸ ਉਨ੍ਹਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਕਾਇਮ ਕਰਨਾ, ਖੇਤੀ ਮੰਡੀਕਰਨ ਖੋਜ ਤੇ ਚੌਕਸੀ ਸੰਸਥਾ, ਖੋਜੀ ਖੇਤੀ ਮੰਡੀਕਰਨ ਸੁਸਾਇਟੀ ਬਣਾਉਣਾ ਅਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਮਜ਼ਬੂਤ ਕਰ ਕੇ ਸਮੇਂ ਦੇ ਹਾਣ ਦਾ ਬਣਾਉਂਣਾ ਚੰਗਾ ਉੱਦਮ ਹੈ ਪਰ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੀ ਬਣਤਰ ਕਿਹੋ-ਜਿਹੀ ਹੋਵੇਗੀ, ਇਸ ਬਾਰੇ ਹੋਰ ਸਪੱਸ਼ਟਤਾ ਦੀ ਜ਼ਰੂਰਤ ਹੈ। ਬੀਜ ਪਿੰਡਾਂ ਦੇ ਸਮੂਹਾਂ ਵਿਕਸਤ ਕਰ ਕੇ ਪੰਜਾਬ ਨੂੰ ਬੀਜ ਹੱਬ ਵਜੋਂ ਵਿਕਸਤ ਕਰਨ ਅਤੇ ਕਣਕ ਦੀਆਂ ਵੱਧ ਪੌਸ਼ਟਿਕ ਅਤੇ ਵਿਸ਼ੇਸ਼ ਗੁਣਵੱਤਾ ਵਾਲੀਆਂ ਕਿਸਮਾਂ ਜਿਵੇਂ ਪੀਬੀਡਬਲਿਊ-1 ਚਪਾਤੀ, ਪੀਬੀਡਬਲਿਊ ਆਰਐੱਸ-1 ਅਤੇ ਡਬਲਿਊਐੱਚਡੀ-943 ਨੂੰ ਵਿਸ਼ੇਸ਼ ਖਪਤ ਵਾਲੀਆਂ ਮੰਡੀਆਂ ਲਈ ਪੈਦਾ ਤੇ ਪ੍ਰਾਸੈੱਸ ਕਰਨ ਦੀ ਤਜਵੀਜ਼ ਭਾਵੇਂ ਚੰਗੀ ਹੈ ਪਰ ਇਸ ਵਿੱਚ ਕਿਸਾਨੀ ਨੂੰ ਫਾਇਦਾ ਕਿਵੇਂ ਹੋਵੇਗਾ, ਉਸ ਬਾਰੇ ਸਿਸਟਮ ਬਣਾਉਣ ਦੀ ਲੋੜ ਹੈ। ਇਸੇ ਤਰ੍ਹਾਂ ਕਪਾਹ, ਮੱਕੀ, ਬਾਸਮਤੀ, ਦਾਲਾਂ ਅਤੇ ਗੰਨੇ ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ ਦਿੱਤੀਆਂ ਸਿਫ਼ਾਰਿਸ਼ਾਂ ਵੀ ਵਾਜਿਬ ਹਨ। ਖਰੜੇ ਵਿੱਚ ਭਾਵੇਂ ਫਲਾਂ ਸਬਜ਼ੀਆਂ ਦੇ ਉਤਪਾਦਨ, ਪ੍ਰਾਸੈਸਿੰਗ, ਗਰੇਡਿੰਗ ਅਤੇ ਮੁੱਲ ਵਾਧੇ ਲਈ ਚੰਗੀਆਂ ਸਿਫ਼ਾਰਸ਼ਾਂ ਹਨ ਪਰ ਜਲਦੀ ਖਰਾਬ ਹੋਣ ਵਾਲੀਆਂ ਇਨ੍ਹਾਂ ਫ਼ਸਲਾਂ ਤੋਂ ਕਿਸਾਨਾਂ ਨੂੰ ਲਾਭ ਤਾਂ ਹੀ ਹੋ ਸਕਦਾ ਹੈ ਜੇ ਸਰਕਾਰ ਢੁੱਕਵਾਂ ਸਟੋਰੇਜ ਅਤੇ ਕੁਸ਼ਲ ਮੰਡੀ ਢਾਂਚਾ ਵਿਕਸਤ ਕਰੇ।

ਛੋਟੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ਹੋਣ 'ਤੇ ਪੈਨਸ਼ਨ ਦੀ ਸਿਫ਼ਾਰਿਸ਼ ਚੰਗੀ ਹੈ ਪਰ ਇਹ ਪੈਨਸ਼ਨ ਦੀ ਰਾਸ਼ੀ ਚੰਗੀ ਹੋਵੇ ਅਤੇ ਸਰਕਾਰੀ ਮੁਲਾਜ਼ਮਾਂ ਵਾਂਗੂ 58 ਸਾਲ ਦੀ ਉਮਰ 'ਤੇ ਹੀ ਦਿੱਤੀ ਜਾਵੇ। ਕਿਸਾਨ/ਮਜ਼ਦੂਰਾਂ ਦੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ, ਮੁਫ਼ਤ ਸਿਹਤ ਸੰਭਾਲ, ਪੰਚਾਇਤੀ ਜ਼ਮੀਨ ਅਤੇ ਹੋਰ ਸਾਂਝੀਆਂ ਜ਼ਮੀਨਾਂ ਦਾ ਇੱਕ-ਤਿਹਾਈ ਹਿੱਸਾ ਖੇਤ ਮਜ਼ਦੂਰਾਂ ਨੂੰ ਠੇਕੇ 'ਤੇ ਦੇਣ ਅਤੇ ਖੇਤ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ, ਮਗਨਰੇਗਾ ਸਕੀਮ ਤਹਿਤ 100 ਦਿਨ ਦਾ ਲਾਜ਼ਮੀ ਕੰਮ ਵਧਾ ਕੇ 200 ਦਿਨ ਕਰਨ ਦੇ ਚੰਗੇ ਸੁਝਾਅ ਵੀ ਇਸ ਨੀਤੀ ਵਿਚ ਸ਼ਾਮਿਲ ਹਨ। ਇਸ ਦੇ ਨਾਲ ਹੀ ਉਧਾਰ ਸਿਸਟਮ ਲਈ ਸਿੰਗਲ ਵਿੰਡੋ ਸਿਸਟਮ, ਛੋਟੇ ਕਿਸਾਨਾਂ ਲਈ ਵਿਸ਼ੇਸ਼ ਕਰਜ਼ਾ ਮੁਆਫੀ ਸਕੀਮ ਅਤੇ ਸ਼ਾਹੂਕਾਰਾਂ ਦੀ ਰਜਿਸਟ੍ਰੇਸ਼ਨ ਕਰਨ ਦੀ ਸਿਫ਼ਾਰਸ਼ ਵੀ ਹੈ ਪਰ ਖੇਤੀ ਸੰਕਟ ਨੂੰ ਨਜਿੱਠਣ ਲਈ ਕਿਸਾਨਾਂ ਦੇ ਤਮਾਮ ਕਰਜ਼ੇ 'ਤੇ ਲੀਕ ਮਾਰੀ ਜਾਣੀ ਚਾਹੀਦੀ ਹੈ ਅਤੇ ਪੰਜਾਬ ਸਰਕਾਰ ਦੀਆਂ ਸਰਕਾਰੀ ਵਿੱਤੀ ਸੰਸਥਾਵਾਂ ਕਿਸਾਨਾਂ ਦੀਆਂ ਖੇਤੀ ਕਰਜ਼ੇ ਦੀਆਂ ਲਿਮਟਾਂ ਦੀ ਹੱਦ ਵਧਾਉਣ ਅਤੇ ਵਿਆਜ ਦੀ ਦਰ ਵੀ 4% ਸਾਧਾਰਨ ਵਿਆਜ ਲਗਾਈ ਜਾਵੇ; ਮੂਲਧਨ ਤੋਂ ਵੱਧ ਵਿਆਜ ਅਤੇ ਵਿਆਜ-ਦਰ-ਵਿਆਜ ਲਾਉਣ ਤੇ ਵਸੂਲਣ ਵਾਲੇ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋਵੇ।

ਫ਼ਸਲਾਂ ਦੀ ਖਰੀਦ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ (ਸੀ2+50% 'ਤੇ) ਕਾਨੂੰਨੀ ਗਾਰੰਟੀ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਸਿਫ਼ਾਰਿਸ਼ਾਂ ਬਹੁਤ ਚੰਗੀਆਂ ਹਨ। ਖੇਤੀ ਨੀਤੀ ਅੰਦਰ ਸਹਿਕਾਰੀ ਖੇਤਰ 'ਤੇ ਜ਼ੋਰ ਦਿੰਦਿਆਂ ਪੰਜਾਬ ਐਗਰੋ, ਮਾਰਕਫੈੱਡ, ਮਿਲਕਫੈੱਡ ਤੇ ਸ਼ੂਗਰਫੈਡ ਨੂੰ ਫ਼ਸਲਾਂ ਦੇ ਮੁੱਲ ਵਾਧੇ, ਪ੍ਰਾਸੈਸਿੰਗ ਤੇ ਮੰਡੀਕਰਨ ਵਿੱਚ ਕਿਸਾਨਾਂ ਦੀ ਸਹਾਇਤਾ ਕਰਨ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਤੇ ਹੋਰ ਸਹਿਕਾਰੀ ਬੈਂਕਾਂ ਰਾਹੀਂ ਯਕਮੁਸ਼ਤ ਨਿਬੇੜਾ ਸਕੀਮ ਵਰਗੀਆਂ ਚੰਗੀਆਂ ਸਿਫ਼ਾਰਿਸ਼ਾਂ ਸ਼ਾਮਿਲ ਹਨ। ਇਸੇ ਤਰ੍ਹਾਂ ਪੰਜਾਬ ਵਿੱਚ ਪਾਣੀ ਦੇ ਸੰਕਟ ਵਰਗੇ ਹਾਲਾਤ ਦੇ ਮੱਦੇਨਜ਼ਰ ਪਾਣੀ ਦੀ ਬੱਚਤ ਕਰਨ ਵਾਲੀਆਂ ਤਕਨੀਕਾਂ ਜਿਵੇਂ ਸੁੱਕਾ ਕੱਦੂ ਕਰਨਾ, ਤੁਪਕਾ ਸਿੰਜਾਈ ਪ੍ਰਣਾਲੀ ਵਗੈਰਾ ਰਾਹੀਂ ਪਾਣੀ ਦੀ ਘੱਟ ਵਰਤੋਂ ਕਰਨਾ ਅਤੇ ਸੋਲਰ ਪੰਪਾਂ ਰਾਹੀਂ ਬਿਜਲੀ ਪੈਦਾ ਕਰਨ ਦੀਆਂ ਸਿਫ਼ਾਰਿਸ਼ਾਂ ਵੀ ਚੰਗੀਆਂ ਹਨ ਪਰ ਝੋਨੇ ਦੀ ਕਾਸ਼ਤ ਤਾਂ ਹੀ ਘਟਾਈ ਜਾ ਸਕਦੀ ਹੈ ਜੇ ਨਵੀਆਂ ਫ਼ਸਲਾਂ ਤੋਂ ਝੋਨੇ ਨਾਲੋਂ ਵੱਧ ਮੁਨਾਫ਼ਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਨਹਿਰੀ ਪਾਣੀ ਅਤੇ ਮੀਂਹਾਂ ਦੇ ਪਾਣੀ ਨੂੰ ਰੀਚਾਰਜ ਕਰਨ ਦਾ ਬਣਦਾ ਪ੍ਰਬੰਧ ਕੀਤਾ ਜਾਵੇ।

ਜ਼ਮੀਨ ਦੇ ਸਬੰਧ ਵਿਚ ਜ਼ਮੀਨੀ ਕਾਸ਼ਤਕਾਰੀ ਕਾਨੂੰਨ ਮੁੜਵਿਚਾਰਨ, ਵਿਕਰੀ-ਖਰੀਦ ਤੇ ਤਬਾਦਲੇ ਦੇ ਸਮਝੌਤਿਆਂ ਨੂੰ ਸਰਲ ਭਾਸ਼ਾ ਵਿੱਚ ਰਿਕਾਰਡ ਕਰਨ ਅਤੇ ਤਹਿਸੀਲ ਕੰਪਲੈਕਸ ਵਿੱਚ ਵਸੀਕਾ ਨਵੀਸ ਤੇ ਵਿਚੋਲਿਆਂ ਵਾਲੇ ਕੰਮ ਸਰਕਾਰੀ ਕਰਮਚਾਰੀਆਂ ਵੱਲੋਂ ਕਰਨ ਵਰਗੀਆਂ ਸਾਰੀਆਂ ਸੇਵਾਵਾਂ ਦੀਆਂ ਸਮਾਂ ਸੀਮਾਵਾਂ ਅਤੇ ਰੇਟ ਦਫ਼ਤਰ ਦੇ ਬਾਹਰ ਲਾਉਣ ਤੇ ਗਾਹਕ ਨੂੰ ਬਣਦੀ ਰਸੀਦ ਜਾਰੀ ਕਰਨ ਅਤੇ ਜ਼ਮੀਨ ਮਾਲਕਾਂ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਅਤੇ ਜ਼ਮੀਨ ਦੀ ਮਾਲਕੀ ਪਾਸਬੁੱਕ ਜਾਰੀ ਕਰਨ ਵਰਗੇ ਚੰਗੇ ਸੁਝਾਅ ਹਨ ਜੋ ਕਿਸਾਨਾਂ ਦੀ ਲੁੱਟ ਘਟਾਉਣ ਵਿੱਚ ਸਹਾਈ ਹੋ ਸਕਦੇ ਹਨ ਪਰ ਇਸ ਦੇ ਨਾਲ-ਨਾਲ ਕੁਝ ਢਾਂਚਾਗਤ ਮੁੱਦੇ ਅਣਛੋਹੇ ਰਹਿ ਗਏ ਹਨ; ਜਿਵੇਂ ਪੰਜਾਬ ਦੇ ਆਬਾਦਕਾਰ ਕਿਸਾਨਾਂ ਨੂੰ ਹਰ ਕਿਸਮ ਦੀ ਕਾਬਜ਼ ਜ਼ਮੀਨ ਦੇ ਮਾਲਕੀ ਹੱਕ ਤੁਰੰਤ ਦਿਤੇ ਜਾਣੇ ਚਾਹੀਦੇ ਹਨ। ਜੋ ਲੋਕ ਸਾਂਝੀਆਂ ਜਾਂ ਪੰਚਾਇਤੀ ਜ਼ਮੀਨਾਂ 'ਚ ਕਈ-ਕਈ ਪੀੜ੍ਹੀਆਂ ਤੋਂ ਘਰ ਬਣਾ ਕੇ ਰਹਿ ਰਹੇ ਹਨ, ਨੂੰ ਉਨ੍ਹਾਂ ਜ਼ਮੀਨਾਂ/ਪਲਾਟਾਂ ਦੇ ਮਾਲਕੀ ਹੱਕ ਉਨ੍ਹਾਂ ਨੂੰ ਦਿੱਤੇ ਜਾਣ। ਇਸ ਤੋਂ ਇਲਾਵਾ ਸਾਰੇ ਪੰਜਾਬ ਵਿੱਚ ਫਾਸਟ ਹਾਈਵੇਅ ਬਣਾਉਣ ਲਈ ਐਕੁਆਇਰ ਕੀਤੀਆਂ ਜਾ ਰਹੀਆਂ ਜ਼ਮੀਨਾਂ ਦੇ ਰੇਟ ਤੈਅ ਕਰਨ ਲੱਗਿਆਂ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇ ਅਤੇ ਸਾਰਿਆਂ ਨੂੰ ਇੱਕੋ ਜਿੰਨਾ ਮੁਆਵਜ਼ਾ ਮਿਲੇ।

ਪੰਜਾਬ ਵਿੱਚ ਪਸ਼ੂ ਧਨ ਦੇ ਖੇਤਰ ਨੂੰ ਵਿਸ਼ੇਸ਼ ਖੇਤਰ ਵਜੋਂ ਐਲਾਨਣਾ, ਮਸ਼ੀਨਰੀ ਹੱਬ ਬਣਾਉਣਾ ਅਤੇ ਔਰਤਾਂ ਲਈ ਸਹੂਲਤਾਂ ਵਰਗੇ ਚੰਗੇ ਸੁਝਾਅ ਵੀ ਨੀਤੀ ਵਿੱਚ ਸ਼ਾਮਿਲ ਹਨ ਪਰ ਸਹਾਇਕ ਧੰਦਿਆਂ ਵਿਚੋਂ ਆਮਦਨ ਵਧਾਉਣ ਲਈ ਦੁੱਧ ਉਤਪਾਦਕਾਂ ਲਈ ਦੁੱਧ ਦਾ ਘੱਟੋ-ਘੱਟ ਸਮਰੱਥਨ ਮੁੱਲ ਪ੍ਰਤੀ 10 ਰੁਪਏ ਪ੍ਰਤੀ ਕਿਲੋ ਫੈਟ ਮਿਲਣ ਦੀ ਗਾਰੰਟੀ ਕੀਤੀ ਜਾਵੇ। ਇਸੇ ਤਰ੍ਹਾਂ ਕੁਦਰਤੀ ਆਫ਼ਤਾਂ, ਬਿਮਾਰੀਆਂ ਅਤੇ ਮਾੜੀਆਂ ਖੇਤੀ ਲਾਗਤਾਂ ਕਰ ਕੇ ਬਰਬਾਦ ਹੋਈਆਂ ਫ਼ਸਲਾਂ ਦਾ ਮੁਆਵਜ਼ਾ ਔਸਤ ਝਾੜ ਦੇ ਪੂਰੇ ਮੁੱਲ ਬਰਾਬਰ ਇੱਕ ਏਕੜ ਨੂੰ ਇਕਾਈ ਮੰਨ ਕੇ ਦਿੱਤਾ ਜਾਵੇ। ਜਿੰਨਾ ਚਿਰ ਝੋਨੇ ਦੀ ਪਰਾਲੀ ਤੇ ਕਣਕ ਦਾ ਨਾੜ ਬਿਨਾਂ ਸਾੜੇ ਤੋਂ ਸਾਂਭਣ ਲਈ ਝੋਨੇ 'ਤੇ 4000 ਹਜ਼ਾਰ ਅਤੇ ਕਣਕ 'ਤੇ 3000 ਰੁਪਏ ਪ੍ਰਤੀ ਏਕੜ ਮੁਆਵਜ਼ਾ ਨਹੀਂ ਦਿੱਤਾ ਜਾਂਦਾ, ਓਨਾ ਚਿਰ ਪਰਾਲੀ ਜਾਂ ਨਾੜ ਸਾੜਨ ਵਿਰੁੱਧ ਪਾਬੰਦੀ, ਜੁਰਮਾਨੇ ਤੇ ਪੁਲੀਸ ਕੇਸਾਂ ਦਾ ਸਿਲਸਿਲਾ ਬੰਦ ਕੀਤਾ ਜਾਵੇ।

ਆਪਣਾ ਅੱਧਾ ਕਾਰਜਕਾਲ ਦਮਗਜੇ ਮਾਰਨ 'ਚ ਗੁਆ ਚੁੱਕੀ ਭਗਵੰਤ ਮਾਨ ਸਰਕਾਰ ਨੂੰ ਖੇਤੀ ਸੰਕਟ ਅਤੇ ਮਜ਼ਦੂਰਾਂ ਕਿਸਾਨਾਂ ਦੀ ਆਰਥਿਕ ਦਸ਼ਾ ਸੁਧਾਰਨ ਲਈ ਗੰਭੀਰ ਹੋਣ ਦੀ ਲੋੜ ਹੈ। ਇਸ ਕਾਰਜ ਲਈ ਲੋਕਾਂ ਦੇ ਸੁਝਾਵਾਂ ਨੂੰ ਖਰੜੇ ਵਿੱਚ ਸ਼ਾਮਿਲ ਕਰਕੇ ਇਸ ਨੀਤੀ ਨੂੰ ਫੌਰੀ ਲਾਗੂ ਕਰਨ ਵੱਲ ਵਧਿਆ ਜਾਵੇ। ਜੇਕਰ ਇਸ ਸੁਧਰੀ ਹੋਈ ਕਿਸਾਨ ਪੱਖੀ ਖੇਤੀ ਨੀਤੀ ਨੂੰ ਲਾਗੂ ਕਰਨ ਤੋਂ ਸਰਕਾਰ ਪਿਛਾਂਹ ਕਦਮ ਖਿਚਦੀ ਹੋਈ ਨਜ਼ਰ ਆਈ ਤਾਂ ਸਰਕਾਰ ਕਿਸਾਨਾਂ-ਮਜ਼ਦੂਰਾਂ ਦੇ ਰੋਹ ਲਈ ਤਿਆਰ ਰਹੇ ਕਿਉਂਕਿ ਸੰਕਟ ਵਿੱਚੋਂ ਗੁਜ਼ਰ ਰਹੀ ਕਿਸਾਨੀ ਪਿਛਲੇ ਲੰਬੇ ਸਮੇਂ ਤੋਂ ਪ੍ਰਪੱਕ ਖੇਤੀ ਨੀਤੀ ਦੀ ਉਡੀਕਵਾਨ ਹੈ।

# ਜੌਰਜੀਆ 'ਚ ਜ਼ਮੀਨ ਦੇ ਮਰੱਬੇ ਖ਼ਰੀਦਣ ਗਏ ਪੰਜਾਬੀ ਕਿਸਾਨਾਂ ਦਾ ਮੋਹ ਭੰਗ ਕਿਉਂ ਹੋਇਆ?

**ਸਰਬਜੀਤ ਸਿੰਘ ਧਾਲੀਵਾਲ**

ਜੌਰਜੀਆ ਦੇ ਇੱਕ ਰੈਸਟੋਰੈਂਟ ਵਿੱਚ 11 ਪੰਜਾਬੀਆਂ ਸਣੇ 12 ਜਣਿਆਂ ਦੇ ਰਾਤੀਂ ਸੁੱਤਿਆਂ ਪਏ ਮਾਰੇ ਜਾਣ ਤੋਂ ਬਾਅਦ ਇਹ ਮੁਲਕ ਕਾਫੀ ਚਰਚਾ ਵਿੱਚ ਹੈ। ਜੌਰਜੀਆਂ ਕੌਕਸਸ ਖੇਤਰ ਦਾ ਮੁਲਕ ਹੈ, ਜਿਸ ਦੀਆਂ ਸਰਹੱਦਾਂ ਰੂਸ, ਤੁਰਕੀ, ਅਜ਼ਰਬਾਈਜਾਨ ਅਤੇ ਅਰਮੀਨੀਆ ਨਾਲ ਲੱਗਦੀਆਂ ਹਨ।

ਭਾਰਤੀ ਵਿਦੇਸ਼ ਮੰਤਰਾਲੇ ਮੁਤਾਬਕ ਇਸ ਮੁਲਕ ਦੇ ਸੈਰ-ਸਪਾਟੇ ਲਈ ਮਸ਼ਹੂਰ ਸ਼ਹਿਰ ਗੁਦੌਰੀ ਵਿੱਚ ਇੱਕ ਰੈਸਟੋਰੈਂਟ ਵਿੱਚ ਕੰਮ ਕਰਨ ਵਾਲੇ 12 ਜਣਿਆਂ ਦੀ ਸੁੱਤਿਆਂ ਹੋਏ ਦਮ ਘੁੱਟਣ ਕਾਰਨ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਜੌਰਜੀਆਂ ਵਿੱਚ ਪੰਜਾਬੀਆਂ ਦੀ ਮੌਜੂਦਗੀ ਵੀ ਚਰਚਾ ਵਿੱਚ ਆ ਗਈ ਹੈ।

**ਜੌਰਜੀਆਂ ਵਿੱਚ ਪੰਜਾਬੀ**

ਜੌਰਜੀਆਂ ਵਿੱਚ ਪੰਜਾਬੀਆਂ ਦੇ ਪਰਵਾਸ ਦਾ ਇਤਿਹਾਸ ਅਮਰੀਕਾ ਅਤੇ ਕੈਨੇਡਾ ਵਾਂਗ ਸਦੀਆਂ ਪੁਰਾਣਾ ਨਹੀਂ ਹੈ। ਮਹਿਜ਼ 37 ਲੱਖ ਦੀ ਆਬਾਦੀ ਵਾਲੇ ਜੌਰਜੀਆ ਨਾਲ ਪੰਜਾਬੀਆਂ ਦਾ ਰਿਸ਼ਤਾ ਕੁਝ ਦਹਾਕੇ ਪੁਰਾਣਾ ਹੀ ਹੈ। ਪਹਿਲਾਂ ਆਮ ਤੌਰ ਉੱਤੇ ਕੋਈ ਭਾਰਤੀ ਜਾਂ ਪੰਜਾਬੀ ਇੱਥੇ ਮੈਡੀਕਲ ਦੀ ਪੜ੍ਹਾਈ ਕਰਨ ਜਾਂਦਾ ਸੀ। ਪਰ 2012 ਤੋਂ ਬਾਅਦ ਇਹ ਮੁਲਕ ਪੰਜਾਬੀਆਂ ਖ਼ਾਸ ਤੌਰ ਉੱਤੇ ਕਿਸਾਨਾਂ ਵਿੱਚ ਕਾਫ਼ੀ ਮਕਬੂਲ ਹੋਇਆ। ਦਰਅਸਲ ਜੌਰਜੀਆਂ ਦੀ ਸਰਕਾਰ ਵੱਲੋਂ 2010 ਵਿੱਚ ਖੇਤੀਬਾੜੀ ਖੇਤਰ ਵਿੱਚ ਵਿਦੇਸ਼ੀ ਕਿਸਾਨਾਂ ਨੂੰ ਨਿਵੇਸ਼ ਕਰਨ ਲਈ ਖੁੱਲ੍ਹ ਦਿੱਤੀ। ਜਿਸ ਤੋਂ ਬਾਅਤ ਬਹੁਤ ਸਾਰੇ ਪੰਜਾਬੀ ਮੂਲ ਦੇ ਕਿਸਾਨਾਂ ਨੇ ਇਸ ਦੇਸ਼ ਦਾ ਰੁਖ਼ ਕੀਤਾ ਅਤੇ ਵਾਹੀਯੋਗ ਜ਼ਮੀਨਾਂ ਖ਼ਰੀਦੀਆਂ ਅਤੇ ਖੇਤੀ ਸ਼ੁਰੂ ਕੀਤੀ। ਜਾਣਕਾਰਾਂ ਮੁਤਾਬਕ ਕਿਸਾਨਾਂ ਦਾ ਜੌਰਜੀਆ ਵੱਲ ਇਹ ਰੁਝਾਨ 2016 ਤੱਕ ਰਿਹਾ।

ਜੌਰਜੀਆ ਸਰਕਾਰ ਵੱਲੋਂ ਨੀਤੀਆਂ ਵਿੱਚ ਬਦਲਾਅ ਕਰਨ ਤੋਂ ਬਾਅਦ ਕਿਸਾਨਾਂ ਦਾ ਇਸ ਦੇਸ਼ ਤੋਂ ਮੋਹ ਭੰਗ ਹੋ ਗਿਆ।

ਹਾਲਾਂਕਿ, ਪੰਜਾਬੀਆਂ ਦੀ ਜੌਰਜੀਆ ਵਿੱਚ ਗਿਣਤੀ ਦਾ ਕੋਈ ਅਧਿਕਾਰਤ ਅੰਕੜਾ ਮੌਜੂਦਾ ਨਹੀਂ ਹੈ ਪਰ ਉੱਥੇ ਰਹਿਣ ਵਾਲੇ ਲੋਕਾਂ ਮੁਤਾਬਕ 600-700 ਪੰਜਾਬੀ ਇਸ ਵਕਤ ਇਸ ਦੇਸ਼ ਵਿੱਚ ਮੌਜੂਦ ਹਨ, ਜੋ ਕਿ ਖੇਤੀਬਾੜੀ ਅਤੇ ਕਈ ਹੋਰ ਕਾਰੋਬਾਰ ਕਰ ਰਹੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਅੰਕੜੇ ਮੁਤਾਬਕ 5767 ਭਾਰਤੀ ਜੌਰਜੀਆ ਵਿੱਚ ਹਨ।

**ਪੰਜਾਬੀਆਂ ਨੇ ਕਦੋਂ ਕੀਤਾ ਜੌਰਜੀਆ ਦਾ ਰੁਖ਼**

2010 -12 ਦਰਮਿਆਨ ਪੰਜਾਬ ਦੇ ਇਮੀਗ੍ਰੇਸ਼ਨ ਕਾਰੋਬਾਰੀਆਂ ਨੇ ਅਖ਼ਬਾਰਾਂ ਅਤੇ ਮੀਡੀਆ ਦੇ ਹੋਰ ਮਾਧਿਅਮਾਂ ਰਾਹੀਂ ਵੱਡੇ-ਵੱਡੇ ਇਸ਼ਤਿਹਾਰਾਂ ਰਾਹੀਂ ਜੌਰਜੀਆ ਵਿੱਚ ਸਸਤੀਆਂ ਜ਼ਮੀਨਾਂ ਖ਼ਰੀਦਣ ਦਾ ਪ੍ਰਚਾਰ ਕੀਤਾ। ਪੰਜਾਬ ਵਿੱਚ ਵੱਖ-ਵੱਖ ਥਾਵਾਂ ਉੱਤੇ ਸੈਮੀਨਾਰ ਹੋਏ, ਜਿਸ ਵਿੱਚ ਆਮ ਲੋਕਾਂ ਖ਼ਾਸ ਤੌਰ ਉੱਤੇ ਕਿਸਾਨਾਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਰੂਸ ਤੋਂ ਵੱਖ ਹੋਣ ਤੋਂ ਬਾਅਦ ਜੌਰਜੀਆ ਦੇ ਛੇਤੀ ਹੀ ਯੂਰਪੀਅਨ ਯੂਨੀਅਨ ਦਾ ਹਿੱਸਾ ਬਣਨ ਦਾ ਪ੍ਰਚਾਰ ਵੀ ਇਹਨਾਂ ਸੈਮੀਨਾਰਾਂ ਵਿੱਚ ਕੀਤਾ ਗਿਆ। ਜੌਰਜੀਆਂ ਵਿੱਚ ਜ਼ਮੀਨ ਖਰੀਦਣ ਵਾਲੇ ਪਟਿਆਲਾ ਦੇ ਜੋਤਵਿੰਦਰ ਸਿੰਘ ਵੀ ਭਾਰਤੀ ਕਿਸਾਨਾਂ ਵਿੱਚੋਂ ਇਕ ਹਨ।

ਉਨ੍ਹਾਂ ਨੇ 2012 ਵਿੱਚ 25 ਹੈਕਟੇਅਰ ਵਾਹੀਯੋਗ ਜ਼ਮੀਨ ਵਿੱਚ ਨਿਵੇਸ਼ ਕੀਤਾ, ਇਸ ਦੇ ਨਾਲ ਹੀ ਉਨ੍ਹਾਂ ਨੂੰ ਉੱਥੋਂ ਦੀ ਪੱਕੀ ਰਿਹਾਇਸ਼ (ਪੀਆਰ) ਵੀ ਮਿਲ ਗਈ ਅਤੇ ਉਨ੍ਹਾਂ ਆਪਣਾ ਪਰਿਵਾਰ ਵੀ ਜੌਰਜੀਆਂ ਬੁਲਾ ਲਿਆ। ਉਨ੍ਹਾਂ ਦੱਸਿਆ ਕਿ ਜੌਰਜੀਆ ਦੀ ਸਰਕਾਰ ਨੇ ਸ਼ੁਰੂ ਵਿੱਚ ਭਾਰਤੀ ਕਿਸਾਨਾਂ ਦੀ ਬਹੁਤ ਮਦਦ ਕੀਤੀ ਅਤੇ ਸਥਾਨਕ ਲੋਕਾਂ ਦਾ ਰਵੱਈਆ ਵੀ ਚੰਗਾ ਰਿਹਾ। ਇੱਥੇ ਸਿੰਜਾਈ ਲਈ ਨਹਿਰਾਂ ਦਾ ਜਾਲ ਵਿਛਾਇਆ ਹੋਇਆ ਹੈ। ਜੋਤਵਿੰਦਰ ਸਿੰਘ ਮੁਤਾਬਕ 2015 ਤੋਂ ਬਾਅਦ ਜੌਰਜੀਆ ਦੀ ਸਰਕਾਰ ਨੇ ਵਿਦੇਸ਼ੀ ਲੋਕਾਂ ਦੇ ਉੱਥੇ ਜ਼ਮੀਨ ਖ਼ਰੀਦਣ ਦੀ ਨੀਤੀ ਵਿੱਚ ਬਦਲਾਅ ਕਰ ਦਿੱਤਾ, ਜਿਸ ਤੋਂ ਬਾਅਦ ਕਿਸਾਨ ਨੇ ਉੱਥੇ ਜਾਣਾ ਬੰਦ ਕਰ ਦਿੱਤਾ ਹੈ। ਜੀਵਨਜੋਤ ਸਿੰਘ ਹੁਣ ਜੌਰਜੀਆ ਛੱਡ ਚੁੱਕੇ ਹਨ ਪਰ ਉਨ੍ਹਾਂ ਦੀ ਜ਼ਮੀਨ ਅਜੇ ਵੀ ਉੱਥੇ ਹੈ। ਉਨ੍ਹਾਂ ਮੁਤਾਬਕ ਉਹ ਅਕਸਰ ਉੱਥੇ ਆਉਂਦੇ ਜਾਂਦੇ ਹਨ ਪਰ ਆਪਣਾ ਕਾਰੋਬਾਰ ਉਨ੍ਹਾਂ ਪੰਜਾਬ ਵਿੱਚ ਹੀ ਸਥਾਪਤ ਕਰ ਲਿਆ ਹੈ।

**ਖੇਤੀ ਤੋਂ ਇਲਾਵਾ ਪੰਜਾਬੀਆਂ ਦੇ ਕੀ ਕਾਰੋਬਾਰ**

ਪਿਛਲੇ 12 ਸਾਲਾਂ ਵਿੱਚ ਜੌਰਜੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਪੰਜਾਬੀਆਂ ਨੇ ਆਪਣੇ ਟਿਕਾਣੇ ਬਣਾਏ ਹੋਏ ਹਨ, ਜਿਨ੍ਹਾਂ ਵਿੱਚ ਤਬਿਲਿਸੀ, ਗਰਦਾਬਾਨੀ, ਗੁਰਜਾਨੀ, ਰੁਸਤਵੀ ਅਤੇ ਸਮਗਰੇਲੋ ਅਤੇ ਤਸਨੌਰੀ ਪ੍ਰਮੁੱਖ ਹਨ। ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਫੂਲ ਦੇ ਧਮਾਲੀ ਪਿੰਡ ਦੇ ਧਰਮ ਸਿੰਘ ਜੌਰਜੀਆ ਦੀ ਰਾਜਧਾਨੀ ਤਬਿਲਿਸੀ ਵਿੱਚ ਗਰੌਸਰੀ ਸਟੋਰ ਦੇ ਮਾਲਕ ਹਨ। ਧਰਮ ਸਿੰਘ 2014 ਵਿੱਚ ਖੇਤੀ ਕਰਨ ਦੇ ਮਕਸਦ ਨਾਲ ਜੌਰਜੀਆ ਆਏ ਸਨ ਅਤੇ ਉਨ੍ਹਾਂ ਭਾਰਤ ਦੇ ਮਹਿਜ਼ ਡੇਢ ਲੱਖ ਰੁਪਏ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਜ਼ਮੀਨ ਖ਼ਰੀਦੀ ਸੀ, ਇੱਕ ਹੈਕਟੇਅਰ ਪੰਜਾਬ ਦੇ ਢਾਈ ਕਿੱਲਿਆਂ ਦੇ ਆਸਪਾਸ ਹੁੰਦੀ ਹੈ। ਧਰਮ ਸਿੰਘ ਨੇ ਦੱਸਿਆ ਕਿ ਜ਼ਮੀਨਾਂ ਇੱਥੇ ਸਸਤੀਆਂ ਸਨ, ਇਸ ਕਰ ਕੇ ਉਨ੍ਹਾਂ ਇਸ ਦੇਸ਼ ਦਾ ਰੁਖ਼ ਕੀਤਾ। ਉਨ੍ਹਾਂ ਦੱਸਿਆ ਕਿ ਸ਼ੁਰੂ ਵਿੱਚ ਉਨ੍ਹਾਂ ਖੇਤੀਬਾੜੀ ਕੀਤੀ ਪਰ ਬਾਅਦ ਵਿੱਚ ਉਨ੍ਹਾਂ ਨੇ ਆਪਣਾ ਕਾਰੋਬਾਰ ਸਥਾਪਤ ਕਰ ਲਿਆ। ਜੌਰਜੀਆ ਦੀ ਰਾਜਧਾਨੀ ਤਬਿਲਿਸੀ ਵਿੱਚ "ਬਾਬੇ ਦੀ ਹੱਟੀ" ਨਾਮਕ ਗਰੌਸਰੀ ਸਟੋਰ ਦੇ ਮਾਲਕ ਧਰਮ ਸਿੰਘ ਨੇ ਦੱਸਿਆ ਕਿ 700 ਦੇ ਕਰੀਬ ਪੰਜਾਬੀ ਇਸ ਸਮੇਂ ਇੱਥੇ ਹਨ ਅਤੇ ਖੇਤੀਬਾੜੀ ਦੇ ਨਾਲ-ਨਾਲ ਉਹ ਆਪਣਾ ਕਾਰੋਬਾਰ ਜਿਵੇਂ ਰੇਸਤਰਾਂ, ਗਰੌਸਰੀ ਸਟੋਰ ਅਤੇ ਡਿਲਿਵਰੀ ਦੇ ਕੰਮ ਕਰਦੇ ਹਨ। ਜੌਰਜੀਆ ਦੀ ਪੀਆਰ ਹਾਸਲ ਕਰ ਚੁੱਕੇ ਧਰਮ ਸਿੰਘ ਆਖਦੇ ਹਨ ਕਿ ਉਨ੍ਹਾਂ ਦਾ ਪਰਿਵਾਰ ਇਸ ਸਮੇਂ ਉਨ੍ਹਾਂ ਦੇ ਨਾਲ ਹੈ ਅਤੇ ਬੱਚੇ ਜੌਰਜੀਆ ਦੇ ਸਕੂਲਾਂ ਵਿੱਚ ਹੀ ਸਿੱਖਿਆ ਹਾਸਲ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇੱਥੋਂ ਦੇ ਮੂਲ ਵਾਸੀ ਲੋਕ ਬਹੁਤ ਚੰਗੇ ਹਨ ਅਤੇ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਉਨ੍ਹਾਂ ਨੂੰ ਪਿਛਲੇ ਸਾਲਾਂ ਦੌਰਾਨ ਨਿੱਜੀ ਤੌਰ ਉੱਤੇ ਦੇਖਣ ਨੂੰ ਨਹੀਂ ਮਿਲਿਆ।

**ਪੰਜਾਬੀ ਕਿਸਾਨਾਂ ਦਾ ਪਰਵਾਸ ਕਿਉਂ ਘਟਿਆ**

ਧਰਮ ਸਿੰਘ ਨੇ ਦੱਸਿਆ ਕਿ ਵਿਦੇਸ਼ੀਆਂ ਦੇ ਖੇਤੀਯੋਗ ਜ਼ਮੀਨ ਖ਼ਰੀਦਣ ਦੀ ਨੀਤੀ ਵਿੱਚ ਤਬਦੀਲੀ ਕੀਤੇ ਜਾਣ ਤੋਂ ਬਾਅਦ ਪੰਜਾਬੀਆਂ ਖ਼ਾਸ ਤੌਰ ਉੱਤੇ ਕਿਸਾਨਾਂ ਦਾ ਇੱਥੇ ਆਉਣਾ ਘੱਟ ਗਿਆ। ਉਨ੍ਹਾਂ ਆਖਿਆ ਕਿ ਪਹਿਲਾਂ ਜੇਕਰ ਕੋਈ ਵਿਦੇਸ਼ੀ ਵਿਅਕਤੀ ਜੌਰਜੀਆ ਵਿੱਚ ਜ਼ਮੀਨ ਦੀ ਖਰੀਦ ਕਰਦਾ ਸੀ ਤਾਂ ਉਹ ਉਸ ਦੇ ਨਾਮ ਹੁੰਦੀ ਸੀ ਪਰ 2014 ਤੋਂ ਬਾਅਦ ਇਹ ਨਿਯਮ ਬਦਲ ਗਿਆ ਤਾਂ ਕਿਸਾਨਾਂ ਨੇ ਇੱਥੇ ਆਉਣ ਬੰਦ ਕਰ ਦਿੱਤਾ। ਧਰਮ ਸਿੰਘ ਮੁਤਾਬਕ ਜੌਰਜੀਆ ਦਾ ਮੌਸਮ ਹਿਮਾਚਲ ਪ੍ਰਦੇਸ਼ ਵਾਂਗ ਹੈ ਅਤੇ ਇੱਥੇ ਪੰਜਾਬੀਆਂ ਦਾ ਇੱਕ ਗੁਰਦੁਆਰਾ ਸਾਹਿਬ ਹੈ, ਜਿੱਥੇ ਹਰ ਐਤਵਾਰ ਨੂੰ ਸੰਗਤ ਜੁੜਦੀ ਹੈ।

ਜੌਰਜੀਆ ਦੀ ਰਾਜਧਾਨੀ ਤਬਿਲਿਸੀ ਵਿੱਚ ਟੂਰ ਅਤੇ ਟਰੈਵਲ ਦਾ ਕਾਰੋਬਾਰ ਕਰ ਰਹੇ ਨਵਜੋਤ ਸਿੰਘ ਉਰਫ਼ ਰਾਜਾ ਆਖਦੇ ਹਨ ਕਿ ਮੈਡੀਕਲ ਸਿੱਖਿਆ ਦੀ ਪ੍ਰਾਪਤ ਲਈ ਭਾਰਤੀਆਂ ਦੇ ਇੱਥੇ ਆਉਣ ਦੇ ਰੁਝਾਨ ਵਿੱਚ ਵਾਧਾ ਹੋਇਆ ਹੈ ਪਰ ਪੰਜਾਬੀ ਕਿਸਾਨਾਂ ਦਾ ਹੁਣ ਇਸ ਦੇਸ਼ ਤੋਂ ਮੋਹ ਭੰਗ ਹੋ ਗਿਆ ਹੈ। ਉਨ੍ਹਾਂ ਮੁਤਾਬਕ ਸ਼ੁਰੂ ਵਿੱਚ ਬਹੁਤ ਸਾਰੇ ਕਿਸਾਨਾਂ ਨੇ ਇੱਥੇ ਜ਼ਮੀਨਾਂ ਖਰੀਦੀਆਂ ਪਰ ਬਾਅਦ ਵਿੱਚ ਦਿੱਕਤਾਂ ਦੇ ਚੱਲਦੇ ਹੋਏ ਕੁਝ ਤਾਂ ਵੇਚ ਗਏ ਅਤੇ ਕੁਝ ਸਭ ਕੁਝ ਇੱਥੇ ਹੀ ਛੱਡ ਕੇ ਵਾਪਸ ਪਰਤ ਗਏ। 2014 ਵਿੱਚ ਸਥਾਨਕ ਸਰਕਾਰ ਨੇ ਲੀਜ਼ ਉੱਤੇ ਜ਼ਮੀਨ ਲੈਣ ਦਾ ਨਿਯਮ ਬਣਾ ਦਿੱਤਾ, ਜਿਸ ਕਾਰਨ ਜ਼ਿਆਦਾਤਰ ਕਿਸਾਨ ਜ਼ਮੀਨਾਂ ਇੱਥੋਂ ਵੇਚ ਕੇ ਚਲੇ ਗਏ ਅਤੇ ਸਿਰਫ਼ 10 ਫ਼ੀਸਦੀ ਪੰਜਾਬੀ ਕਿਸਾਨ ਹੀ ਹੁਣ ਇੱਥੇ ਖੇਤੀ ਕਰਦੇ ਹਨ। ਉਨ੍ਹਾਂ ਮੁਤਾਬਕ ਭਾਰਤੀ ਕਿਸਾਨ ਇਥੇ ਕਣਕ, ਮੱਕੀ ਅਤੇ ਸੂਰਜਮੁਖੀ ਦੀ ਜ਼ਿਆਦਾਤਰ ਖੇਤੀ ਕਰਦੇ ਹਨ। ਉਨ੍ਹਾਂ ਆਖਿਆ ਕਿ ਕੁਝ ਕਿਸਾਨ ਇੱਥੇ ਟਿਕੇ ਹੋਏ ਹਨ, ਜੋ ਇਸ ਸਮੇਂ ਖੇਤੀ ਕਰਦੇ ਹਨ। ਉਨ੍ਹਾਂ ਕਿਹਾ ਕਿ ਸ਼ੁਰੂ ਵਿੱਚ ਪੰਜਾਬੀ ਕਿਸਾਨਾਂ ਨੂੰ ਸਥਾਨਕ ਲੋਕਾਂ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ ਕਿਉਂਕਿ ਸਰਕਾਰ ਵੱਲੋਂ ਵਾਹੀਯੋਗ ਜ਼ਮੀਨ ਵਿੱਚ ਨਿਵੇਸ਼ ਕਰਨ ਵਾਲੇ ਕਿਸਾਨਾਂ ਨੂੰ ਕਾਫ਼ੀ ਸਹੂਲਤਾਂ ਦਿੱਤੀਆਂ ਗਈਆਂ, ਜਿਸ ਦਾ ਸਥਾਨਕ ਕਿਸਾਨਾਂ ਵੱਲੋਂ ਵਿਰੋਧ ਕੀਤਾ ਗਿਆ। ਪੰਜਾਬੀਆਂ ਦੀ ਮੌਜੂਦਾ ਸਥਿਤੀ ਦੀ ਗੱਲ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਪੰਜਾਬ ਅਤੇ ਹਰਿਆਣਾ ਦੇ ਨੌਜਵਾਨ ਇੱਥੇ ਆਏ ਹਨ ਅਤੇ ਖੇਤੀਬਾੜੀ ਦੀ ਥਾਂ ਨਵੇਂ ਕੰਮ ਜਿਵੇਂ ਰੇਸਤਰਾਂ ਅਤੇ ਸਾਮਾਨ ਦੀ ਢੋਆ-ਢੁਆਈ ਦੇ ਕੰਮ ਕਰਨ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ।

ਧੰਨਵਾਦ ਸਹਿਤ ਬੀਬੀਸੀ ਪੰਜਾਬੀ

# ਮਨੂ ਭਾਕਰ ਨੂੰ ਖੇਲ ਰਤਨ ਨਾ ਮਿਲਣ ਦੀਆਂ ਚਰਚਾਵਾਂ 'ਤੇ ਵਿਵਾਦ, ਪਿਤਾ ਨੇ ਚੁੱਕੇ ਸਵਾਲ

**ਹਰਪਿੰਦਰ ਸਿੰਘ ਟੌਹੜਾ**

"ਜੋ ਚੀਜ਼ ਸਮੇਂ ਮੁਤਾਬਕ ਹੋ ਜਾਵੇ ਓਹੀ ਚੰਗੀ ਲੱਗਦੀ ਹੈ। ਸਮੇਂ ਨਾਲ ਨਾ ਮਿਲੀ ਚੀਜ਼ ਦਾ ਮਤਲਬ ਨਹੀਂ ਰਹਿ ਜਾਂਦਾ।" ਇਹ ਸ਼ਬਦ ਪੈਰਿਸ ਓਲੰਪਿਕ ਵਿਚ ਦੋ ਮੈਡਲ ਜਿੱਤਣ ਵਾਲੇ ਨਿਸ਼ਾਨੇਬਾਜ਼ ਮਨੂ ਭਾਕਰ ਦੇ ਪਿਤਾ ਰਾਮਕਿਸ਼ਨ ਦੇ ਹਨ। ਮਨੂ ਭਾਕਰ ਦੇ ਪਿਤਾ ਨੇ ਇਹ ਇਸ ਲਈ ਕਿਹਾ ਕਿਉਂ ਕਿ ਚਰਚਾਵਾਂ ਨੇ ਕਿ ਮਨੂ ਨੂੰ ਮੇਜਰ ਧਿਆਨ ਚੰਦ ਖੇਲ ਰਤਨ ਲਈ ਨਹੀਂ ਚੁਣਿਆ ਗਿਆ। ਚਰਚਾਵਾਂ ਹਨ ਕਿ ਖੇਲ ਰਤਨ ਤੈਅ ਕਰਨ ਵਾਲੀ ਕਮੇਟੀ ਨੇ ਜੋ ਸੂਚੀ ਤਿਆਰ ਕੀਤੀ ਹੈ ਉਸ ਵਿਚ ਮਨੂ ਭਾਕਰ ਦਾ ਨਾਮ ਨਹੀਂ ਹੈ। ਸ਼ੂਟਰ ਮਨੂ ਭਾਕਰ ਨੇ ਪੈਰਿਸ ਓਲੰਪਿਕ ਵਿਚ ਦੋ ਕਾਂਸੇ ਦੇ ਤਗਮੇ ਜਿੱਤੇ ਸਨ।

ਸਾਲ 2021 ਵਿੱਚ ਮਨੂ ਭਾਕਰ ਨੇ ਬੀਬੀਸੀ ਇਮਜਰਿੰਗ ਇੰਡੀਅਨ ਸਪੋਰਟਸਵੂਮੈਨ ਆਫ ਦਿ ਈਅਰ 2020 ਐਵਾਰਡ ਜਿੱਤਿਆ ਸੀ।

'ਬੀਬੀਸੀ ਇੰਡੀਅਨ ਸਪੋਰਟਸਵੂਮੈਨ ਆਫ ਦਿ ਈਅਰ' ਦੇ ਤਹਿਤ 'ਬੀਬੀਸੀ ਇਮਜਰਿੰਗ ਇੰਡੀਅਨ ਸਪੋਰਟਸਵੂਮੈਨ ਆਫ ਦਿ ਈਅਰ 2020' ਕੈਟੇਗਰੀ ਵਿੱਚ ਉਭਰਤੀ ਮਹਿਲਾ ਖਿਡਾਰੀ ਦਾ ਸਨਮਾਨ ਕੀਤਾ ਜਾਂਦਾ ਹੈ।

'ਬੀਬੀਸੀ ਇੰਡੀਅਨ ਸਪੋਰਟਸਵੂਮੈਨ ਆਫ ਦਿ ਈਅਰ' ਦਾ ਮਕਸਦ ਹੈ ਭਾਰਤੀ ਮਹਿਲਾ ਖਿਡਾਰੀਆਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਸਨਮਾਨਿਤ ਕਰਨਾ, ਮਹਿਲਾ ਖਿਡਾਰੀਆਂ ਦੀਆਂ ਚੁਣੌਤੀਆਂ 'ਤੇ ਚਰਚਾ ਕਰਨਾ ਅਤੇ ਉਨ੍ਹਾਂ ਦੀਆਂ ਸੁਣੀਆਂ-ਅਣਸੁਣੀਆਂ ਕਹਾਣੀਆਂ ਨੂੰ ਦੁਨੀਆ ਦੇ ਸਾਹਮਣੇ ਲੈ ਕੇ ਆਉਣਾ ਹੈ।

**ਨਾਮ ਨਾ ਆਉਣ ਦੀਆਂ ਚਰਚਾਵਾਂ 'ਤੇ ਕੀ ਬੋਲੀ ਮਨੂ**

ਮਨੂ ਭਾਕਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਉੱਤੇ ਲਿਖਿਆ, "ਸਭ ਤੋਂ ਵੱਡੇ ਖੇਲ ਰਤਨ ਪੁਰਸਕਾਰ ਲਈ ਮੇਰੀ ਨਾਮਜ਼ਗਦੀ ਦੇ ਮੁੱਦੇ 'ਤੇ ਜਾਰੀ ਵਿਵਾਦ ਦੇ ਵਿਚ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਐਥਲੀਟ ਦੇ ਤੌਰ 'ਤੇ ਮੇਰਾ ਕੰਮ ਦੇਸ਼ ਦੇ ਲਈ ਖੇਡਣਾ ਅਤੇ ਚੰਗਾ ਪ੍ਰਦਰਸ਼ਨ ਕਰਨਾ ਹੈ। ਪੁਰਸਕਾਰ ਤੇ ਸਨਮਾਨ ਮੈਨੂੰ ਉਤਸ਼ਾਹਿਤ ਕਰਦੇ ਹਨ ਪਰ ਇਹ ਮੇਰਾ ਟੀਚਾ ਨਹੀਂ ਹੈ,"

"ਮੇਰਾ ਮੰਨਣਾ ਹੈ ਕਿ ਨਾਮਜ਼ਦਗੀ ਭਰਦੇ ਸਮੇਂ ਮੇਰੇ ਵੱਲੋਂ ਕੋਈ ਕਮੀ ਰਹੀ, ਜਿਸ ਨੂੰ ਹੁਣ ਠੀਕ ਕਰ ਲਿਆ ਗਿਆ ਹੈ।



ਪੁਰਸਕਾਰ ਮਿਲੇ ਜਾਂ ਨਾ ਮਿਲੇ, ਮੈਨੂੰ ਦੇਸ਼ ਲਈ ਅਤੇ ਮੈਡਲ ਜਿੱਤਣ ਦੇ ਲਈ ਉਤਸ਼ਾਹਿਤ ਰਹਿਣਾ ਚਾਹੀਦਾ। ਮੇਰੀ ਸਭ ਨੂੰ ਬੇਨਤੀ ਹੈ ਕਿ ਇਸ ਮਾਮਲੇ 'ਤੇ ਕਿਆਸ ਨਾ ਲਾਉਣ।"

**ਮਨੂ ਭਾਕਰ ਦੇ ਪਿਤਾ ਰਾਮਕਿਸ਼ਨ ਨੇ ਕੀ ਕਿਹਾ ?**

ਮਨੂ ਭਾਕਰ ਦੇ ਪਿਤਾ ਨੇ ਖੇਡਾਂ ਦਾ ਸਭ ਤੋਂ ਵੱਡਾ ਐਵਾਰਡ ਆਪਣੀ ਧੀ ਨੂੰ ਨਾ ਮਿਲਣ ਦੀਆਂ ਚਰਚਾਵਾਂ ਦਰਮਿਆਨ ਬੀਬੀਸੀ ਨਾਲ ਖ਼ਾਸ ਗੱਲਬਾਤ ਦੌਰਾਨ ਨਿਰਾਸ਼ਾ ਪ੍ਰਗਟਾਈ।

ਮਨੂ ਭਾਕਰ ਦੇ ਪਿਤਾ ਰਾਮਕਿਸ਼ਨ ਨੇ ਗੁੱਸਾ ਅਫ਼ਸਰਾਂ ਖਿਲਾਫ਼ ਕੱਢਿਆ।

ਮਨੂ ਦੇ ਪਿਤਾ ਰਾਮਕਿਸ਼ਨ ਨੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਕ ਛੋਟਾ ਜਿਹਾ ਅਫ਼ਸਰ ਲੱਖਾਂ ਖਿਡਾਰੀਆਂ ਦੀ ਜ਼ਿੰਦਗੀ ਖਰਾਬ ਕਰ ਦਿੰਦਾ ਹੈ।

**ਕੀ ਮਨੂ ਭਾਕਰ ਨੇ ਖੇਲ ਰਤਨ ਲਈ ਅਪਲਾਈ ਕੀਤਾ ਸੀ ?**

ਮਨੂ ਭਾਕਰ ਦੇ ਪਿਤਾ ਨੇ ਕਿਹਾ ਕਿ ਇਹ ਸਵਾਲ ਹੀ ਨਹੀਂ ਬਣਦਾ ਕਿ ਐਵਾਰਡ ਲਈ ਅਪਲਾਈ ਕੀਤਾ ਜਾ ਨਹੀਂ।

ਉਨ੍ਹਾਂ ਕਿਹਾ, "ਮਨੂ ਨੇ ਕੋਈ ਨੌਕਰੀ ਨਹੀਂ ਲੈਣੀ ਸੀ ਕਿ ਉਸਦੇ ਲਈ ਅਪਲਾਈ ਕੀਤਾ ਜਾਵੇ।

ਐਵਾਰਡ ਸਰਕਾਰ ਵਲੋਂ ਖਿਡਾਰੀ ਦੇ ਮਾਣ ਸਨਮਾਨ ਲਈ ਦਿੱਤੇ ਜਾਂਦੇ ਹਨ। ਮੈਂ ਪਿਛਲੇ 5 ਸਾਲਾਂ ਤੋਂ ਦੇਖ ਰਿਹਾਂ ਹਾਂ ਕਿ ਬਹੁਤ ਸਾਰੇ ਖਿਡਾਰੀ ਅਜਿਹੇ ਹਨ ਜਿਨ੍ਹਾਂ ਨੇ ਅਪਲਾਈ ਹੀ ਨਹੀਂ ਕੀਤਾ।

ਰਾਮਕਿਸ਼ਨ ਨੇ ਕਿਹਾ ਅਸੀਂ ਪਿਛਲੇ 3-4 ਸਾਲ ਤੋਂ ਅਪਲਾਈ ਕਰਦੇ ਆ ਰਹੇ ਸੀ ਪਰ ਬਾਵਜੂਦ ਇਸਦੇ ਕੋਈ ਐਵਾਰਡ ਨਹੀਂ ਮਿਲਿਆ। ਉਨ੍ਹਾਂ ਕਿਹਾ ਅਸੀਂ ਖੇਲ ਰਤਨ, ਪਦਮ ਭੂਸ਼ਣ ਤੇ ਪਦਮ ਵਿਭੂਸ਼ਣ ਲਈ ਅਪਲਾਈ ਕਰ ਚੁੱਕੇ ਹਾਂ।"

ਉਨ੍ਹਾਂ ਕਿਹਾ ਐਵਾਰਡ ਲਈ ਅਪਲਾਈ ਕਰਨਾ ਤਾਂ ਇਕ ਬਹਾਨਾ ਹੈ ਵਿਵਾਦ ਬਣਾਉਣ ਲਈ।

ਉਨ੍ਹਾਂ ਕਿਹਾ ਅਪਲਾਈ ਕਰਨ ਵਾਲਿਆਂ ਨੂੰ ਕਦੇ ਵੀ ਐਵਾਰਡ ਨਹੀਂ ਦਿੱਤੇ ਜਾਂਦੇ, ਜਿਸ ਨੂੰ ਐਵਾਰਡ ਦੇਣਾ ਹੁੰਦਾ ਹੈ ਉਸਦੀ ਲਿਸਟ ਪਹਿਲਾਂ ਹੀ ਤਿਆਰ ਹੁੰਦੀ ਹੈ, ਕਮੇਟੀ ਸਿਰਫ਼ ਉਸ 'ਤੇ ਮੋਹਰ ਲਾਉਂਦੀ ਹੈ।

**ਕੀ ਤੁਸੀਂ ਖੇਡ ਮੰਤਰਾਲੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ?**

ਇਸ ਸਵਾਲ ਦੇ ਜਵਾਬ ਵਿਚ ਮਨੂ ਭਾਕਰ ਦੇ ਪਿਤਾ ਰਾਮਕਿਸ਼ਨ ਨੇ ਕਿਹਾ ਕਿ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਲਿਖਿਆ ਗਿਆ ਹੈ ਕਿ ਮਨੂ ਪਹਿਲੀ ਮਹਿਲਾ ਸ਼ੂਟਰ ਹੈ ਜਿਸਨੇ ਇਕ ਓਲੰਪਿਕ 'ਚੋਂ ਦੋ ਮੈਡਲ ਜਿੱਤੇ ਹੋਣ। ਫਿਰ ਵੀ ਸਾਨੂੰ ਅਪੀਲ ਕਰਨੀ ਪਵੇਗੀ ਕਿ ਐਵਾਰਡ ਦਿੱਤਾ ਜਾਵੇ ਇਹ ਮੈਂ ਨਹੀਂ ਮੰਨਦਾ।

ਰਾਮਕਿਸ਼ਨ ਨੇ ਕਿਹਾ ਕਿ ਹੁਣ ਚੰਗਾ ਹੋਵੇਗਾ ਖੇਡ ਮੰਤਰਾਲਾ ਆਪਣੀ ਗਲਤੀ ਵਿਚ ਸੁਧਾਰ ਕਰੇ ਤੇ ਮਨੂ ਨੂੰ ਖੇਲ ਰਤਨ ਦੇ ਦਵੇ।

**ਕੀ ਕੋਈ ਅਪੀਲ ਵੀ ਕਰੋਗੇ ?**

ਰਾਮਕਿਸ਼ਨ ਨੇ ਕਿਹਾ ਜੇਕਰ ਮਨੂ ਭਾਕਰ ਨੂੰ ਖੇਲ ਰਤਨ ਨਹੀਂ ਦਿੱਤਾ ਜਾਂਦਾ ਤਾਂ ਉਹ ਕਦੇ ਵੀ ਕਿਸੇ ਅੱਗੇ ਅਪੀਲ ਨਹੀਂ ਕਰਨਗੇ। ਅਪੀਲ ਕਰਨਾ ਇਕ ਖਿਡਾਰੀ ਦੀ ਆਪਣੇ ਆਪ ਵਿਚ ਬੇਇੱਜ਼ਤੀ ਹੈ। ਇਹ ਸਰਕਾਰ ਦਾ ਫੈਸਲਾ ਹੈ ਕਿ ਐਵਾਰਡ ਦੇਣਾ ਹੈ ਜਾਂ ਨਹੀਂ,ਅਸੀਂ ਅਪੀਲ ਕਿਉਂ ਕਰਾਂਗੇ ?

ਮਨੂ ਦੇ ਮਨ ਅੰਦਰ ਕਿੰਨੀ ਨਿਰਾਸ਼ਾ ਹੋਈ ?

ਰਾਮਕਿਸ਼ਨ ਨੇ ਦੱਸਿਆ ਕਿ ਜਦੋਂ ਮਨੂ ਨੂੰ ਪਤਾ ਲੱਗਿਆ ਕਿ ਉਸ ਨੂੰ ਖੇਲ ਰਤਨ ਨਾ ਮਿਲਣ ਦੀਆਂ ਚਰਚਾਵਾਂ ਹੋ ਰਹੀਆਂ ਹਨ ਤਾਂ ਉਸਨੇ ਕਿਹਾ "ਪਾਪਾ, ਜੋ ਕੰਮ ਮੈਂ ਕਰਨਾ ਸੀ ਉਹ ਕਰ ਦਿੱਤਾ, ਐਵਾਰਡ ਨਹੀਂ ਮਿਲ ਰਿਹਾ ਇਹ ਖੇਡ ਮੰਤਰਾਲਾ ਸੋਚੇ ਜਾਂ ਦੇਸ਼ ਵਾਸੀ ਸੋਚਣ, ਮੈਂ ਚੰਗਾ ਕੰਮ ਕੀਤਾ ਹੈ ਮੈਂ ਇਸ ਲਈ ਡਿਜ਼ਰਵ ਕਰਦੀ ਸੀ" ਮਨੂ ਨੇ ਕਿਹਾ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਸਮੇਂ ਸਿਰ ਐਵਾਰਡ ਮਿਲਣੇ ਚਾਹੀਦੇ ਹਨ।

# ਇੰਡੀਆ ਕਲਚਰਲ ਸੈਂਟਰ
# ਗੁਰਦਵਾਰਾ ਨਾਨਕ ਨਿਵਾਸ




**8600 - No. 5 RD., RICHMOND, B.C. • Tel : (604) 274-7479, Fax : (604) 274-0046**

ਤਹੀ ਪ੍ਰਕਾਸ਼ ਹਮਾਰਾ ਭਯੋਂ॥ ਪਟਨਾ ਸਹਰ ਬਿਖੈ ਭਵ ਲਯੋਂ॥

## ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2025 ਦੀਆਂ ਆਪ ਸਭ ਨੂੰ ਲੱਖ ਲੱਖ ਮੁਬਾਰਕਾਂ

**ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ ਜੀ**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ : 3 ਜਨਵਰੀ, ਦਿਨ ਸ਼ੁੱਕਰਵਾਰ ਸਵੇਰੇ, 10:00 ਵਜੇ**
**ਭੋਗ ਸ੍ਰੀ ਅਖੰਡ ਪਾਠ ਸਾਹਿਬ : 5 ਜਨਵਰੀ, ਦਿਨ ਐਤਵਾਰ ਸਵੇਰੇ 10:00 ਵਜੇ**

ਭੋਗ ਉਪਰੰਤ ਸਜੇ ਦੀਵਾਨ ਵਿੱਚ ਗੁਣੀ ਗਿਆਨੀ, ਵਿਦਵਾਨ ਸੱਜਣ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੇ ਚਾਨਣਾ ਪਾਉਣਗੇ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹੁੰਮ-ਹੁਮਾ ਕੇ ਦਰਸ਼ਣ ਦਿਓ ਜੀ।

## ਨਵੇਂ ਸਾਲ 2025 ਦੀ ਆਮਦ 'ਤੇ ਪ੍ਰੋਗਰਾਮ

31 ਦਸੰਬਰ ਦਿਨ ਮੰਗਲਵਾਰ ਸਾਲ 2024 ਨੂੰ ਅਲਵਿਦਾ ਕਹਿਣ ਲਈ ਅਤੇ ਨਵੇਂ ਸਾਲ 2025 ਨੂੰ ਜੀ ਆਇਆਂ ਕਹਿਣ ਲਈ ਸ਼ਾਮ 5:00 ਵਜੇ ਤੋਂ ਰਾਤ 12:00 ਵਜੇ ਤੱਕ ਕੀਰਤਨ ਦਰਬਾਰ ਸਜਾਇਆ ਜਾਵੇਗਾ ਅਤੇ 12:01 ਵਜੇ ਜੈ ਕਾਰਿਆਂ ਦੀ ਗੂੰਜ ਨਾਲ ਨਵੇਂ ਸਾਲ ਦਾ ਸਵਾਗਤ ਕੀਤਾ ਜਾਵੇਗਾ। 1 ਜਨਵਰੀ ਦਿਨ ਬੁੱਧਵਾਰ ਨੂੰ ਸਵੇਰੇ 9:00 ਵਜੇ ਤੋਂ ਰਾਤ 8:00 ਵਜੇ ਤੱਕ ਕੀਰਤਨ ਦੀਵਾਨ ਅਤੇ ਕਥਾ ਵਿਚਾਰਾਂ ਹੋਣਗੀਆਂ ਉਪਰੰਤ ਅਰਦਾਸ ਅਤੇ ਸੋਹਲਾ ਸਾਹਿਬ ਦੇ ਪਾਠ ਉਪਰੰਤ ਸਮਾਪਤੀ ਹੋਵੇਗੀ।

ਲੰਗਰ ਦੀ ਸੇਵਾ ਸੰਗਤ ਵਲੋਂ ਅਤੇ ਪ੍ਰਬੰਧਕ ਕਮੇਟੀ ਵਲੋਂ ਹੋਵੇਗੀ।

ਜ਼ਰੂਰੀ ਸੂਚਨਾ : 5 ਜਨਵਰੀ ਦਿਨ ਐਤਵਾਰ ਤੋਂ ਪੰਜਾਬੀ ਸਕੂਲ ਦੀਆਂ ਕਲਾਸਾਂ ਸ਼ੁਰੂ ਹੋ ਜਾਣਗੀਆਂ। ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਾਓ ਤਾਂ ਜੋ ਬੱਚੇ ਪੰਜਾਬੀ ਪੜ੍ਹ, ਬੋਲ ਅਤੇ ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਬਲਵੰਤ ਸਿੰਘ ਸੰਘੇੜਾ ਨਾਲ ਫੋਨ ਨੰਬਰ 604-836-8976 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਹੋਰ ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੀ ਵੈੱਬਸਾਈਟ 'ਤੇ ਜਾਓ www.nanakniwas.ca

## ਗੁਰਦਵਾਰਾ ਸਾਹਿਬ ਦਾ ਫੋਨ ਨੰਬਰ (604-274-7479)

# HAPPY NEW YEAR 2025


## ਆਪ ਸਭ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਮੁਬਾਰਕਾਂ

ਅਸੀਂ ਆਸ ਕਰਦੇ ਹਾਂ ਕਿ ਨਵਾਂ ਸਾਲ ਤੁਹਾਡੇ ਸਭ ਲਈ


ਤਰੱਕੀ ਅਤੇ ਖੁਸ਼ੀਆਂ ਲੈ ਕੇ ਆਏ...

ATLAS ANIMAL HOSPITAL

# ATLAS ANIMAL HOSPITAL


*Dogs & Puppies*


*Cat & Kittens*


*Senior Pets*


*Rabbits*


*Ferrets*


*Hamsters*

We are Open 24/7


## Full Service Animal Hospital

- Clinical Pathology
- Vaccination & Check Up
- Radiology (X-Ray)
- Spaying & Neutering
- Digital X-Ray Machine
- Surgery & Dentistry
- Pet Foods & Supplies
- Diagnostic Medicine

**We Offer Laser Services**

ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।




Dr. Hakam Bhullar

**604-301-0300** 5696 Fraser Street @ 41st AVE Vancouver V5W 2Z4

**www.atlasvet.ca**



# ਗੁਰਦੁਆਰਾ ਸਾਹਿਬ ਬਰੁੱਕਸਾਈਡ

ਇਸ ਦੀ ਸਰਪਰੱਸਤ ਕੈਨੇਡੀਅਨ ਰਾਮਗੜੀਆ ਸੁਸਾਇਟੀ
ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ

## ਨਵੇਂ ਸਾਲ 2025 ਦੀ ਲੱਖ ਲੱਖ ਵਧਾਈ ਹੋਵੇ ਜੀ

ਵਿਸ਼ੇਸ਼ ਪ੍ਰੋਗਰਾਮ

ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਨਵੇਂ ਸਾਲ ਦੀ ਆਮਦ ਤੇ 31 ਦਸੰਬਰ ਮੰਗਲਵਾਰ ਨੂੰ ਸ਼ਾਮ ਦੇ 5:30 ਵਜੇ ਤੋਂ ਲੈ ਕੇ ਸਾਲ ਦੇ ਆਗਮਨ ਤੱਕ 12:15 ਵਜੇ ਤੱਕ ਵਿਸ਼ੇਸ਼ ਦੀਵਾਨ ਸਜਣਗੇ।

2025 ਦੇ ਨਵੇਂ ਸਾਲ ਤੇ 1 ਜਨਵਰੀ ਦਿਨ ਬੁੱਧਵਾਰ ਨੂੰ

ਨਵੇਂ ਸਾਲ ਦੀ ਖੁਸ਼ੀ ਵਿੱਚ ਸਾਰਾ ਦਿਨ ਦੀਵਾਨ ਸਜਣਗੇ।

ਸੰਗਤਾਂ ਨੂੰ ਬੇਨਤੀ ਹੈ ਕਿ ਹੁੰਮਹੁਮਾ ਕੇ ਪਹੁੰਚੋ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰਦੁਆਰਾ ਸਾਹਿਬ ਦਾ ਫੋਨ ਨੰਬਰ : (604) 502-0602

**8365 140 St, Surrey**

Web : ramgarhiabc.ca | Email : president@ramgarhiabc.com


## ਅਮਰੀਕੀ ਲੇਖਕ ਦਰਸ਼ਨ ਸਿੰਘ ਕਿੰਗਰਾ ਦੀ ਪੁਸਤਕ 'ਪੰਜਾਬੀ ਸਭਿਆਚਾਰ-ਸ੍ਰੋਤ ਤੇ ਸਮੱਗਰੀ' ਦਾ ਲੋਕ ਅਰਪਣ




ਸਰੀ, (ਹਰਦਮ ਮਾਨ): ਵੈਨਕੂਵਰ ਵਿਚਾਰ ਮੰਚ ਵੱਲੋਂ ਅਮਰੀਕਾ ਵਸਦੇ ਸਾਹਿਤਕਾਰ ਦਰਸ਼ਨ ਸਿੰਘ ਕਿੰਗਰਾ ਦੀ ਨਵ-ਪ੍ਰਕਾਸ਼ਿਤ ਪੁਸਤਕ ਇੱਥੇ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ, ਸਰੀ ਦੇ ਵਿਹੜੇ ਵਿਚ ਰਿਲੀਜ਼ ਕੀਤੀ ਗਈ। ਪੁਸਤਕ ਨੂੰ ਲੋਕ ਅਰਪਣ ਕਰਨ ਦੀ ਰਸਮ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਅਦਾ ਕੀਤੀ।

ਇਸ ਮੌਕੇ ਬੋਲਦਿਆਂ ਸੁੱਚਾ ਸਿੰਘ ਕਲੇਰ ਨੇ ਕਿਹਾ ਕਿ ਦਰਸ਼ਲ ਸਿੰਘ ਕਿੰਗਰਾ ਦੀਆਂ ਪੰਜਾਬੀ ਸੱਭਿਆਚਾਰ ਦੇ ਵੱਖ ਵੱਖ ਪਹਿਲੂਆਂ ਉੱਪਰ ਇਸ ਤੋਂ ਪਹਿਲਾਂ 9 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਉਸੇ ਲੜੀ ਤਹਿਤ 'ਪੰਜਾਬੀ ਸਭਿਆਚਾਰ – ਸ੍ਰੋਤ ਤੇ ਸਮੱਗਰੀ' ਉਨ੍ਹਾਂ ਦੀ ਦਸਵੀਂ ਪੁਸਤਕ ਹੈ। ਉਨ੍ਹਾਂ ਕਿਹਾ ਕਿ ਇਸ ਪੁਸਤਕ ਵਿਚ ਪੇਂਡੂ ਜੀਵਨ ਵਿਚ ਵਰਤੇ ਜਾਣ ਵਾਲੇ ਸੰਦਾਂ ਅਤੇ ਸਾਧਨਾਂ ਨੂੰ ਲੋਕ ਗੀਤਾਂ, ਬੋਲੀਆਂ, ਕਾਫੀਆਂ ਅਤੇ ਗੁਰਬਾਣੀ ਦੇ ਹਵਾਲਿਆਂ ਨਾਲ਼ ਬਹੁਤ ਹੀ ਖ਼ੂਬਸੂਰਤ ਅਤੇ ਦਿਲਚਸਪ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ।

ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਦਰਸ਼ਨ ਸਿੰਘ ਕਿੰਗਰਾ ਵੱਲੋਂ ਪੰਜਾਬੀ ਦੇ ਮਾਣਮੱਤੇ ਅਤੇ ਲੋਪ ਰਹੇ ਸਭਿਆਚਾਰ ਨੂੰ ਵਿੱਲਖਣ ਅੰਦਾਜ਼ ਵਿਚ ਸਾਂਭਣ ਦਾ ਇਹ ਬਹੁਤ ਹੀ ਸ਼ਲਾਘਾਯੋਗ ਉੱਦਮ ਹੈ। ਇਸ ਪੁਸਤਕ ਵਿਚ ਲੇਖਕ ਨੇ ਪੇਂਡੂ ਜੀਵਨ ਨੂੰ ਪੰਜਾਬੀ ਲੋਕਧਾਰਾ, ਲੋਕਗੀਤਾਂ ਅਤੇ ਸਭਿਆਚਾਰ ਦੇ ਇਤਿਹਾਸਕ ਸੰਦਰਭ ਵਿਚ ਬਾਖ਼ੂਬੀ ਪੇਸ਼ ਕੀਤਾ ਹੈ। ਸ਼ਾਇਰ ਮੋਹਨ ਗਿੱਲ ਨੇ ਆਖਿਆ ਕਿ ਦਰਸ਼ਲ ਸਿੰਘ ਕਿੰਗਰਾ ਦੇ ਸਭਿਆਚਾਰ ਵੰਨਗੀਆਂ ਵਿਚ ਰੰਗੇ ਲੇਖ ਪਿਛਲੇ 9 ਸਾਲਾਂ ਤੋਂ 'ਇੰਡੋ ਕੈਨਡੀਅਨ ਟਾਈਮਜ਼' ਅਖਬਾਰ ਵਿਚ ਲਗਾਤਾਰ ਛਪ ਰਹੇ ਹਨ। ਇਹ ਲੇਖ ਸਭਿਆਚਾਰ ਪ੍ਰਤੀ ਉਨ੍ਹਾਂ ਦੀ ਲਗਨ ਅਤੇ ਖੋਜ ਨੂੰ ਦਰਸਾਉਂਦੇ ਹਨ। ਉਨ੍ਹਾਂ ਦੀ ਇਸ ਲਗਨ ਅਤੇ ਮਿਹਨਤ ਨੂੰ ਸਲਾਮ ਹੈ।

ਜ਼ਿਲੇ ਸਿੰਘ, ਅਮਰੀਕ ਸਿੰਘ ਮਾਨ, ਬਿੱਲਾ ਤੱਖੜ, ਹਰਦਮ ਸਿੰਘ ਮਾਨ ਅਤੇ ਗੁਰਮੀਤ ਸਿੰਘ ਕਾਲਕਟ ਨੇ ਦਰਸ਼ਨ ਸਿੰਘ ਕਿੰਗਰਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪੁਸਤਕ ਪੇਂਡੂ ਪੰਜਾਬੀ ਜੀਵਨ ਦੇ ਰਹਿਣ ਸਹਿਣ, ਕੰਮਾਂ ਧੰਦਿਆਂ, ਸਾਧਨਾਂ ਅਤੇ ਅਨੇਕਾਂ ਪੱਖਾਂ ਨੂੰ ਉਜਾਗਰ ਕਰਦੀ ਹੈ ਅਤੇ ਪੰਜਾਬੀ ਸਭਿਆਚਾਰ ਦਾ ਅਹਿਮ ਇਤਿਹਾਸਕ ਦਸਤਾਵੇਜ ਹੈ।

## ਪੋਰਟ ਮੂਡੀ, ਗੈਸ ਨਾਲ ਭਰੇ ਟਰੱਕ 'ਚੋਂ ਗੈਸ ਹੋਈ ਲੀਕ, ਕਈ ਇਮਾਰਤਾਂ ਕਰਵਾਈਆਂ ਖਾਲੀ

**ਗੈਸ ਲੀਕ ਹੋਣ ਕਾਰਨ ਲੋਕਾਂ 'ਚ ਸਹਿਮ ਦਾ ਮਾਹੌਲ**




**ਸਰੀ, (ਏਕਜੋਤ ਸਿੰਘ):** ਪੋਰਟ ਮੂਡੀ ਵਿੱਚ ਇੱਕ ਟਰੱਕ ਤੋਂ ਗੈਸ ਲੀਕ ਹੋਣ ਦੇ ਕਾਰਨ ਕਈ ਇਮਾਰਤਾਂ ਨੂੰ ਖਾਲੀ ਕਰਵਾਉਣ ਦਾ ਪਿਆ ਜਿਸ ਕਾਰਨ ਲੋਕਾਂ 'ਚ ਸਹਿਮ ਦਾ ਮਾਹੌਲ ਪੈਦਾ ਹੋ ਗਿਆ। ਕੁਝ ਰਹਾਇਸ਼ੀ ਲੋਕਾਂ ਨੂੰ ਆਪਣੇ ਘਰਾਂ ਵਿੱਚ ਰਹਿਣ ਦੀ ਸਲਾਹ ਦਿੱਤੀ ਗਈ ਹੈ।

ਇਹ ਘਟਨਾ ਸੇਂਟ ਜਾਨਸ ਸਟ੍ਰੀਟ ਦੇ ਨੇੜੇ ਕਲਾਰਕ ਰੋਡ 'ਤੇ ਉਸ ਵੇਲੇ ਵਾਪਰੀ ਜਦੋਂ ਇੱਕ ਸੈਮੀ-ਟਰੱਕ ਦੀ ਟੱਕਰ ਹੋਣ ਤੋਂ ਬਾਅਦ ਉਸ ਵਿੱਚੋਂ ਗੈਸ ਲੀਕ ਹੋਣ ਲੱਗੀ। ਸ਼ੁਰੂ ਵਿੱਚ ਪੁਲਿਸ ਦਾ ਸੋਚਣਾ ਸੀ ਕਿ ਟਰੱਕ ਤੋਂ ਐਮੋਨੀਆ ਲੀਕ ਹੋ ਰਿਹਾ ਹੈ, ਪਰ ਹੁਣ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਕਾਰਬਨ ਡਾਈਆਕਸਾਈਡ ਗੈਸ ਸੀ। ਮੌਕੇ 'ਤੇ ਮੌਜੂਦ ਅਧਿਕਾਰੀਆਂ ਨੇ ਸਥਾਨਕ ਲੋਕਾਂ ਨੂੰ ਸਲਾਹ ਦਿੱਤੀ ਕਿ ਜੇਕਰ ਉਹ ਪ੍ਰਭਾਵਿਤ ਇਲਾਕੇ ਵਿੱਚ ਹਨ ਤਾਂ ਉਹ ਘਰਾਂ ਵਿੱਚ ਰਹਿਣ ਅਤੇ ਦਰਵਾਜੇ ਤੇ ਖਿੜਕੀਆਂ ਬੰਦ ਰੱਖਣ। ਸੜਕ ਤੋਂ ਲੰਘ ਰਹੇ ਲੋਕਾਂ ਅਤੇ ਗੱਡੀ ਚਾਲਕਾਂ ਨੂੰ ਵੀ ਇਲਾਕੇ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ।

ਇਸ ਘਟਨਾ ਤੋਂ ਬਾਅਦ ਕਲਾਰਕ ਰੋਡ ਨੂੰ ਦੋਨੋ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਅਤੇ 6 ਵਜੇ ਤੱਕ ਮੁਰੰਮਤ ਦਾ ਕੰਮ ਜਾਰੀ ਰਿਹਾ। ਪੁਲਿਸ ਅਤੇ ਅਧਿਕਾਰੀਆਂ ਵੱਲੋਂ ਅਪੀਲ ਕੀਤੀ ਗਈ ਹੈ ਕਿ ਲੋਕ ਸਥਿਤੀ ਦੀ ਗੰਭੀਰਤਾ ਨੂੰ ਸਮਝਣ ਅਤੇ ਸੁਰੱਖਿਆ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ। This report was written by Ekjot Singh as part of the Local Journalism Initiative.


Happy New Year
fruiticana hee jaana!
LOWEST PRICES IN TOWN
We are open on Jan 01st 2025 from 9am to 8pm
BIGGEST SALE IN CANADA
UNBEATABLE EXTRA SUPER SPECIAL
Yellow Onions 50 lbs
ਪੀਲੇ ਗੰਢੇ
$10.98 bag
EXTRA SUPER SUPER SPECIAL
Raw Almonds
ਕੱਚੇ ਬਦਾਮ
$4.99 lb
Cilantro
ਧਣੀਆ
2 bunches for $1.49
88¢ SALE
Red Delicious Apples USA
ਲਾਲ ਸਵਾਦ ਸੇਬ ਯੂ.ਐਸ.
88¢ lb
BC Gala Apples
ਗਾਲਾ ਸੇਬ ਬੀਸੀ
88¢ lb
English Cucumber
ਇੰਗਲਿਸ਼ ਖੀਰੇ
88¢ ea.
Zucchini Squash
ਜ਼ੁਕੀਨੀ ਸਕੁਐਸ਼
88¢ lb
Chickpeas
ਚਿੱਟੇ ਛੋਲੇ
88¢ lb
Red Lentil Split or Whole
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ
88¢ lb
Reg. Large Eggplant
ਵੱਡੇ ਬਤਾਊਂ
88¢ ea.
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.88 bag
Indican Punjabi Biscuits 1.5 lbs
ਇੰਡੀਕਨ ਪੰਜਾਬੀ ਕੁਕੀਜ਼
$5.98 pkg.
Green Cabbage BC
ਹਰੀ ਬੰਦ ਗੋਭੀ ਬੀਸੀ
69¢ lb
EXTRA SUPER SPECIAL
Indican Tea 216's
ਇੰਡੀਕਨ ਚਾਹ
$4.98 box
SUPER SPECIAL
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$11.98 bottle
Seedless Oranges (Small)
ਛੋਟਾ ਸੰਤਰੇ ( ਬਿਨਾ ਬੀਜ ਤੋਂ )
99¢ lb
Black Chana
ਕਾਲੇ ਛੋਲੇ
98¢ lb
SUPER SPECIAL
Red Onions 25 lbs
ਲਾਲ ਗੰਢੇ
$16.98 bag
SUPER SPECIAL
Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag
Red Lentil Whole, Red Lentil Split Black Chana & Chickpeas 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ ਚਿੱਟੇ ਛੋਲੇ
( ਇੰਡੀਕੈਨ )
$3.98 bag
Yams & Sweet Potatoes
ਸ਼ਕਰਕੰਦੀ
$1.49 lb
SUPER SPECIAL
Rapini (Sarson da Saag)
ਸਰਸੋਂ ਦਾ ਸਾਗ
$2.99 bunch
SUPER SPECIAL
Daikon (Moli)
ਮੂਲੀ
99¢ lb
Fri Dec 27, 2024 - Wed Jan 01, 2025
We reserve the right to limit the quantities while they last
Specials valid for Lower Mainland only
Product images may differ from the actual product.
Disclaimer: We reserve the right to add restrictions on products with a minimum purchase
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
THE SOUTH SURREY/WHITE ROCK FRUITICANA NOW OPEN AT 1812, 152ND ST.
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. --------------- 604-575-3750
Surrey ------------ 101-1812 152St. --------------- 604-539-5736
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ---------------- 604-321-9931
Richmond-------- 4101 No.5 Rd.------------------ 604-244-9520